# PUNJAB VIDHAN SABHA

## DEBATES

*Friday, the 23rd June, 2017*

***Vol. II– No. 8***

**OFFICIAL REPORT**

CONTENTS


| | |
|---|---|
| Postponed Starred Question and Answer | (8) 1 |
| Starred Questions and Answers | (8) 2 |
| Walk out | (8) 8 |
| Starred Questions and Answers *(Resumption)* | (8) 8 |
| Walk out | (8) 10 |
| Starred Questions and Answers *(Resumption)* | (8) 11 |
| Unstarred Questions and Answers | (8) 20 |
| Matters raised during Zero Hour and statement made by the Minister | (8) 24 |



**Punjab Vidhan Sabha Secretariat, Chandigarh**

Price : Rs._________.

| | | |
|---|---|---|
| Statement made by the Minister reg. Providing free dialysis Facility | | (8) 36 |
| Privilege Motion Reg. Unruly behaviour of Sardar Sukhbir Singh Badal | | (8) 36 |
| Papers laid on the Table of the House | | (8) 41 |
| Motion Under Rule 16 | | (8) 42 |
| **Legislative Business** | | |
| 1. | The Khalsa University (Repeal) Bill, 2017 *(Replacing Ordinance)* | (8) 42 |
| 2. | The Punjab Co-operative Societies (Amendment) Bill, 2017 | (8) 56 |
| | Welcome Announcement | (8) 59 |
| **Legislative Business** ***(Resumption)*** | | |
| 3. | The Punjab Agricultural Produce Markets (Amendment) Bill, 2017 *(Replacing Ordinance)* | (8) 59 |
| 4. | The Punjab Panchayati Raj (Amendment) Bill, 2017 | (8) 62 |
| 5. | The Punjab Municipal (Amendment) Bill, 2017 | (8) 64 |
| 6. | The Punjab Municipal Corporation (Amendment) Bill, 2017 | (8) 66 |
| 7. | The Maharaja Ranjit Singh Punjab Technical University (Amendment) Bill, 2017 *(Replacing Ordinance)* | (8) 69 |
| 8. | The I.K.Gujral Punjab Technical University (Amendment) Bill, 2017 *(Replacing Ordinance)* | (8) 71 |
| 9. | The Punjab Excise (Amendment) Bill, 2017 | (8) 73 |
| 10. | The Punjab Agricultural Produce Markets (Second Amendment) Bill, 2017 | (8) 77 |
| 11. | The Punjab Infrastructure (Development and Regulation) Amendment Bill, 2017 | (8) 79 |
| 12. | The Punjab Municipal Infrastructure Development Fund (Amendment) Bill, 2017 | (8) 82 |
| | Appendix | ( i - ii ) |

## ਪੰਜਾਬ ਮੰਤਰੀ ਮੰਡਲ ਦੀ ਸੂਚੀ

| ਕ੍ਰਮ ਨੰ. | ਨਾਮ | ਮਹਿਕਮਾ/ਮਹਿਕਮੇ |
|---|---|---|
| 1. | ਕੈਪਟਨ ਅਮਰਿੰਦਰ ਸਿੰਘ, ਮੁੱਖ ਮੰਤਰੀ | ਆਮ ਪ੍ਰਸ਼ਾਸਨ, ਪਰਸੋਨਲ, ਗ੍ਰਹਿ ਮਾਮਲੇ ਅਤੇ ਨਿਆਂ, ਚੌਕਸੀ ਅਤੇ ਹੋਰ ਸਾਰੇ ਵਿਭਾਗ ਜਿਹੜੇ ਕਿਸੇ ਹੋਰ ਮੰਤਰੀ ਨੂੰ ਨਹੀਂ ਦਿੱਤੇ ਗਏ |
| 2. | ਸ਼੍ਰੀ ਬ੍ਰਹਮ ਮਹਿੰਦਰਾ | ਸਿਹਤ ਤੇ ਪਰਿਵਾਰ ਭਲਾਈ ਅਤੇ ਖੋਜ ਤੇ ਮੈਡੀਕਲ ਸਿੱਖਿਆ ਅਤੇ ਸੰਸਦੀ ਮਾਮਲੇ ਮੰਤਰੀ |
| 3. | ਸਰਦਾਰ ਨਵਜੋਤ ਸਿੰਘ ਸਿੱਧੂ | ਸਥਾਨਕ ਸਰਕਾਰ ਅਤੇ ਸੈਰ-ਸਪਾਟਾ ਤੇ ਸਭਿਆਚਾਰਕ ਮਾਮਲੇ, ਪੁਰਾਤੱਤਵ ਅਤੇ ਅਜਾਇਬ ਘਰ ਮੰਤਰੀ |
| 4. | ਸਰਦਾਰ ਮਨਪ੍ਰੀਤ ਸਿੰਘ ਬਾਦਲ | ਵਿੱਤ, ਯੋਜਨਾ ਅਤੇ ਰੁਜ਼ਗਾਰ ਉਤਪਤੀ ਮੰਤਰੀ |
| 5. | ਸਰਦਾਰ ਸਾਧੂ ਸਿੰਘ | ਜੰਗਲਾਤ, ਛਪਾਈ ਤੇ ਲਿਖਣ ਸਮੱਗਰੀ ਅਤੇ ਅਨੁਸੂਚਿਤ ਜਾਤੀਆਂ ਤੇ ਪੱਛੜੀਆਂ ਸ਼੍ਰੇਣੀਆਂ ਦੇ ਭਲਾਈ ਮੰਤਰੀ |
| 6. | ਸਰਦਾਰ ਤ੍ਰਿਪਤ ਰਜਿੰਦਰ ਸਿੰਘ ਬਾਜਵਾ | ਦਿਹਾਤੀ ਵਿਕਾਸ ਤੇ ਪੰਚਾਇਤਾਂ, ਜਲ ਸਪਲਾਈ ਤੇ ਸੈਨੀਟੇਸ਼ਨ ਮੰਤਰੀ |
| 7. | ਰਾਣਾ ਗੁਰਜੀਤ ਸਿੰਘ | ਸਿੰਜਾਈ ਅਤੇ ਬਿਜਲੀ ਮੰਤਰੀ |
| 8. | ਸਰਦਾਰ ਚਰਨਜੀਤ ਸਿੰਘ ਚੰਨੀ | ਤਕਨੀਕੀ ਸਿੱਖਿਆ ਅਤੇ ਉਦਯੋਗਿਕ ਸਿਖਲਾਈ ਮੰਤਰੀ |
| 9. | ਸ਼੍ਰੀਮਤੀ ਅਰੁਨਾ ਚੌਧਰੀ | ਉਚੇਰੀ ਸਿੱਖਿਆ ਅਤੇ ਸਕੂਲ ਸਿੱਖਿਆ ਰਾਜ ਮੰਤਰੀ |
| 10. | ਸ਼੍ਰੀਮਤੀ ਰਜ਼ੀਆ ਸੁਲਤਾਨਾ | ਲੋਕ ਨਿਰਮਾਣ (ਭਵਨ ਤੇ ਮਾਰਗ), ਸਮਾਜਿਕ ਸੁਰੱਖਿਆ ਅਤੇ ਇਸਤਰੀ ਤੇ ਬਾਲ ਵਿਕਾਸ ਰਾਜ ਮੰਤਰੀ |

## PUNJAB VIDHAN SABHA

*Friday, the 23rd June, 2017*

*The Vidhan Sabha met in the Punjab Vidhan Sabha Hall, Vidhan Bhavan, Sector 1, Chandigarh at 10.00 A.M. Mr. Speaker (Rana Kanwar Pal Singh) in the Chair.*

-----

### POSTPONED STARRED QUESTION AND ANSWER

### ਮੁਲਤਵੀ ਕੀਤਾ ਗਿਆ ਨਿਸ਼ਾਨ ਵਾਲਾ ਪ੍ਰਸ਼ਨ ਨੰ: 16

**ਮਾਨਯੋਗ ਸਪੀਕਰ :** ਮੁਲਤਵੀ ਕੀਤਾ ਗਿਆ ਨਿਸ਼ਾਨ ਵਾਲਾ ਪ੍ਰਸ਼ਨ। ਹਾਂ ਜੀ, ਸਰਦਾਰ ਅਮਰਜੀਤ ਸਿੰਘ ਸੰਦੋਆ।

(ਸਬੰਧਿਤ ਮਾਨਯੋਗ ਮੈਂਬਰ ਦੇ ਹਾਜ਼ਰ ਨਾ ਹੋਣ ਕਾਰਨ ਇਹ ਪ੍ਰਸ਼ਨ ਪੇਸ਼ ਨਹੀਂ ਹੋਇਆ।)

(ਇਸ ਸਮੇਂ ਸ਼੍ਰੋਮਣੀ ਅਕਾਲੀ ਦਲ ਅਤੇ ਭਾਰਤੀ ਜਨਤਾ ਪਾਰਟੀ ਦੇ ਸਦਨ ਵਿੱਚ ਹਾਜ਼ਰ ਸਮੂਹ ਮੈਂਬਰ ਸਾਹਿਬਾਨ ਕਾਲੇ ਕੱਪੜੇ ਪਾ ਕੇ ਹੱਥਾਂ ਵਿੱਚ ਸਲੋਗਨ ਲਹਿਰਾਉਂਦੇ ਹੋਏ ਬਗੈਰ ਇਜਾਜ਼ਤ ਬੋਲ ਰਹੇ ਸਨ ਅਤੇ ** ** ਨਾਅਰੇ ਲਗਾ ਰਹੇ ਸਨ ਜੋ ਕਿ ਚੇਅਰ ਦੀ ਆਗਿਆ ਅਨੁਸਾਰ ਰਿਕਾਰਡ ਨਹੀਂ ਕੀਤੇ ਗਏ।)

**ਸਰਦਾਰ ਹਰਵਿੰਦਰ ਸਿੰਘ ਫੂਲਕਾ:** ** **

(ਇਸ ਸਮੇਂ ਆਮ ਆਦਮੀ ਪਾਰਟੀ ਦੇ ਸਦਨ ਵਿੱਚ ਹਾਜ਼ਰ ਸਮੂਹ ਮੈਂਬਰ ਸਾਹਿਬਾਨ ਹੱਥਾਂ ਵਿੱਚ ਸਲੋਗਨ ਲਹਿਰਾਉਂਦੇ ਹੋਏ ਬਗੈਰ ਇਜਾਜ਼ਤ ਬੋਲ ਰਹੇ ਸਨ ਅਤੇ ** ** ਨਾਅਰੇ ਲਗਾ ਰਹੇ ਸਨ ਜੋ ਕਿ ਚੇਅਰ ਦੀ ਆਗਿਆ ਅਨੁਸਾਰ ਰਿਕਾਰਡ ਨਹੀਂ ਕੀਤੇ ਗਏ ।)

**ਮਾਨਯੋਗ ਸਪੀਕਰ :** ਬੈਠੋ ਪਲੀਜ਼, ਤੁਸੀਂ ਕੁਐਸਚਨ ਆਵਰ ਤੋਂ ਬਾਅਦ ਗੱਲ ਕਰ ਲੈਣਾ, ਪਲੀਜ਼। ਪਲੀਜ਼ ਬੈਠੋ।(ਵਿਘਨ) (ਸ਼ੋਰ) ਤੁਸੀਂ ਕੁਐਸਚਨ ਆਵਰ ਤੋਂ ਬਾਅਦ ਗੱਲ ਕਰ ਲੈਣਾ ਜੀ।

(ਇਸ ਸਮੇਂ ਸ਼੍ਰੋਮਣੀ ਅਕਾਲੀ ਦਲ ਅਤੇ ਭਾਰਤੀ ਜਨਤਾ ਪਾਰਟੀ ਅਤੇ ਆਮ ਆਦਮੀ ਪਾਰਟੀ ਦੇ ਸਦਨ ਵਿੱਚ ਹਾਜ਼ਰ ਸਮੂਹ ਮੈਂਬਰ ਆਪਣੀਆਂ ਸੀਟਾਂ ਤੋਂ ਥੋੜ੍ਹਾ ਅੱਗੇ ਆ ਕੇ ** ** ਨਾਅਰੇ ਲਗਾ ਰਹੇ ਸਨ ਜੋ ਕਿ ਚੇਅਰ ਦੀ ਆਗਿਆ ਅਨੁਸਾਰ ਰਿਕਾਰਡ ਨਹੀਂ ਕੀਤੇ ਗਏ ਅਤੇ ਸਦਨ ਵਿੱਚ ਕਾਫੀ ਸ਼ੋਰ ਸੀ ।)

----

** Not recorded as ordered by the Chair.

## STARRED QUESTIONS AND ANSWERS

**ਮਾਨਯੋਗ ਸਪੀਕਰ :** ਹੁਣ ਰੈਗੂਲਰ ਲਿਸਟ ਟੇਕ-ਅੱਪ ਕੀਤੀ ਜਾਵੇਗੀ। ਹਾਂ ਜੀ, ਸ਼੍ਰੀਮਤੀ ਸਤਕਾਰ ਕੌਰ ਜੀ।

### ਫਿਰੋਜ਼ਪੁਰ ਵਿੱਚ ਹੌਜ਼ਰੀ ਬੇਸਡ ਉਦਯੋਗਿਕ ਯੂਨਿਟ ਦੀ ਸਥਾਪਨਾ ਕਰਨਾ

***474. ਸ਼੍ਰੀਮਤੀ ਸਤਕਾਰ ਕੌਰ :** ਕੀ ਤਕਨੀਕੀ ਸਿੱਖਿਆ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਸਰਕਾਰ ਜ਼ਿਲ੍ਹਾ ਫਿਰੋਜ਼ਪੁਰ ਵਿੱਚ ਨੌਜਵਾਨਾਂ ਲਈ ਹੌਜ਼ਰੀ ਅਤੇ ਨਿਟਿੰਗ ਸਿਖਲਾਈ ਕੇਂਦਰ ਚਲਾ ਰਹੀ ਹੈ; ਜੇਕਰ ਅਜਿਹਾ ਹੋਵੇ ਤਾਂ ਕੀ ਸਰਕਾਰ ਇਸ ਜ਼ਿਲ੍ਹੇ ਵਿੱਚ ਇਨ੍ਹਾਂ ਸਿਖਿਆਰਥੀਆਂ ਨੂੰ ਨੌਕਰੀਆਂ ਦੇਣ ਲਈ ਹੌਜ਼ਰੀ ਬੇਸਿਡ ਉਦਯੋਗਿਕ ਯੂਨਿਟ ਦੀ ਸਥਾਪਨਾ ਕਰਨ ਬਾਰੇ ਵਿਚਾਰ ਕਰ ਰਹੀ ਹੈ; ਜੇਕਰ ਅਜਿਹਾ ਹੋਵੇ ਤਾਂ ਇਸ ਦੇ ਵੇਰਵੇ ਕੀ ਹਨ?

**ਸਰਦਾਰ ਚਰਨਜੀਤ ਸਿੰਘ ਚੰਨੀ :** ਨਹੀਂ ਜੀ। ਤਕਨੀਕੀ ਸਿੱਖਿਆ ਅਤੇ ਉਦਯੋਗਿਕ ਸਿਖਲਾਈ ਵਿਭਾਗ ਵੱਲੋਂ ਜ਼ਿਲ੍ਹਾ ਫਿਰੋਜ਼ਪੁਰ ਵਿੱਚ ਕੋਈ ਵੀ ਹੌਜ਼ਰੀ ਅਤੇ ਨਿਟਿੰਗ ਸਿਖਲਾਈ ਕੇਂਦਰ ਨਹੀਂ ਚਲਾਇਆ ਜਾ ਰਿਹਾ।

**ਸ਼੍ਰੀਮਤੀ ਸਤਕਾਰ ਕੌਰ:** ਸਪੀਕਰ ਸਾਹਿਬ, ਮੇਰੇ ਫਿਰੋਜ਼ਪੁਰ ਜ਼ਿਲ੍ਹੇ ਵਿੱਚ 3000 ਵਿਦਿਆਰਥੀ ਆਈ.ਟੀ.ਆਈਜ਼ ਵਿੱਚ ਸਿਖਲਾਈ ਪ੍ਰਾਪਤ ਕਰਕੇ ਬੇਰੁਜ਼ਗਾਰ ਤੁਰੇ ਫਿਰਦੇ ਹਨ। ਇਸ ਕਰਕੇ ਸਪੀਕਰ ਸਾਹਿਬ, ਮੈਂ ਤੁਹਾਡੇ ਜ਼ਰੀਏ ਮੰਤਰੀ ਜੀ ਨੂੰ ਦੱਸਣਾ ਚਾਹੁੰਦੀ ਹਾਂ ਕਿ ਉਥੇ ਹੌਜ਼ਰੀ ਬੇਸਿਡ ਉਦਯੋਗਿਕ ਯੂਨਿਟ ਨਾ ਹੋਣ ਕਰਕੇ ਬੱਚੇ ਵੱਡੀ ਗਿਣਤੀ ਵਿੱਚ ਬੇਰੁਜ਼ਗਾਰ ਹਨ। ਮੇਰਾ ਜੋ ਹਲਕਾ ਹੈ ਉਹ ਬਾਰਡਰ ਏਰੀਏ ਤੇ ਪੈਂਦਾ ਹੈ। ਇਸ ਲਈ ਕੀ ਮੰਤਰੀ ਜੀ ਵਿਸ਼ਵਾਸ ਦਿਵਾਉਣਗੇ ਕਿ ਬਜਟ ਵਿੱਚ ਹੌਜ਼ਰੀ ਯੂਨਿਟ ਲਗਾਉਣ ਦਾ ਕੋਈ ਪ੍ਰਬੰਧ ਹੈ? (ਵਿਘਨ) (ਸ਼ੋਰ)

**ਮਾਨਯੋਗ ਸਪੀਕਰ :**** ਨਾਅਰੇ ਰਿਕਾਰਡ ਨਾ ਕੀਤੇ ਜਾਣ।

**ਮੰਤਰੀ :** ਸਪੀਕਰ ਸਾਹਿਬ, ਮੈਂ ਆਪ ਜੀ ਦੇ ਰਾਹੀਂ ਮੈਂਬਰ ਸਾਹਿਬਾ ਨੂੰ ਵਿਸ਼ਵਾਸ ਦਿਵਾਉਣਾ ਚਾਹੁੰਦਾ ਹਾਂ ਕਿ ਅਸੀਂ ਇਨ੍ਹਾਂ ਦੀ ਮੰਗ ਨੂੰ ਸੀਰੀਅਸਲੀ ਲਵਾਂਗੇ। ਇਨ੍ਹਾਂ ਨੇ ਬਹੁਤ ਹੀ ਜਾਇਜ਼ ਮੰਗ ਕੀਤੀ ਹੈ। ਅਸੀਂ ਇਨ੍ਹਾਂ ਦੇ ਹਲਕੇ ਵਿੱਚ ਜਿਥੇ ਇਹ ਚਾਹੁਣਗੇ ਉਥੇ ਬੱਚਿਆਂ ਲਈ ਇੱਕ ਸਰਕਾਰੀ ਆਈ.ਟੀ.ਆਈ. ਦਾ ਪ੍ਰਬੰਧ ਕਰਕੇ ਜਲਦੀ ਹੀ ਉਸ ਨੂੰ ਖੋਲ੍ਹਣ ਦੀ ਤਿਆਰੀ ਸ਼ੁਰੂ ਕਰ ਦਿਆਂਗੇ ਤਾਂ ਕਿ ਇਨ੍ਹਾਂ ਦੇ ਹਲਕੇ ਵਿੱਚ ਜੋ ਬੱਚੇ ਹਨ, ਉਹ ਉਥੇ ਸਰਕਾਰੀ ਆਈ.ਟੀ.ਆਈ. ਵਿੱਚ ਪੜ੍ਹ ਕੇ ਨਿਟਿੰਗ ਅਤੇ ਹੌਜ਼ਰੀ ਦਾ ਵੀ ਕੰਮ ਸਿੱਖ ਸਕਣ। ਇਹ ਸਾਡੇ ਬਹੁਤ ਅੱਛੇ ਮੈਂਬਰ ਹਨ। ਇਹ ਦੂਸਰੀ ਵਾਰ ਇਲੈਕਸ਼ਨ ਜਿੱਤ ਕੇ ਆਏ ਹਨ। ਮੈਂਬਰ ਸਾਹਿਬਾ ਸਾਡੀ ਇੱਕ ਹੋਣਹਾਰ ਮੈਂਬਰ ਹਨ। ਅਸੀਂ ਇਨ੍ਹਾਂ ਦੇ

** Not recorded as ordered by the Chair.

ਹਲਕੇ ਵਿੱਚ ਜ਼ਰੂਰ ਇੱਕ ਨਵੀਂ ਆਈ.ਟੀ.ਆਈ ਖੋਲ੍ਹਾਂਗੇ।

**ਸ਼੍ਰੀਮਤੀ ਸਤਕਾਰ ਕੌਰ :** ਸਪੀਕਰ ਸਾਹਿਬ, ਮੈਂ ਮੰਤਰੀ ਜੀ ਦਾ ਬਹੁਤ ਬਹੁਤ ਧੰਨਵਾਦ ਕਰਦੀ ਹਾਂ, ਜਿਨ੍ਹਾਂ ਨੇ ਸਾਨੂੰ ਆਈ.ਟੀ.ਆਈ. ਖੋਲ੍ਹਣ ਦਾ ਵਾਅਦਾ ਦੇ ਕੇ ਇੱਕ ਬਹੁਤ ਵੱਡਾ ਉਪਰਾਲਾ ਕੀਤਾ ਹੈ।

-----

**ਨਿਸ਼ਾਨ ਵਾਲਾ ਪ੍ਰਸ਼ਨ ਨੰ: 135**

(ਸਬੰਧਤ ਮਾਨਯੋਗ ਮੈਂਬਰ ਆਪਣੀ ਸੀਟ ਉਤੇ ਖੜ੍ਹੇ ਹੋ ਕੇ ** ** ਨਾਅਰੇ ਲਗਾ ਰਹੇ ਸਨ ਅਤੇ ਉਨ੍ਹਾਂ ਵੱਲੋਂ ਇਹ ਪ੍ਰਸ਼ਨ ਪੇਸ਼ ਨਹੀਂ ਕੀਤਾ ਗਿਆ।)

-----

**ਨਿਸ਼ਾਨ ਵਾਲਾ ਪ੍ਰਸ਼ਨ ਨੰ: 125**

(ਸਬੰਧਤ ਮਾਨਯੋਗ ਮੈਂਬਰ ਆਪਣੀ ਸੀਟ ਉਤੇ ਖੜ੍ਹੇ ਹੋ ਕੇ ** ** ਨਾਅਰੇ ਲਗਾ ਰਹੇ ਸਨ ਅਤੇ ਉਨ੍ਹਾਂ ਵੱਲੋਂ ਇਹ ਪ੍ਰਸ਼ਨ ਪੇਸ਼ ਨਹੀਂ ਕੀਤਾ ਗਿਆ।)

----

**ਪਠਾਨਕੋਟ ਲਈ ਮਨਜ਼ੂਰ ਕੀਤੇ ਗਏ ਉਦਯੋਗਿਕ ਪ੍ਰਾਜੈਕਟ**

***515. ਸ਼੍ਰੀ ਅਮਿਤ ਵਿਜ :** ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਮੌਜੂਦਾ ਸਰਕਾਰ ਦੁਆਰਾ ਪਠਾਨਕੋਟ ਲਈ ਮਨਜ਼ੂਰ ਕੀਤੇ ਗਏ ਉਦਯੋਗਿਕ ਪ੍ਰਾਜੈਕਟਾਂ ਦੀ ਗਿਣਤੀ ਕਿੰਨੀ ਹੈ, ਕਿੰਨੇ ਪ੍ਰਾਜੈਕਟਾਂ ਲਈ ਜ਼ਮੀਨ ਅਲਾਟ ਹੋ ਗਈ ਹੈ ਅਤੇ ਇਹ ਪ੍ਰਾਜੈਕਟ ਕਦੋਂ ਤੱਕ ਆਰੰਭ ਹੋ ਜਾਣਗੇ?

**ਸੰਸਦੀ ਮਾਮਲੇ ਮੰਤਰੀ (ਸ਼੍ਰੀ ਬ੍ਰਹਮ ਮਹਿੰਦਰਾ) :** ਮੌਜੂਦਾ ਸਰਕਾਰ ਦੁਆਰਾ ਹਾਲ ਦੀ ਘੜੀ ਪਠਾਨਕੋਟ ਵਿਖੇ ਕੋਈ ਵੀ ਉਦਯੋਗਿਕ ਪ੍ਰੋਜੈਕਟ ਮਨਜ਼ੂਰ ਨਹੀਂ ਕੀਤਾ ਗਿਆ ਅਤੇ ਨਾ ਹੀ ਕਿਸੇ ਪ੍ਰਾਜੈਕਟ ਨੂੰ ਜ਼ਮੀਨ ਅਲਾਟ ਕੀਤੀ ਗਈ ਹੈ।

**ਸ਼੍ਰੀ ਅਮਿਤ ਵਿਜ :** ਸਪੀਕਰ ਸਾਹਿਬ, ਮੈਂ ਮੰਨਦਾ ਹਾਂ ਕਿ ਸਰਕਾਰ ਹੁਣੇ ਹੀ ਬਣੀ ਹੈ ਅਤੇ ਜਦੋਂ ਨਵੀਂ ਇੰਡਸਟਰੀਅਲ ਪਾਲਿਸੀ ਆਏਗੀ ਤਾਂ ਨਵੇਂ ਪ੍ਰੋਜੈਕਟ ਲਗਾਏਗੀ। ਮੈਂ ਸਰਕਾਰ ਨੂੰ ਮੁਬਾਰਕਬਾਦ ਦੇਣੀ ਚਾਹੁੰਦਾ ਹਾਂ ਕਿ ਪੰਜ-ਸੱਤ ਸਾਲ ਦੇ ਪ੍ਰੋਜੈਕਟ ਸਰਕਾਰ ਰਿਵਾਈਵ ਕਰ ਰਹੀ ਹੈ। ਮੇਰਾ ਇਹ ਕੁਐਸਚਨ ਹੈ ਕਿ ਸੀ.ਐਮ. ਸਾਹਿਬ ਨੇ ਹੁਣੇ ਇੱਕ ਪੈਪਸੀ ਪ੍ਰੋਜੈਕਟ ਨੂੰ ਕਨਫਰਮੇਸ਼ਨ ਲੈਟਰ ਦਿੱਤਾ ਹੈ ਜਿਹੜਾ ਕਿ ਜਦੋਂ ਉਹ ਐਗਰੀਕਲਚਰ ਮਨਿਸਟਰ ਸਨ ਉਦੋਂ ਲੈ ਕੇ ਆਏ ਸਨ।ਮੈਂ ਪੁੱਛਣਾ ਚਾਹੁੰਦਾ ਹਾਂ ਕਿ ਇਹ ਪੈਪਸੀ ਪ੍ਰੋਜੈਕਟ ਕਦੋਂ ਚਾਲੂ ਹੋਏਗਾ? (ਵਿਘਨ) (ਸ਼ੋਰ)

---

** Not recorded as ordered by the Chair.

(ਇਸ ਸਮੇਂ ਸ਼੍ਰੋਮਣੀ ਅਕਾਲੀ ਦਲ, ਭਾਰਤੀ ਜਨਤਾ ਪਾਰਟੀ ਅਤੇ ਆਮ ਆਦਮੀ ਪਾਰਟੀ ਦੇ ਹਾਜ਼ਰ ਸਮੂਹ ਮੈਂਬਰ ਸਾਹਿਬਾਨ ਆਪਣੇ ਹੱਥਾਂ ਵਿੱਚ ਸਲੋਗਨ ਲਿਖੇ ਕਾਗਜ਼ ਫੜ੍ਹ ਕੇ ਆਪਣੀਆਂ ਆਪਣੀਆਂ ਸੀਟਾਂ ਤੇ ਖੜ੍ਹੇ ** ** ਨਾਅਰੇ ਲਗਾ ਰਹੇ ਸਨ ਜੋ ਕਿ ਚੇਅਰ ਦੀ ਆਗਿਆ ਅਨੁਸਾਰ ਰਿਕਾਰਡ ਨਹੀਂ ਕੀਤੇ ਗਏ। ਸਦਨ ਵਿੱਚ ਕਾਫੀ ਸ਼ੋਰ ਸੀ ਅਤੇ ਸਾਫ ਸੁਣਾਈ ਨਹੀਂ ਦੇ ਰਿਹਾ ਸੀ।)

**ਸ਼੍ਰੀ ਅਮਿਤ ਵਿਜ :** ਦੂਸਰਾ, ਸਾਡਾ ਟੂਰਿਜ਼ਮ ਪ੍ਰਾਜੈਕਟ ਹੈ, ਸੀ.ਐਮ. ਸਾਹਿਬ ਦੀ ਟੀਮ ਮੁੰਬਈ ਗਈ ਸੀ ਔਰ ਉੱਥੇ ਇੰਡਸਟਰੀਲਿਸਟਸ ਨੂੰ ਮਿਲ ਕੇ ਇਨ-ਪ੍ਰਿੰਸੀਪਲ ਅਪਰੂਵਲ ਦੇ ਕੇ ਆਈ ਸੀ। ਸਪੀਕਰ ਸਾਹਿਬ, ਮੈਂ ਪੁੱਛਣਾ ਚਾਹੁੰਦਾ ਹਾਂ ਕਿ ਟੂਰਿਜ਼ਮ ਪ੍ਰਾਜੈਕਟ ਦਾ ਟੈਂਡਰ ਕਦੋਂ ਨਿਕਲੇਗਾ? (ਵਿਘਨ) (ਸ਼ੋਰ)

ਤੀਸਰਾ, ਜਿਹੜੀ ਇੰਡਸਟਰੀਅਲ ਪਾਲਿਸੀ ਆ ਰਹੀ ਹੈ, ਉਸ ਵਿੱਚ ਜਿਹੜੇ ਸਾਡੇ ਉਥੇ ਯੂਨਿਟ ਲਗਾਉਣਾ ਚਾਹੁੰਦੇ ਹਨ, ਉਨ੍ਹਾਂ ਦੀ ਇੱਕੋ ਮੰਗ ਹੈ ਕਿ ਜਿਹੜੀ ਸਾਡੇ ਤੇ ਪੈਨੇਲਿਟੀ ਲਗਾਈ ਗਈ ਹੈ, ਉਹ ਵੇਵ-ਆਫ ਕੀਤੀ ਜਾਵੇ। ਜੇਕਰ ਅਸੀਂ ਪ੍ਰਾਜੈਕਟ ਲਗਾਈਏ ਤਾਂ ਸਾਡੀ ਪੈਨੇਲਿਟੀ ਵੇਵ-ਆਫ ਕੀਤੀ ਜਾਵੇ। ਕੀ ਸਰਕਾਰ ਇਹ ਕਰੇਗੀ? (ਵਿਘਨ) (ਸ਼ੋਰ)

**ਮੰਤਰੀ :** ਸਪੀਕਰ ਸਾਹਿਬ, ਮੈਂ ਦੱਸਣਾ ਚਾਹੁੰਦਾ ਹਾਂ ਕਿ ਸਾਡੀ ਗੌਰਮਿੰਟ ਨੂੰ ਆਏ ਨੂੰ ਹਾਲੇ ਤਿੰਨ ਮਹੀਨੇ ਹੋਏ ਹਨ। ਜੁਲਾਈ ਵਿੱਚ ਸਾਡੀ ਨਵੀਂ ਇੰਡਸਟਰੀਅਲ ਪਾਲਿਸੀ ਆ ਰਹੀ ਹੈ। ਜੋ ਮੈਂਬਰ ਸਾਹਿਬ ਨੇ ਗੱਲਾਂ ਕਹੀਆਂ ਹਨ, ਨਵੀਂ ਇੰਡਸਟਰੀਅਲ ਪਾਲਿਸੀ ਮੁਤਾਬਕ ਪਠਾਨਕੋਟ ਵਿੱਚ ਸਭ ਕੁਝ ਕੀਤਾ ਜਾਵੇਗਾ।

(ਇਸ ਸਮੇਂ ਸ਼੍ਰੋਮਣੀ ਅਕਾਲੀ ਦਲ, ਭਾਰਤੀ ਜਨਤਾ ਪਾਰਟੀ ਅਤੇ ਆਮ ਆਦਮੀ ਪਾਰਟੀ ਦੇ ਹਾਜ਼ਰ ਸਮੂਹ ਮੈਂਬਰ ਸਾਹਿਬਾਨ ਆਪਣੇ ਆਪਣੇ ਹੱਥਾਂ ਵਿੱਚ ਸਲੋਗਨ ਲਿਖੇ ਕਾਗਜ਼ ਫੜ੍ਹ ਕੇ ਆਪਣੀਆਂ ਸੀਟਾਂ ਤੇ ਖੜ੍ਹੇ ਹੋ ਕੇ ** ** ** ** ਨਾਅਰੇ ਲਗਾ ਰਹੇ ਸਨ ਜੋ ਕਿ ਚੇਅਰ ਦੀ ਆਗਿਆ ਅਨੁਸਾਰ ਰਿਕਾਰਡ ਨਹੀਂ ਕੀਤੇ ਗਏ। ਸਦਨ ਵਿੱਚ ਕਾਫੀ ਸ਼ੋਰ ਸੀ ਅਤੇ ਸਾਫ ਸੁਣਾਈ ਨਹੀਂ ਦੇ ਰਿਹਾ ਸੀ।)

**ਮਾਨਯੋਗ ਸਪੀਕਰ :** ਤੁਸੀਂ ਕੁਐਸਚਨ ਆਵਰ ਤੋਂ ਬਾਅਦ ਵਿੱਚ ਗੱਲ ਕਰ ਲੈਣਾ। ਹੁਣ ਪਲੀਜ਼ ਬੈਠੋ। (ਵਿਘਨ) (ਸ਼ੋਰ)

-----

## ਨਿਸ਼ਾਨ ਵਾਲਾ ਪ੍ਰਸ਼ਨ ਨੰ: 174

(ਸਬੰਧਤ ਮਾਨਯੋਗ ਮੈਂਬਰ ਆਪਣੀ ਸੀਟ ਉਤੇ ਖੜ੍ਹੇ ਹੋ ਕੇ ** ** ਨਾਅਰੇ ਲਗਾ ਰਹੇ ਸਨ ਅਤੇ ਉਨ੍ਹਾਂ ਵੱਲੋਂ ਇਹ ਪ੍ਰਸ਼ਨ ਪੇਸ਼ ਨਹੀਂ ਕੀਤਾ ਗਿਆ।)

-----

** Not recorded as ordered by the Chair.

### ਨਿਸ਼ਾਨ ਵਾਲਾ ਪ੍ਰਸ਼ਨ ਨੰਬਰ 501***

**ਮਾਨਯੋਗ ਸਪੀਕਰ :** ਇਸ ਸਵਾਲ ਦੀ ਐਕਸਟੈਂਸ਼ਨ ਮੰਗੀ ਗਈ ਹੈ, ਜੋ ਕਿ ਮੈਂ ਅਲਾਉ ਕਰ ਦਿੱਤੀ ਹੈ।

------

### ਨਿਸ਼ਾਨ ਵਾਲਾ ਪ੍ਰਸ਼ਨ ਨੰ: 511

(ਸਬੰਧਤ ਮਾਨਯੋਗ ਮੈਂਬਰ ਆਪਣੀ ਸੀਟ ਉਤੇ ਖੜ੍ਹੇ ਹੋ ਕੇ ** ** ਨਾਅਰੇ ਲਗਾ ਰਹੇ ਸਨ ਅਤੇ ਉਨ੍ਹਾਂ ਵੱਲੋਂ ਇਹ ਪ੍ਰਸ਼ਨ ਪੇਸ਼ ਨਹੀਂ ਕੀਤਾ ਗਿਆ।)

----

### ਨਿਸ਼ਾਨ ਵਾਲਾ ਪ੍ਰਸ਼ਨ ਨੰ: 64

(ਸਬੰਧਤ ਮਾਨਯੋਗ ਮੈਂਬਰ ਆਪਣੀ ਸੀਟ ਉਤੇ ਖੜ੍ਹੇ ਹੋ ਕੇ ** ** ਨਾਅਰੇ ਲਗਾ ਰਹੇ ਸਨ ਅਤੇ ਉਨ੍ਹਾਂ ਵੱਲੋਂ ਇਹ ਪ੍ਰਸ਼ਨ ਪੇਸ਼ ਨਹੀਂ ਕੀਤਾ ਗਿਆ। )

-----

### ਨਿਸ਼ਾਨ ਵਾਲਾ ਪ੍ਰਸ਼ਨ ਨੰ: 496

(ਸਬੰਧਤ ਮਾਨਯੋਗ ਮੈਂਬਰ ਆਪਣੀ ਸੀਟ ਉਤੇ ਖੜ੍ਹੇ ਹੋ ਕੇ ** ** ਨਾਅਰੇ ਲਗਾ ਰਹੇ ਸਨ ਅਤੇ ਉਨ੍ਹਾਂ ਵੱਲੋਂ ਇਹ ਪ੍ਰਸ਼ਨ ਪੇਸ਼ ਨਹੀਂ ਕੀਤਾ ਗਿਆ।)

-----

### ਨਿਸ਼ਾਨ ਵਾਲਾ ਪ੍ਰਸ਼ਨ ਨੰ: 389

(ਸਬੰਧਤ ਮਾਨਯੋਗ ਮੈਂਬਰ ਆਪਣੀ ਸੀਟ ਉਤੇ ਖੜ੍ਹੇ ਹੋ ਕੇ ** ** ਨਾਅਰੇ ਲਗਾ ਰਹੇ ਸਨ ਅਤੇ ਉਨ੍ਹਾਂ ਵੱਲੋਂ ਇਹ ਪ੍ਰਸ਼ਨ ਪੇਸ਼ ਨਹੀਂ ਕੀਤਾ ਗਿਆ।)

-----

### ਨਿਸ਼ਾਨ ਵਾਲਾ ਪ੍ਰਸ਼ਨ ਨੰ: 452

(ਸਬੰਧਤ ਮਾਨਯੋਗ ਮੈਂਬਰ ਆਪਣੀ ਸੀਟ ਉਤੇ ਖੜ੍ਹੇ ਹੋ ਕੇ ** ** ਨਾਅਰੇ ਲਗਾ ਰਹੇ ਸਨ ਅਤੇ ਉਨ੍ਹਾਂ ਵੱਲੋਂ ਇਹ ਪ੍ਰਸ਼ਨ ਪੇਸ਼ ਨਹੀਂ ਕੀਤਾ ਗਿਆ।)

-----

### ਰਾਜ ਵਿੱਚ ਡਿਸਪੈਂਸਰੀਆਂ/ਹਸਪਤਾਲਾਂ ਨੂੰ ਅੱਪਗ੍ਰੇਡ ਕਰਨਾ

***454. ਸਰਦਾਰ ਰਣਦੀਪ ਸਿੰਘ :** ਕੀ ਸਿਹਤ ਅਤੇ ਪਰਿਵਾਰ ਭਲਾਈ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ–

(ੳ) ਕੀ ਸਰਕਾਰ ਦੀ ਰਾਜ ਵਿਚਲੇ ਹਸਪਤਾਲਾਂ ਅਤੇ ਡਿਸਪੈਂਸਰੀਆਂ ਨੂੰ ਅੱਪਗ੍ਰੇਡ ਕਰਨ ਦੀ ਕੋਈ ਨੀਤੀ ਹੈ ਅਤੇ ਚਾਲੂ ਵਿੱਤੀ ਸਾਲ ਵਿੱਚ ਜ਼ਿਲ੍ਹਾਵਾਰ ਕਿਹੜੀਆਂ ਕਿਹੜੀਆਂ ਡਿਸਪੈਂਸਰੀਆਂ ਅਤੇ ਹਸਪਤਾਲਾਂ ਨੂੰ ਅੱਪਗ੍ਰੇਡ ਕੀਤੇ ਜਾਣ ਦੀ ਸੰਭਾਵਨਾ ਹੈ?

** Not recorded as ordered by the Chair.

*** Reply to this starred Question No. 501 has not been received till 17-4-2018 i.e. the date on which this Debates was send to the press for final printing.

[ ਸਰਦਾਰ ਰਣਦੀਪ ਸਿੰਘ ]

(ਅ) ਰਾਜ ਵਿੱਚ ਆਮ ਲੋਕਾਂ ਨੂੰ ਵਧੀਆ ਅਤੇ ਕਿਫਾਇਤੀ ਸਿਹਤ ਸੁਵਿਧਾਵਾਂ ਦੇਣ ਲਈ ਨੇੜਲੇ ਭਵਿੱਖ ਵਿੱਚ ਸਰਕਾਰ ਦੇ ਪ੍ਰਸਤਾਵਿਤ ਕਦਮ ਕੀ ਹਨ?

**Shri Brahm Mohindra :** (A) No, there is no policy of the Government to upgrade Hospitals and Dispensaries but there are certain norms to upgrade which is enclosed at Annexure "A". During the financial year 2017-18, there is a possibility to upgrade the hospitals/dispensaries mentioned below : -

1. There is a proposal to upgrade Community Health Centre Dera Baba Nanak to Sub Divisional Hospital District Gurdaspur.
2. There is a proposal to upgrade Primary Health Centre Attari, District Amritsar to Community Health Centre.

B) In order to provide better and affordable health facilities to the public in the State by the Government in the near future, the proposed steps that will be undertaken include that in every District there is at least a 100- bedded hospital and at the Sub Divisional level, at least a 50- bedded hospital is provided and at the block level, 30-bedded hospitals are made available. At present, in Punjab State there are 22 District Hospitals, 41 Sub Divisional Hospitals and 149 Community Health Centres are present (under PHSC).

Recently, under National Urban Health Mission Scheme, 3 Community Health Centres have been constructed and in the near future, 10 more Community Health Centres are planned to be constructed.

A new re-structured Community Health Insurance Scheme is being introduced. In this Scheme along with primary and secondary care coverage there will be accidental and disability cover. The State has already planned to transform approximately 3000 Sub Centres in Rural and Urban areas as 'Health and Wellness Centres. These Centres will ensure the preventive as well as limited curative

services. The programme will be implemented in a phased manner and in this year itself 200 centers will be made operational.

The Government will give priority to fill the vacant clinical posts in Health Department such as Specialist doctors, General duty doctors and other Paramedical staff.

A sustainable & firm plan is being worked out to provide free annual preventive health care checkups for early diagnosis and treatment of lifestyle diseases.

**Annexure-"A"**

| **Norms of Health institutions** | |
|---|---|
| **Sub Centre** | |
| **Population** | **Land** |
| 5000 | |
| **Primary Health Centre** | |
| **Population** | **Land** |
| 30000 | 2 - 3 Acre |
| **Community Health Centre** | |
| **Population** | **Land** |
| 80 to 1 lakh 20 thousand | 2- 3 Acre |
| **Sub Divisional Hospital** | |
| **Population** | **Land** |
| (Where Tehsil, Judicial Court, Thana available) | 4- 5 Acre for 50 Bedded<br>6-8 Acre for 100 Bedded |
| **District Hospital** | |
| **Population** | **Land** |
| In every District | 6- 8Acre for 100 Bedded<br>8-10 Acre for 200 Bedded |

(ਇਸ ਸਮੇਂ ਸ਼੍ਰੋਮਣੀ ਅਕਾਲੀ ਦਲ ਅਤੇ ਭਾਰਤੀ ਜਨਤਾ ਪਾਰਟੀ ਦੇ ਹਾਜ਼ਰ ਸਮੂਹ ਮੈਂਬਰ ਸਾਹਿਬਾਨ ਆਪਣੇ ਆਪਣੇ ਹੱਥਾਂ ਵਿੱਚ ਸਲੋਗਨ ਲਿਖੇ ਕਾਗਜ਼ ਫੜ੍ਹ ਕੇ ** ** ** ** ** ਨਾਅਰੇ ਲਗਾਉਂਦੇ ਹੋਏ ਵੈੱਲ ਆਫ ਦਿ ਹਾਊਸ ਵਿੱਚ ਆ ਗਏ। ਸਦਨ ਵਿੱਚ ਕਾਫੀ ਸ਼ੋਰ ਸੀ ਅਤੇ ਸਾਫ ਸੁਣਾਈ ਨਹੀਂ ਦੇ ਰਿਹਾ ਸੀ।)

**ਮਾਨਯੋਗ ਸਪੀਕਰ :** ** ਨਾਅਰੇ ਰਿਕਾਰਡ ਨਾ ਕੀਤੇ ਜਾਣ। (ਵਿਘਨ) (ਸ਼ੋਰ) ਜੋ ਕੁਝ ਵੀ ਮੇਰੀ ਆਗਿਆ ਤੋਂ ਬਿਨਾ ਬੋਲਿਆ ਜਾ ਰਿਹਾ ਹੈ, ਉਹ ਰਿਕਾਰਡ ਨਾ ਕੀਤਾ ਜਾਵੇ। (ਵਿਘਨ) (ਸ਼ੋਰ) ਜੋ ਕੁਝ ਵੀ ਚੇਅਰ ਦੀ ਆਗਿਆ ਤੋਂ ਬਿਨਾਂ ਬੋਲਿਆ ਜਾ ਰਿਹਾ ਹੈ, ਉਹ ਰਿਕਾਰਡ ਨਾ ਕੀਤਾ ਜਾਵੇ। (ਵਿਘਨ)(ਸ਼ੋਰ)

**ਸਰਦਾਰ ਰਣਦੀਪ ਸਿੰਘ :** ਸਪੀਕਰ ਸਾਹਿਬ, ਅੱਜ ਤੁਹਾਨੂੰ ਨਹੀਂ ਮਹਿਸੂਸ ਹੋ ਰਿਹਾ ਕਿ ਅੱਜ ਇੱਥੇ ਚਿੜੀਆ ਘਰ ਵਾਲਾ ਮਾਹੌਲ ਬਣਿਆ ਹੋਇਆ ਹੈ। ਕਾਲੇ ਪੰਛੀ ਆਏ ਹੋਏ ਹਨ। ਅੱਜ ਬਾਦਲ ਸਾਹਿਬ ਦੀ ਅੰਦਰਲੀ ਮਮਤਾ ਰੌਂਦੀ ਹੋਣੀ ਹੈ ਕਿਉਂਕਿ ਇਹ ਇਤਿਹਾਸ ਵਿੱਚ ਪਹਿਲੀ ਵਾਰੀ ਹੋਇਆ ਹੋਣਾ ਹੈ ਕਿ ਇਹ ਲੀਡਰ ਆਫ ਦਿ ਆਪੋਜ਼ੀਸ਼ਨ ਵੀ ਨਹੀਂ ਬਣ ਸਕੇ। ਸਪੀਕਰ ਸਾਹਿਬ, ਮੇਰੀ ਗੁਜ਼ਾਰਿਸ਼ ਹੈ ਕਿਉਂਕਿ ਮਾਨਯੋਗ ਮੁੱਖ ਮੰਤਰੀ ਸਾਹਿਬ ਨੇ ਆਪਣੇ ਰਾਜਪਾਲ ਦੇ ਭਾਸ਼ਣ ਵਿੱਚ ਜ਼ਿਕਰ ਕੀਤਾ ਸੀ ਕਿ ਹੈਲਥ ਸੈਕਟਰ ਨੂੰ ਤਵੱਜੋ ਦਿੱਤੀ ਜਾਵੇਗੀ ਔਰ ਮਾਨਯੋਗ ਬੜੇ ਨੇਕ ਮੰਤਰੀ ਸਾਹਿਬ ਹਨ, ਇਨ੍ਹਾਂ ਨੇ ਮੇਰੇ ਬਜ਼ੁਰਗਾਂ ਨਾਲ ਵੀ ਕੰਮ ਕੀਤਾ ਹੈ।

----

## WALK OUT

(ਇਸ ਸਮੇਂ ਸ਼੍ਰੋਮਣੀ ਅਕਾਲੀ ਦਲ ਅਤੇ ਭਾਰਤੀ ਜਨਤਾ ਪਾਰਟੀ ਦੇ ਸਦਨ ਵਿੱਚ ਹਾਜ਼ਰ ਮੈਂਬਰ ਸਾਹਿਬਾਨ ਮਿਤੀ 22.06.17 ਨੂੰ ਆਮ ਆਦਮੀ ਪਾਰਟੀ ਦੇ ਮੈਂਬਰਾਂ ਨੂੰ ਸਦਨ ਵਿੱਚੋਂ ਬਾਹਰ ਕੱਢਣ ਦੇ ਰੋਸ ਵਜੋਂ ਸਰਕਾਰ ਅਤੇ ਚੇਅਰ ਵਿਰੋਧੀ ** ** ** ਨਾਅਰੇ ਮਾਰਦੇ ਹੋਏ, ਫਲੋਰ ਕਰਾਸ ਕਰਦੇ ਹੋਏ ਸਦਨ ਵਿੱਚੋਂ ਵਾਕ-ਆਊਟ ਕਰ ਗਏ।)

------

## STARRED QUESTIONS AND ANSWERS *(Resumption)*

**ਸਰਦਾਰ ਰਣਦੀਪ ਸਿੰਘ :** ਮੈਂ ਇਨ੍ਹਾਂ ਤੋਂ ਉਮੀਦ ਰੱਖਦਾ ਹਾਂ ਕਿਉਂਕਿ ਮੰਡੀ ਗੋਬਿੰਦਗੜ੍ਹ ਏਸ਼ੀਆ ਦੀ ਸਭ ਤੋਂ ਪੁਰਾਣੀ ਸਟੀਲ ਹੱਬ ਹੈ। ਮੇਰੀ ਮੰਤਰੀ ਜੀ ਨੂੰ ਬੇਨਤੀ ਹੈ ਕਿ ਇਨ੍ਹਾਂ ਹਸਪਤਾਲਾਂ ਅਤੇ ਡਿਸਪੈਂਸਰੀਆਂ ਨੂੰ ਅਪਗ੍ਰੇਡ ਕਰਨ ਲਈ ਫੰਡਿੰਗ ਕੀਤੀ ਜਾਵੇ। ਉੱਥੇ ਲੋਕਾਂ ਨੂੰ ਬਹੁਤ ਤਕਲੀਫਾਂ ਭੋਗਣੀਆਂ ਪੈ ਰਹੀਆਂ ਹਨ ਕਿਉਂਕਿ ਜਦੋਂ ਉਥੇ ਸਕਰੈਪ

** Not recorded as ordered by the Chair.

ਆਉਂਦਾ ਹੈ ਤਾਂ ਉਸ ਵਿਚੋਂ ਉਥੇ ਬੰਬ ਫੱਟਦੇ ਹਨ ਜਿਸ ਨਾਲ ਲੋਕਾਂ ਨੂੰ ਬਹੁਤ ਇੰਜਰੀਜ਼ ਹੋ ਜਾਂਦੀਆਂ ਹਨ। ਇਸ ਲਈ, ਸਪੀਕਰ ਸਾਹਿਬ, ਮੇਰੀ ਤੁਹਾਡੇ ਰਾਹੀਂ ਮੰਤਰੀ ਜੀ ਨੂੰ ਬੇਨਤੀ ਹੈ ਕਿ ਮੰਤਰੀ ਜੀ ਘੱਟੋ-ਘੱਟ ਆਸ਼ਵਾਸਨ ਦੇ ਦੇਣ। ਮੰਡੀ ਗੋਬਿੰਦਗੜ੍ਹ ਦਾ ਹਸਪਤਾਲ ਖਰੀਦ ਕੇ ਬਣਾਇਆ ਗਿਆ ਸੀ, ਇਸ ਨੂੰ ਅਪਗ੍ਰੇਡ ਕਰਨ ਦਾ ਮੰਤਰੀ ਜੀ ਕੋਈ ਉਪਰਾਲਾ ਕਰ ਦੇਣ ਤਾਂ ਕਿ ਲੋਕਾਂ ਦੀ ਜ਼ਿੰਦਗੀ ਨੂੰ ਸੁਰੱਖਿਅਤ ਰੱਖ ਸਕੀਏ। (ਵਿਘਨ, ਸ਼ੋਰ)

**ਸਿਹਤ ਤੇ ਪਰਿਵਾਰ ਭਲਾਈ ਮੰਤਰੀ :** ਸਤਿਕਾਰਯੋਗ ਸਪੀਕਰ ਸਾਹਿਬ, ਮੈਂ ਤੁਹਾਡੇ ਮਾਧਿਅਮ ਰਾਹੀਂ ਪਿਆਰੇ ਅਜ਼ੀਜ਼ ਮੈਂਬਰ ਸਾਹਿਬ ਨੂੰ ਐਸ਼ਿਉਰ ਕਰਦਾ ਹਾਂ ਕਿ ਇਨ੍ਹਾਂ ਦੀ ਮੰਗ ਇਸੇ ਸਾਲ ਫਾਈਨਾਂਸ਼ੀਅਲ ਈਅਰ ਵਿੱਚ ਪੂਰੀ ਕਰ ਦਿਆਂਗੇ। (ਵਿਘਨ) (ਸ਼ੋਰ)

-----

**ਨਿਸ਼ਾਨ ਵਾਲਾ ਪ੍ਰਸ਼ਨ ਨੰ: 503*****

**ਮਾਨਯੋਗ ਸਪੀਕਰ :** ਇਸ ਪ੍ਰਸ਼ਨ ਦੀ ਐਕਸਟੈਂਸ਼ਨ ਮੰਗੀ ਗਈ ਹੈ ਜੋ ਕਿ ਮੈਂ ਅਲਾਉ ਕਰ ਦਿੱਤੀ ਹੈ।

-----

**ਪਿੰਡਾਂ ਦੀਆਂ ਗਲੀਆਂ ਨਾਲੀਆਂ ਨੂੰ ਪੱਕਾ ਕਰਨਾ**

*252. **ਸਰਦਾਰ ਲਖਵੀਰ ਸਿੰਘ ਲੱਖਾ:** ਕੀ ਪੇਂਡੂ ਵਿਕਾਸ ਅਤੇ ਪੰਚਾਇਤਾਂ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਸਰਕਾਰ ਪਿੰਡਾਂ ਦੀਆਂ ਗਲੀਆਂ-ਨਾਲੀਆਂ ਨੂੰ ਪੱਕਾ ਕਰਨ ਵਾਸਤੇ ਗਰਾਂਟ ਦੇਣ ਦਾ ਵਿਚਾਰ ਰੱਖਦੀ ਹੈ?

**ਸਰਦਾਰ ਤ੍ਰਿਪਤ ਰਜਿੰਦਰ ਸਿੰਘ ਬਾਜਵਾ:** ਸ਼੍ਰੀਮਾਨ ਜੀ, ਹਾਂ ਜੀ। ਸਰਕਾਰ ਦੁਆਰਾ ਚਲਾਈਆਂ ਜਾ ਰਹੀਆਂ ਸਕੀਮਾਂ ਵਿੱਚ ਪਿੰਡਾਂ ਦੀਆਂ ਗਲੀਆਂ ਨਾਲੀਆਂ ਨੂੰ ਪੱਕਾ ਕਰਨ ਲਈ ਗਰਾਂਟਾਂ ਜਾਰੀ ਕੀਤੀਆਂ ਜਾਂਦੀਆਂ ਹਨ।

**ਸਰਦਾਰ ਲਖਵੀਰ ਸਿੰਘ ਲੱਖਾ :** ਸਪੀਕਰ ਸਾਹਿਬ, ਮੈਂ ਤੁਹਾਡੇ ਜ਼ਰੀਏ ਮੰਤਰੀ ਜੀ ਨੂੰ ਕਹਿਣਾ ਚਾਹੁੰਦਾ ਹਾਂ ਕਿ 25-25, 30-30 ਸਾਲਾਂ ਤੋਂ ਗਲੀਆਂ-ਨਾਲੀਆਂ ਨਹੀਂ ਬਣੀਆਂ ਹਨ। ਇਸ ਲਈ ਮੈਂ ਮੰਤਰੀ ਜੀ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਕੀ ਸਰਕਾਰ ਗਲੀਆਂ-ਨਾਲੀਆਂ ਬਣਾਉਣ ਦੀ ਕੋਈ ਤਜਵੀਜ਼ ਰੱਖਦੀ ਹੈ?

(ਇਸ ਸਮੇਂ ਆਮ ਆਦਮੀ ਪਾਰਟੀ ਦੇ ਸਦਨ ਵਿੱਚ ਹਾਜ਼ਰ ਮੈਂਬਰ ਸਾਹਿਬਾਨ ਵੈੱਲ ਆਫ

---

** Not recorded as ordered by the Chair.

***Reply to this starred Question No. 503 has not been received till 17-4-2018 i.e. the date on which this Debates was sent to the press for final printing.

ਦਿ ਹਾਊਸ ਵਿੱਚ ਖੜ੍ਹੇ ਹੋ ਕੇ ਉਨ੍ਹਾਂ ਦੀ ਪਾਰਟੀ ਦੇ ਮੈਂਬਰਾਂ ਨੂੰ ਮਿਤੀ 22.6.2017 ਨੂੰ ਸਦਨ ਵਿਚੋਂ ਬਾਹਰ ਕੱਢਣ ਦੇ ਰੋਸ ਵਜੋਂ ਸਰਕਾਰ ਅਤੇ ਚੇਅਰ ਵਿਰੋਧੀ ** ** ** ** ਨਾਅਰੇ ਲਗਾ ਰਹੇ ਸਨ ਜੋ ਕਿ ਚੇਅਰ ਦੀ ਆਗਿਆ ਅਨੁਸਾਰ ਰਿਕਾਰਡ ਨਹੀਂ ਕੀਤੇ ਗਏ ਅਤੇ ਸਦਨ ਵਿੱਚ ਬਹੁਤ ਸ਼ੋਰ ਸੀ।)

**ਮਾਨਯੋਗ ਸਪੀਕਰ :** ਜੋ ਕੁਝ ਵੀ ਬਿਨਾ ** ** ਇਜਾਜ਼ਤ ਤੋਂ ਕਿਹਾ ਜਾ ਰਿਹਾ ਹੈ, ਉਹ ਰਿਕਾਰਡ ਨਾ ਕੀਤਾ ਜਾਵੇ।

**ਮੰਤਰੀ :** ਸਪੀਕਰ ਸਾਹਿਬ, ਜੇਕਰ ਇਹ ਕੋਈ ਸਪੈਸੇਫਿਕ ਦੱਸਣਗੇ ਤਾਂ ਵਿਚਾਰ ਕਰ ਲਿਆ ਜਾਵੇਗਾ ਜੀ।

**ਮਾਨਯੋਗ ਸਪੀਕਰ:** ਧੰਨਵਾਦ ਜੀ। ** ਨਾਅਰੇ ਰਿਕਾਰਡ ਨਾ ਕੀਤੇ ਜਾਣ।

----

## ਨਹਿਰੀ ਪਾਣੀ ਦੇ ਮੋਘੇ ਲਾਉਣਾ

*504. **ਸ਼੍ਰੀ ਦਲਵੀਰ ਸਿੰਘ ਗੋਲਡੀ:** ਕੀ ਸਿੰਜਾਈ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਹਲਕਾ ਧੂਰੀ ਜ਼ਿਲ੍ਹਾ ਸੰਗਰੂਰ ਵਿੱਚ ਧਰਤੀ ਹੇਠਲੇ ਪਾਣੀ ਦਾ ਲੈਵਲ ਬਹੁਤ ਥੱਲੇ ਜਾਣ ਕਾਰਨ ਪੰਜਾਬ ਟਿਊਬਵੈੱਲ ਕਾਰਪੋਰੇਸ਼ਨ ਦੇ ਕਾਫੀ ਹੱਦ ਤੱਕ ਟਿਊਬਵੈੱਲ ਬੰਦ ਹੋ ਚੁੱਕੇ ਹਨ; ਜੇਕਰ ਅਜਿਹਾ ਹੋਵੇ ਤਾਂ ਕੀ ਇਨ੍ਹਾਂ ਬੰਦ ਹੋ ਚੁੱਕੇ ਟਿਊਬਵੈੱਲਾਂ ਦੀ ਜਗ੍ਹਾ ਨਹਿਰੀ ਪਾਣੀ ਦੇ ਨਵੇਂ ਮੋਘੇ ਲਾਉਣ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ?

**ਰਾਣਾ ਗੁਰਜੀਤ ਸਿੰਘ:** ਹਾਂ ਜੀ, ਇਹ ਸੱਚ ਹੈ ਕਿ ਇਸ ਏਰੀਏ ਦੇ ਧਰਤੀ ਹੇਠਲੇ ਪਾਣੀ ਦਾ ਪੱਧਰ ਬਹੁਤ ਨੀਵਾਂ ਹੋ ਗਿਆ ਹੈ ਜਿਸ ਕਾਰਨ ਬਹੁਤ ਸਾਰੇ ਟਿਊਬਵੈੱਲ ਬੰਦ ਹੋ ਗਏ ਹਨ।

ਇਨ੍ਹਾਂ ਦੀ ਜਗ੍ਹਾ ਨਹਿਰੀ ਪਾਣੀ ਦੇ ਨਵੇਂ ਮੋਘੇ ਲਾਉਣ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਨਹੀਂ ਹੈ ।

----

## WALK OUT

(ਇਸ ਸਮੇਂ ਸਦਨ ਵਿੱਚ ਆਮ ਆਦਮੀ ਪਾਰਟੀ ਦੇ ਹਾਜ਼ਰ ਮੈਂਬਰ ਸਾਹਿਬਾਨ ਮਿਤੀ 22.06.2017 ਨੂੰ ਉਨ੍ਹਾਂ ਦੀ ਪਾਰਟੀ ਦੇ ਮੈਂਬਰਾਂ ਨੂੰ ਸਦਨ ਵਿੱਚੋਂ ਬਾਹਰ ਕੱਢਣ ਦੇ ਰੋਸ ਵਜੋਂ ਸਰਕਾਰ ਅਤੇ ਚੇਅਰ ਵਿਰੋਧੀ ** ** ** ਨਾਅਰੇ ਮਾਰਦੇ ਹੋਏ, ਫਲੋਰ ਕਰਾਸ ਕਰਦੇ ਹੋਏ ਸਦਨ ਵਿੱਚੋਂ ਵਾਕ-ਆਊਟ ਕਰ ਗਏ।)

-----

** Not recorded as ordered by the Chair.

## STARRED QUESTIONS AND ANSWERS *(Resumption)*

**ਸ਼੍ਰੀ ਦਲਵੀਰ ਸਿੰਘ ਗੋਲਡੀ :** ਸਪੀਕਰ ਸਾਹਿਬ, ਮੈਂ ਕਹਿਣਾ ਚਾਹੁੰਦਾ ਹਾਂ ਕਿ ਜਿਹੜਾ ਸਾਡਾ ਧੂਰੀ ਦਾ ਹਲਕਾ ਹੈ ਉਸ ਵਿੱਚ ਚਾਹੇ ਉਹ ਮਲੇਰਕੋਟਲਾ ਹਲਕਾ ਹੋਵੇ, ਚਾਹੇ ਸੰਗਰੂਰ ਹੋਵੇ, ਚਾਹੇ ਧੂਰੀ ਹੋਵੇ ਇਨ੍ਹਾਂ ਸਾਰੀਆਂ ਜਗ੍ਹਾ ਉਤੇ ਪਾਣੀ ਦਾ ਪੱਧਰ ਬਹੁਤ ਨੀਵਾਂ ਜਾ ਚੁੱਕਾ ਹੈ। ਪਿੰਡਾਂ ਵਿੱਚ ਜਿਹੜੀਆਂ ਹਜ਼ਾਰ-ਹਜ਼ਾਰ ਫੁੱਟ ਤੇ ਪਾਣੀ ਦੀਆਂ ਟੈਂਕੀਆਂ ਲੱਗਦੀਆਂ ਹਨ ਉੱਥੇ ਵੀ ਪਾਣੀ ਦਾ ਜੋ ਲੈਵਲ ਹੈ ਉਹ ਸਹੀ ਨਹੀਂ ਹੈ ਤੇ ਜੋ ਉਨ੍ਹਾਂ ਦੀਆਂ ਰਿਪੋਰਟਾਂ ਆਉਂਦੀਆਂ ਹਨ ਉਹ ਸਹੀ ਨਹੀਂ ਆ ਰਹੀਆਂ ਹਨ। ਸਾਡੇ ਹਲਕੇ ਤੋਂ ਕੋਟਲਾ ਬ੍ਰਾਂਚ ਨਿਕਲਦੀ ਹੈ ਤੇ ਕਈ ਪਿੰਡਾਂ ਵਿੱਚ ਜਿਹੜੇ ਟਿਊਬਵੈਲ ਲੱਗੇ ਹੋਏ ਸੀ, ਮੰਤਰੀ ਸਾਹਿਬ ਖੁਦ ਮੰਨ ਰਹੇ ਹਨ ਕਿ ਉਹ ਬੰਦ ਹੋ ਚੁੱਕੇ ਹਨ। ਸਾਡੇ ਹਲਕੇ ਵਿੱਚ ਸਿੰਜਾਈ ਦਾ ਜੇ ਆਪਾਂ ਕੋਈ ਸਾਧਨ ਬਣਾਉਣਾ ਹੈ, ਜੇ ਕਿਸਾਨਾਂ ਤੋਂ ਸਹੀ ਖੇਤੀ ਕਰਵਾਉਣੀ ਹੈ ਤਾਂ ਆਉਣ ਵਾਲੇ ਸਮੇਂ ਵਿੱਚ ਸਾਨੂੰ ਨਹਿਰੀ ਮੋਘੇ ਜ਼ਰੂਰ ਲਗਾਉਣੇ ਪੈਣਗੇ। ਮੈਂ ਮੰਤਰੀ ਜੀ ਨੂੰ ਬੇਨਤੀ ਕਰਦਾ ਹਾਂ ਕਿ ਕਿਰਪਾ ਕਰਕੇ ਖਾਸ ਕਰਕੇ ਸਾਡੇ ਏਰੀਏ ਦਾ ਧਿਆਨ ਰੱਖ ਕੇ ਆਉਣ ਵਾਲੇ ਸਮੇਂ ਵਿੱਚ ਨਹਿਰੀ ਪਾਣੀ ਦੀ ਕੋਈ ਤਜਵੀਜ਼ ਸਾਡੇ ਹਲਕੇ ਵਾਸਤੇ ਜ਼ਰੂਰ ਰੱਖਣ। ਧੰਨਵਾਦ ਜੀ ।

**ਸਿੰਜਾਈ ਮੰਤਰੀ :** ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਐਮ.ਐਲ.ਏ. ਸਾਹਿਬ ਨਾਲ ਸਹਿਮਤ ਹਾਂ ਕਿ ਧੂਰੀ ਅਸੈਂਬਲੀ ਹਲਕੇ ਦਾ ਪਾਣੀ ਬਹੁਤ ਥੱਲੇ ਚਲਾ ਗਿਆ ਹੈ ਜਿਸ ਕਾਰਨ ਜ਼ਿਮੀਂਦਾਰਾਂ ਨੂੰ ਪਰੇਸ਼ਾਨੀ ਆ ਰਹੀ ਹੈ । ਇਹ ਸਾਰਾ ਇਲਾਕਾ ਕੈਨਾਲ ਵਾਟਰ ਤੇ ਡਿਪੈਂਡ ਕਰਦਾ ਹੈ । ਕਰੀਬ ਕਰੀਬ 2230 ਏਕੜ ਕਮਾਂਡ ਏਰੀਆ ਟਿਊਬਵੈਲਾਂ ਥੱਲੇ ਆਉਂਦਾ ਸੀ । ਕੁੱਲ 8500 ਏਕੜ ਏਰੀਏ ਵਿੱਚੋਂ 12.5% ਪਾਣੀ ਹੀ ਅਵੇਲੇਬਲ ਹੈ । ਉਥੇ ਹਾਲ ਬਹੁਤ ਮਾੜਾ ਹੈ । ਇਸ ਬਾਰੇ ਸਾਡੇ ਤੋਂ ਕਿਸੀ ਨੇ ਧੂਰੀ ਹਲਕੇ ਬਾਰੇ ਪਹਿਲੀ ਵਾਰ ਮੰਗ ਕੀਤੀ ਹੈ । ਇਹ ਜ਼ਮੀਨ ਬੰਜਰ ਹੋਣ ਜਾ ਰਹੀ ਹੈ ਉਥੇ ਪਾਣੀ ਨਹੀਂ ਮਿਲ ਰਿਹਾ । ਮੈਂ ਐਮ.ਐਲ.ਏ. ਸਾਹਿਬ ਨੂੰ ਬੇਨਤੀ ਕਰਾਂਗਾ ਕਿ ਉਹ ਮੇਰੇ ਕੋਲ ਆ ਜਾਣ । ਮੈਂ ਇਨ੍ਹਾਂ ਨੂੰ ਬਿਠਾ ਕੇ ਜੋ ਕੁਝ ਬਣ ਸਕਦਾ ਹੋਇਆ, ਜ਼ਰੂਰ ਕਰਾਂਗੇ।

**ਸ਼੍ਰੀ ਦਲਵੀਰ ਸਿੰਘ ਗੋਲਡੀ :** ਮੰਤਰੀ ਸਾਹਿਬ, ਬਹੁਤ ਬਹੁਤ ਧੰਨਵਾਦ।

**ਸਰਦਾਰ ਰਣਦੀਪ ਸਿੰਘ :** ਸਪੀਕਰ ਸਾਹਿਬ, ਮੇਰੀ ਤੁਹਾਡੇ ਮਾਧਿਅਮ ਰਾਹੀਂ ਬੇਨਤੀ ਹੈ, ਮੈਨੂੰ ਚਾਰ ਵਾਰ ਸਦਨ ਵਿੱਚ ਆਉਣ ਦਾ ਮੌਕਾ ਮਿਲਿਆ ਹੈ, ਚਾਰ ਵਾਰ ਹੀ ਮੈਨੂੰ ਇੱਥੇ ਸੁਣਨ ਨੂੰ ਮਿਲਦਾ ਹੈ ਕਿ ਇੱਥੇ ਪਾਣੀ ਦੀ ਡਿਪਲੀਸ਼ਨ ਹੋ ਰਹੀ ਹੈ । ਹਰ ਸਾਲ ਡੇਢ ਤੋਂ ਪੌਣੇ ਦੋ ਫੁੱਟ ਤੱਕ ਸਾਡਾ ਗਰਾਊਂਡ ਵਾਟਰ ਹੇਠਾਂ ਜਾ ਰਿਹਾ ਹੈ । ਮੇਰੀ ਮੰਤਰੀ ਜੀ ਨੂੰ ਹੱਥ ਜੋੜ ਕੇ ਬੇਨਤੀ ਹੈ ਕਿਉਂਕਿ ਇਰੀਗੇਸ਼ਨ ਡਿਪਾਰਟਮੈਂਟ ਇਨ੍ਹਾਂ ਕੋਲ ਹੈ.....

**ਮਾਨਯੋਗ ਸਪੀਕਰ :** ਨਾਭਾ ਜੀ, ਸਵਾਲ ਕਰੋ ।

**ਸਰਦਾਰ ਰਣਦੀਪ ਸਿੰਘ :** ਸਪੀਕਰ ਸਾਹਿਬ, ਉਹੀ ਕਰ ਰਿਹਾ ਹਾਂ । ਜਦੋਂ ਡੀਜ਼ਲ ਇੰਜਣ ਹੌਲੀ ਹੌਲੀ ਭਖਦਾ ਹੈ ਤੇ ਤੁਸੀਂ ਬਰੇਕ ਪਹਿਲਾਂ ਲਗਾ ਦਿੰਦੇ ਹੋ । ਇਹ ਕੰਮ ਨਾ ਕਰਿਆ ਕਰੋ । ਬੇਨਤੀ ਹੈ ਕਿ ਹੁਣ ਤਾਂ ਰੌਲਾ ਰੱਪਾ ਮੁੱਕ ਗਿਆ । ਹੁਣ ਤਾਂ ਅਰਾਮ ਨਾਲ ਸਵਾਲ ਪੁੱਛ ਲਈਏ । ਸਾਡੇ ਸਵਾਲ ਤਾਂ ਰੌਲੇ ਰੱਪੇ ਵਿੱਚ ਹੀ ਲੰਘ ਗਏ ਹਨ । ਇੰਨਾ ਮਾੜਾ ਹਾਲ ਤਾਂ ਛੱਤ ਬੀੜ ਜੂ ਦਾ ਵੀ ਨਹੀਂ, ਜਿੰਨਾ ਇੱਥੇ ਸਦਨ ਦਾ ਹੋ ਰਿਹਾ ਹੈ। ਸਾਡੀ ਬਦਨਸੀਬੀ ਇਹ ਹੈ ਕਿ ਸਾਨੂੰ ਸਾਰੇ ਲੋਕ ਦੇਖ ਰਹੇ ਹਨ ਤੇ ਇੱਥੇ ਅਜਿਹਾ ਮਾਹੌਲ ਬਣਾਇਆ ਜਾ ਰਿਹਾ ਹੈ ।

ਸਪੀਕਰ ਸਾਹਿਬ, ਮੇਰੀ ਬੇਨਤੀ ਹੈ ਕਿ ਜਿਹੜਾ ਗਰਾਊਂਡ ਵਾਟਰ ਡਿਪਲੀਸ਼ਨ ਹੋ ਰਿਹਾ ਹੈ, ਜੇ ਅਸੀਂ ਪੰਜਾਬ ਨੂੰ ਪਾਣੀ ਪੱਖੋਂ ਬਚਾਉਣਾ ਹੈ ਤਾਂ ਮੇਰਾ ਖਿਆਲ ਹੈ ਕਿ ਘੱਟ ਤੋਂ ਘੱਟ ਹਰ ਮਹਿਕਮੇ ਵਿੱਚ ਇਹ ਤਾਲਮੇਲ ਕਰਕੇ ਹਦਾਇਤ ਕਰ ਦੇਣ ਕਿ ਜਿੱਥੇ ਵੀ ਕੰਸਟਰਕਸ਼ਨ ਹੁੰਦੀ ਹੈ, ਉਥੇ ਗਰਾਊਂਡ ਵਾਟਰ ਨਾ ਵਰਤਿਆ ਜਾਵੇ। ਹੁੱਡਾ ਨੇ ਅਜਿਹਾ ਕੀਤਾ ਹੈ, ਦਿੱਲੀ ਨੇ ਵੀ ਕੀਤਾ ਹੈ ਔਰ ਮੇਰਾ ਖਿਆਲ ਹੈ ਕਿ ਰਾਜਸਥਾਨ ਨੇ ਵੀ ਕਰ ਦਿੱਤਾ ਹੈ ਕਿ ਗਰਾਊਂਡ ਵਾਟਰ ਨੂੰ ਬਚਾਉਣ ਦੀ ਲੋੜ ਹੈ । ਰੇਨ ਵਾਟਰ ਹਾਰਵੈਸਟਿੰਗ ਬਾਰੇ ਮੰਤਰੀ ਜੀ ਆਰਡਰ ਕਰ ਦੇਣ । ਇਹ ਆਰਡਰ ਹਰ ਮਹਿਕਮੇ ਵਿੱਚ ਕੀਤਾ ਜਾਵੇ ਕਿ ਜਿੱਥੇ ਵੀ ਕੰਸਟਰਕਸ਼ਨ ਹੁੰਦੀ ਹੋਵੇ, ਉਥੇ ਗਰਾਊਂਡ ਵਾਟਰ ਨਾ ਵਰਤਿਆ ਜਾਵੇ ਤਾਂ ਕਿ ਅਸੀਂ ਪੰਜਾਬ ਦਾ ਗਰਾਊਂਡ ਵਾਟਰ ਟੇਬਲ ਵਧਾ ਸਕੀਏ । ਮੇਰੀ ਇੰਨੀ ਗੁਜਾਰਿਸ਼ ਹੈ ।

**ਸਰਦਾਰ ਕੁਲਦੀਪ ਸਿੰਘ ਵੈਦ :** ਸਪੀਕਰ ਸਾਹਿਬ, ਮੈਂ ਤੁਹਾਡੇ ਮਾਧਿਅਮ ਰਾਹੀਂ ਮਨਿਸਟਰ ਸਾਹਿਬ ਨੂੰ ਬੇਨਤੀ ਕਰਨੀ ਚਾਹੁੰਦਾ ਹਾਂ । ਮੈਂ ਕੱਲ੍ਹ ਵੀ ਇਹੀ ਇਸ਼ੂ ਉਠਾਇਆ ਸੀ ਕਿ ਪੰਜਾਬ ਦਾ ਜਿਹੜਾ ਗਰਾਊਂਡ ਵਾਟਰ ਹੈ, ਉਸ ਦਾ ਲੈਵਲ ਬਹੁਤ ਹੇਠਾਂ ਚਲਾ ਗਿਆ ਹੈ । ਮੈਂ ਦੱਸਣਾ ਚਾਹੁੰਦਾ ਹਾਂ ਕਿ ਜ਼ਮੀਨ ਦੇ ਹੇਠਾਂ 195 ਪੰਜਾਬ ਦੇ ਰਿਸੋਰਸਿਜ਼ ਹਨ, ਜਿਸ ਵਿੱਚੋਂ 99 ਰਿਸੋਰਸਿਜ਼ ਬਿਲਕੁਲ ਕ੍ਰਿਟੀਕਲ ਹੋ ਚੁੱਕੇ ਹਨ । ਨਾਸਾ ਦੀ ਵੀ ਇਹੀ ਰਿਪੋਰਟ ਹੈ । ਜਿਹੜਾ ਸੈਂਟਰਲ ਗਰਾਊਂਡ ਵਾਟਰ ਡਿਪਾਰਟਮੈਂਟ, ਗੌਰਮਿੰਟ ਆਫ ਇੰਡੀਆ ਦਾ ਹੈ, ਉਸ ਦੀ ਵੀ ਇਹੀ ਰਿਪੋਰਟ ਹੈ । ਸਾਇੰਟਿਸਟਸ ਦੀ ਵੀ ਇਹੀ ਰਿਪੋਰਟ ਹੈ ਕਿ ਜੇ ਇਹੀ ਸਿਸਟਮ ਚਲਦਾ ਗਿਆ, ਜੇ ਇਸੇ ਤਰ੍ਹਾਂ ਪੰਜਾਬ ਦਾ ਪਾਣੀ ਥੱਲੇ ਜਾਂਦਾ ਰਿਹਾ ਤਾਂ ਆਉਣ ਵਾਲੇ 25 ਤੋਂ 30 ਸਾਲਾਂ ਵਿੱਚ ਪੰਜਾਬ ਰੇਗਿਸਤਾਨ ਬਣ ਜਾਵੇਗਾ । ਇਹ ਬਹੁਤ ਅਹਿਮ ਮਸਲਾ ਹੈ । ਮੈਂ ਇਸ ਬਾਰੇ ਮੰਤਰੀ ਜੀ ਨੂੰ ਬੇਨਤੀ ਕਰਨੀ ਚਾਹੁੰਦਾ ਹਾਂ ਤੇ ਸਰਕਾਰ ਨੂੰ ਵੀ ਬੇਨਤੀ ਕਰਦਾ ਹਾਂ ਕਿ ਇਹ ਬਹੁਤ ਅਹਿਮ ਮਸਲਾ ਹੈ । ਇਸ ਬਾਰੇ ਸਾਨੂੰ ਸਟਰਿਕਟਲੀ ਡਿਸੀਜ਼ਨ ਲੈਣੇ ਚਾਹੀਦੇ ਹਨ । ਇਮੀਜੀਏਟਲੀ ਡਿਸੀਜ਼ਨ ਲੈਣੇ ਚਾਹੀਦੇ ਹਨ । Thank you so much.

**ਮੰਤਰੀ :** ਸਪੀਕਰ ਸਾਹਿਬ, ਹੋਰਾਂ ਨੂੰ ਵੀ ਪੁੱਛ ਲੈਣ ਦਿਓ । ਮੈਂ ਸਾਰਿਆਂ ਦਾ ਇਕੱਠਿਆਂ ਹੀ ਜਵਾਬ ਦੇ ਦਿਆਂਗਾ ।

**ਸ਼੍ਰੀ ਦਲਵੀਰ ਸਿੰਘ ਗੋਲਡੀ :** ਸਪੀਕਰ ਸਾਹਿਬ, ਮੈਂ ਤੁਹਾਡੇ ਮਾਧਿਅਮ ਰਾਹੀਂ ਮਾਨਯੋਗ ਮੰਤਰੀ ਜੀ ਨੂੰ ਬੇਨਤੀ ਕਰਨੀ ਚਾਹੁੰਦਾ ਹਾਂ । ਕੁਝ ਸਮੇਂ ਪਹਿਲਾਂ ਅਕਾਲੀਆਂ ਦੀ ਸਰਕਾਰ

ਹੁੰਦੀ ਸੀ । ਸਾਡੇ ਧੂਰੀ ਇਲਾਕੇ ਦਾ ਵਾਟਰ ਲੈਵਲ ਬਹੁਤ ਡਾਊਨ ਹੋ ਰਿਹਾ ਹੈ । ਸਾਡੇ ਧੂਰੀ ਵਿੱਚ ਸਾਇੰਟਿਸਟ ਆਏ ਸਨ । ਉਨ੍ਹਾਂ ਨੇ ਸਰਚ ਵੀ ਕੀਤੀ ਸੀ । ਉਨ੍ਹਾਂ ਦੀ ਕਾਫੀ ਵੱਡੀ ਪ੍ਰਾਜੈਕਟ ਫਾਈਲ ਸੀ । ਇਹ ਬੰਦਿਆਂ ਨੇ ਉਨ੍ਹਾਂ ਸਾਇੰਟਿਸਟਾਂ ਨੂੰ ਪੈਸੇ ਵੀ ਨਹੀਂ ਦਿੱਤੇ। ਜੋ ਉਥੇ ਬਣਦੀ ਕਾਰਵਾਈ ਸੀ, ਉਸ ਨੂੰ ਉਸੇ ਤਰ੍ਹਾਂ ਛੱਡ ਦਿੱਤਾ ਗਿਆ । ਜੋ ਸੈਂਟਰ ਗੌਰਮਿੰਟ ਵੱਲੋਂ ਗਰਾਂਟ ਆਈ ਸੀ, ਉਹ ਵੀ ਵਾਪਸ ਚਲੀ ਗਈ । ਇਹ ਸਰਕਾਰ ਅੱਜ ਇੱਥੇ ਨਾਅਰੇ ਲਗਾ ਰਹੀ ਹੈ । ਇਹ ਹਿਤੈਸ਼ੀ ਬਣ ਰਹੇ ਹਨ । ਸਪੀਕਰ ਸਾਹਿਬ, ਮੇਰੇ ਹਲਕੇ ਵਿੱਚ ਪਿਛਲੇ ਸਮੇਂ ਵਿੱਚ ਸਾਇੰਟਿਸਟ ਆਏ ਸਨ, ਮੇਰੇ ਕੋਲ ਸਾਰੀ ਡਿਟੇਲ ਹੈ, ਮੈਂ ਮੰਤਰੀ ਜੀ ਨੂੰ ਮਿਲ ਕੇ ਪੇਸ਼ ਵੀ ਕਰਾਂਗਾ। ਮੈਂ ਮੰਤਰੀ ਸਾਹਿਬ ਤੋਂ ਇਹ ਮੰਗ ਕਰਨੀ ਚਾਹੁੰਦਾ ਹਾਂ ਕਿ ਜੋ ਇਹ ਪਿਛਲੀ ਰਿਪੋਰਟ ਹੈ, ਉਸ ਅਨੁਸਾਰ ਅਜਿਹੇ ਕੋਈ ਐਕਸ਼ਨ ਲਏ ਜਾਣ ਤਾਂ ਕਿ ਕੋਈ ਬੰਦਾ ਮੁੜ ਕੇ ਗਲਤੀਆਂ ਨਾ ਕਰ ਸਕੇ ਜੋ ਸਾਡੇ ਕਿਸਾਨਾਂ ਨਾਲ ਖਿਲਵਾੜ ਹੋਇਆ ਹੈ ।

**ਸ਼੍ਰੀ ਹਰਜੋਤ ਕਮਲ ਸਿੰਘ :** ਸਪੀਕਰ ਸਾਹਿਬ, ਮੈਂ ਤੁਹਾਡੇ ਮਾਧਿਅਮ ਨਾਲ ਮੰਤਰੀ ਜੀ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਜਿਹੜੇ ਪਾਣੀ ਦੇ ਲੈਵਲ ਦੀ ਆਪਾਂ ਬਹੁਤ ਚਿਰ ਤੋਂ ਗੱਲ ਕਰ ਰਹੇ ਹਾਂ, ਉਸ ਦੇ ਵਾਸਤੇ ਜਿਹੜੇ ਵਿਆਪਕ ਪ੍ਰਬੰਧ ਹਨ, ਉਨ੍ਹਾਂ ਦੇ ਵਿਚੋਂ ਇੱਕ ਬਹੁਤ ਵਧੀਆ ਪ੍ਰਬੰਧ ਹੈ ਕਿ ਬੋਰ ਵੈੱਲ ਰੀਚਾਰਜ ਕੀਤੇ ਜਾਣ। ਜਿਹੜਾ ਮੀਂਹ ਦਾ ਪਾਣੀ ਹੈ, ਜੇ ਉਹ ਧਰਤੀ ਦੇ ਥੱਲੇ ਚਲਿਆ ਜਾਵੇ ਤਾਂ ਪਾਣੀ ਉਪਰ ਆ ਸਕਦਾ ਹੈ। ਕੀ ਡਿਪਾਰਟਮੈਂਟ ਵੱਲੋਂ ਇਸ ਤਰ੍ਹਾਂ ਦੀ ਕੋਈ ਆਉਣ ਵਾਲੇ ਸਮੇਂ ਵਿੱਚ ਪਰਪੋਜ਼ਲ ਹੈ?

**ਸਰਦਾਰ ਨਵਤੇਜ ਸਿੰਘ ਚੀਮਾ :** ਸਪੀਕਰ ਸਾਹਿਬ, ਤੁਹਾਡਾ ਬਹੁਤ ਧੰਨਵਾਦ ਕਿ ਜੋ ਵਾਟਰ ਲੈਵਲ ਦੀ ਗੱਲ ਹੋ ਰਹੀ ਹੈ ਉਸ ਤੇ ਤੁਸੀਂ ਗੱਲ ਕਰਨ ਦਾ ਮੌਕਾ ਦਿੱਤਾ ਹੈ। ਸਾਡੇ ਦੁਆਬੇ ਦੇ ਵਿੱਚ ਕੋਈ ਵੀ ਐਸਾ ਸੂਆ, ਨਹਿਰ ਨਹੀਂ ਹੈ ਜਿਸ ਨਾਲ ਸਾਨੂੰ ਦਰਿਆ ਦਾ ਜਾਂ ਨਹਿਰਾਂ ਦਾ ਪਾਣੀ ਲੱਗ ਸਕੇ। ਪਾਣੀ ਅਸੀਂ ਬੋਰ ਕਰਕੇ ਲੈਂਦੇ ਹਾਂ। ਅਸੀਂ ਥੱਲੇ ਡੂੰਘੇ ਤੁਰੇ ਜਾਂਦੇ ਹਾਂ, ਪਾਣੀ 300 ਫੁੱਟ ਤੋਂ ਉੱਪਰ 370 ਫੁੱਟ ਤੱਕ ਡੂੰਘਾ ਚਲਿਆ ਗਿਆ ਹੈ। ਇਸ ਵਾਸਤੇ ਕੋਈ ਵੀ ਪ੍ਰਬੰਧ ਨਹੀਂ ਕੀਤਾ ਗਿਆ। ਮੈਂ ਪਿਛਲੀ ਵਿਧਾਨ ਸਭਾ ਵਿੱਚ ਵੀ ਸਵਾਲ ਪੁੱਛਿਆ ਸੀ ਕਿ ਸਾਡੇ ਜਿਹੜੀਆਂ ਇੱਕ-ਦੋ ਛੋਟੀਆਂ ਨਹਿਰਾਂ ਸੀ, ਉਹ ਵੀ ਬੰਦ ਕਰ ਦਿੱਤੀਆਂ ਗਈਆਂ ਹਨ। ਦੁਆਬੇ ਨੂੰ ਚੈਨੇਲਾਈਜ਼ ਕੀਤਾ ਜਾਵੇ ਕਿਉਂਕਿ ਜੇਕਰ ਇਸੇ ਤਰ੍ਹਾਂ ਪਾਣੀ ਥੱਲੇ ਨੂੰ ਤੁਰਿਆ ਗਿਆ ਤਾਂ ਇਹ ਮੁੱਕ ਜਾਣਾ ਹੈ। ਸਾਡੇ ਕੋਈ ਇਹੋ ਜਿਹਾ ਪ੍ਰਬੰਧ ਹੀ ਨਹੀਂ ਕਿ ਸੂਏ ਨਿਕਲਣ ਜਾਂ ਨਹਿਰਾਂ ਨਿਕਲਣ ਜਾਂ ਸਾਨੂੰ ਕੋਈ ਵੀ ਨਹਿਰ ਵਾਲਾ ਪਾਣੀ ਲੱਗ ਸਕੇ। ਇਸ ਬਾਰੇ ਕੋਈ ਸੋਚ ਹੀ ਨਹੀਂ ਰਿਹਾ। ਸਿਰਫ ਜਦੋਂ ਫਲੱਡ ਆਉਂਦਾ ਹੈ, ਉਦੋਂ ਪਾਣੀ ਇਧਰ ਉਧਰ ਖਿੱਲਰ ਜਾਂਦਾ ਹੈ ਪਰ ਫਸਲਾਂ ਨੂੰ ਲਗਾਉਣ ਲਈ ਸਾਡੇ ਪਾਣੀ ਦਾ ਬਿਲਕੁਲ ਪ੍ਰਬੰਧ ਨਹੀਂ ਹੈ। ਸਪੀਕਰ ਸਾਹਿਬ, ਮੈਂ ਤੁਹਾਡੇ ਜ਼ਰੀਏ ਮੰਤਰੀ ਸਾਹਿਬ ਨੂੰ ਬੇਨਤੀ ਕਰਦਾ ਹਾਂ ਕਿ ਹੁਣ ਮਹਿਕਮਾ ਆਪਣੇ ਕੋਲ ਹੈ, ਆਪਾਂ ਨੂੰ ਦੁਆਬੇ ਵਿੱਚ ਇਸ ਦਾ ਪ੍ਰਬੰਧ ਕਰਨਾ ਚਾਹੀਦਾ ਹੈ। ਜਿਸ ਤਰ੍ਹਾਂ ਮਾਲਵੇ ਵਿੱਚ ਸੂਏ, ਨਹਿਰਾਂ ਨਾਲ ਫਸਲਾਂ ਨੂੰ ਵਧੀਆ ਪਾਣੀ ਲਗਦਾ ਹੈ, ਉਥੇ ਥੱਲਿਓਂ ਪਾਣੀ ਨਹੀਂ ਨਿਕਲਦਾ। ਜੇ ਆਪਾਂ ਇਸ ਤਰ੍ਹਾਂ

[ ਸਰਦਾਰ ਨਵਤੇਜ ਸਿੰਘ ਚੀਮਾ ]

ਹੀ ਥੱਲਿਓਂ ਪਾਣੀ ਕੱਢਦੇ ਰਹੇ ਤਾਂ ਪਾਣੀ ਹੋਰ ਥੱਲੇ ਚਲਿਆ ਜਾਵੇਗਾ। ਇਸ ਦਾ ਪ੍ਰਬੰਧ ਬੜਾ ਜ਼ਰੂਰੀ ਹੈ। ਜੇ ਆਪਾਂ ਹੁਣ ਤੋਂ ਹੀ ਪ੍ਰਬੰਧ ਕਰਾਂਗੇ ਤਾਂ ਪੰਜ-ਦਸ ਸਾਲਾਂ ਤੱਕ ਪ੍ਰਬੰਧ ਹੋ ਜਾਵੇਗਾ। ਧੰਨਵਾਦ ।

**ਮੰਤਰੀ :** ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਨਵੇਂ ਚੁਣੇ ਹੋਏ ਐਮ.ਐਲ.ਏ. ਗੋਲਡੀ ਜੀ ਨੂੰ ਵਧਾਈ ਦੇਣੀ ਚਾਹੁੰਦਾ ਹਾਂ। ਸਵਾਲ ਇਨ੍ਹਾਂ ਦਾ ਬਹੁਤ ਵਧੀਆ ਹੈ। ਪਹਿਲੀ ਵਾਰ ਧੂਰੀ ਹਲਕੇ ਦੀ ਕਿਸੇ ਨੇ ਇਹੋ ਜਿਹੀ ਗੱਲ ਕੀਤੀ ਹੈ। ਹਾਲਾਤ ਬਹੁਤ ਖਰਾਬ ਹਨ ਔਰ ਵਾਟਰ ਰੀਚਾਰਜਿੰਗ ਅਤੇ ਗਰਾਊਂਡ ਵਾਟਰ ਰਿਸੋਰਸਿਜ਼ ਦੀ ਇਹ ਗੱਲ ਕਰ ਰਹੇ ਹਨ, ਇਸ ਦੇ ਬਾਰੇ ਸਾਡੀ ਸਰਕਾਰ ਗੰਭੀਰ ਹੈ। ਇਸ ਪਾਸੇ ਅਸੀਂ ਚੱਲ ਰਹੇ ਹਾਂ, ਅਸੀਂ ਵਾਟਰ ਰਿਸੋਰਸਿਜ਼ ਨੂੰ ਕਿਵੇਂ ਰੀਚਾਰਜ ਕਰਨਾ ਹੈ, ਕਿਵੇਂ ਮੇਨਟੇਨ ਕਰਨਾ ਹੈ ਔਰ ਗਰਾਊਂਡ ਵਾਟਰ ਵਿੱਚ ਵਾਧਾ ਕਿਵੇਂ ਹੋ ਸਕੇ ਔਰ ਇਨ੍ਹਾਂ ਦੇ ਹਲਕੇ ਦੇ ਵਿੱਚ ਜੋ ਸਮੱਸਿਆ ਹੈ, ਉਸ ਦਾ ਸਮਾਧਾਨ ਤਾਂ ਕਰਾਂਗੇ ਹੀ ਕਰਾਂਗੇ। ਮੈਂ ਪੁੱਛਣਾ ਚਾਹੁੰਦਾ ਹਾਂ ਕਿ ਸਰਦਾਰ ਨਵਤੇਜ ਸਿੰਘ ਚੀਮਾ ਜੀ ਨੇ ਗਰਾਊਂਡ ਵਾਟਰ ਥੱਲੇ ਜਾਣ ਦੀ ਗੱਲ ਪੰਜਾਬ ਦੀ ਕੀਤੀ ਹੈ ਜਾਂ ਕਿ ਆਪਣੀ ਕਾਂਸਟੀਚਿਊਂਸੀ ਦੀ?

**ਸਰਦਾਰ ਨਵਤੇਜ ਸਿੰਘ ਚੀਮਾ :** ਆਪਣੇ ਹਲਕੇ ਦੀ ਗੱਲ ਕੀਤੀ ਹੈ ਜੀ।

**ਮੰਤਰੀ :** ਇਨ੍ਹਾਂ ਦੇ ਆਪਣੇ ਹਲਕੇ ਵਿੱਚ ਜ਼ਿਆਦਾ ਤੋਂ ਜ਼ਿਆਦਾ 10 ਪ੍ਰਤੀਸ਼ਤ ਹਲਕਾ ਹੋਏਗਾ ਜਿਸ ਵਿੱਚ ਇਹ ਪ੍ਰਾਬਲਮ ਹੈ, 90 ਪ੍ਰਤੀਸ਼ਤ ਤਾਂ ਪਾਣੀ ਕੱਢਦੇ ਕੱਢਦੇ ਮਰਦੇ ਹਨ, ਇਨ੍ਹਾਂ ਦੀ ਸਮੱਸਿਆ ਪਾਣੀ ਕੱਢਣ ਦੀ ਵੀ ਹੈ। ਦੂਜਾ 10 ਪ੍ਰਤੀਸ਼ਤ ਹੋਏਗਾ ਜਿਥੇ ਗਰਾਊਂਡ ਵਾਟਰ ਡਾਊਨ ਜਾ ਰਿਹਾ ਹੈ। ਉਸ ਦੇ ਬਾਰੇ ਇੱਕ ਬੜੀ ਵੱਡੀ ਸਟੱਡੀ ਹੈ, ਪਹਿਲਾਂ ਵੀ ਹੋਈ ਹੈ, ਆਉਣ ਵਾਲੇ ਸਮੇਂ ਵਿੱਚ ਵੀ ਕਰਾਵਾਂਗੇ ਔਰ ਇਹ ਖਾਲੀ ਦੁਆਬੇ ਇਲਾਕੇ ਦੀ ਜਾਂ ਧੂਰੀ ਦੀ ਗੱਲ ਨਹੀਂ, ਸਾਰੇ ਪੰਜਾਬ ਨੂੰ ਇਸ ਸਮੱਸਿਆ ਨੂੰ ਐਡਰੈਸ ਕਰਨ ਦੀ ਲੋੜ ਹੈ ਔਰ ਆਉਣ ਵਾਲੇ ਸਮੇਂ ਵਿੱਚ ਇਸ ਬਾਰੇ ਜਰੂਰ ਕੁਝ ਕਰਾਂਗੇ ਔਰ ਤੁਹਾਨੂੰ ਸਾਰਿਆਂ ਨੂੰ ਫਰਕ ਨਜ਼ਰ ਆਏਗਾ।

**ਸਰਦਾਰ ਰਣਦੀਪ ਸਿੰਘ :** ਸਰ, ਮੈਂ ਬੇਨਤੀ ਕੀਤੀ ਹੈ ਕਿ ਘੱਟ ਤੋਂ ਘੱਟ ਆਪਣੇ ਮਹਿਕਮੇ ਵਿੱਚ ਗਰਾਊਂਡ ਵਾਟਰ ਰੀਚਾਰਜ ਕਰਨ ਲਈ ਆਰਡਰ ਤਾਂ ਕਰ ਦੇਣ ਕਿਉਂਕਿ ਇਹ ਪੰਜਾਬ ਦੀ ਸਮੱਸਿਆ ਹੈ। ਮੈਂ ਮੰਤਰੀ ਜੀ ਨੂੰ ਇਹੀ ਗੁਜ਼ਾਰਿਸ਼ ਕਰਾਂਗਾ ਕਿ ਘੱਟ ਤੋਂ ਘੱਟ ਆਪਣੇ ਮਹਿਕਮੇ ਵਿੱਚ ਕਰ ਲੈਣ ਬਾਕੀ ਮਹਿਕਮਿਆਂ ਵਿੱਚ ਬਾਅਦ ਦੀ ਗੱਲ ਹੈ।

**ਸਰਦਾਰ ਬਲਬੀਰ ਸਿੰਘ ਸਿੱਧੂ :** ਸਪੀਕਰ ਸਾਹਿਬ, ਅਸੀਂ ਪਾਣੀ ਦੇ ਰੀਚਾਰਜਿੰਗ ਦੀ ਗੱਲ ਕਰਦੇ ਹਾਂ। ਅਸੀਂ ਸਾਰੇ ਸੂਏ ਅਤੇ ਨਹਿਰਾਂ ਪੱਕੇ ਕਰਦੇ ਜਾ ਰਹੇ ਹਾਂ। ਅੱਗੇ ਕੱਚੀਆਂ ਨਹਿਰਾਂ ਸੀ, ਕੱਚੇ ਸੂਏ ਸੀ ਤਾਂ ਇਨ੍ਹਾਂ ਦੇ ਨਾਲ ਹੀ ਪਾਣੀ ਰੀਚਾਰਜ ਹੁੰਦਾ ਸੀ। ਹੁਣ ਅਸੀਂ ਬਹੁਤ ਵੱਡਾ ਆਪਣੇ ਆਪ ਦਾ ਨੁਕਸਾਨ ਕਰ ਲਿਆ ਹੈ। ਅਸੀਂ ਚਾਹੁੰਦੇ ਹਾਂ ਕਿ ਪੂਰੇ ਦਾ

ਪੂਰਾ ਪਾਣੀ ਸਿਰੇ ਤੱਕ ਪਹੁੰਚ ਜਾਵੇ। ਸਾਨੂੰ ਇਸ ਵੱਲ ਧਿਆਨ ਦੇਣ ਦੀ ਲੋੜ ਹੈ ਕਿ ਜੇ ਰੀਚਾਰਜ ਕਰਨਾ ਹੈ ਤਾਂ ਨਹਿਰਾਂ ਨੂੰ ਕੱਚੀਆਂ ਰੱਖਣਾ ਬਹੁਤ ਜਰੂਰੀ ਹੈ।

**ਮੰਤਰੀ :** ਸਪੀਕਰ ਸਾਹਿਬ, ਦੇਖੋ ਨਹਿਰਾਂ ਕੱਚੀਆਂ ਰੱਖਣ ਦਾ ਫਾਇਦਾ ਵੀ ਹੈ ਅਤੇ ਜੇ ਪੱਕੀਆਂ ਕਰ ਦੇਈਏ ਤਾਂ ਨੁਕਸਾਨ ਵੀ ਹੈ। ਜੇ ਨਹਿਰਾਂ ਥੱਲਿਓਂ ਕੱਚੀਆਂ ਰੱਖਦੇ ਹਾਂ ਤਾਂ ਵਾਟਰ ਰੀਚਾਰਜ ਹੁੰਦਾ ਹੈ ਲੇਕਿਨ ਟੇਲ ਤੇ ਪਾਣੀ ਪਹੁੰਚਣ ਵਿੱਚ ਬੜੀ ਵੱਡੀ ਸਮੱਸਿਆ ਹੈ। ਟੇਲ ਤੇ ਪਾਣੀ ਪਹੁੰਚਾਉਣਾ ਬਹੁਤ ਜ਼ਰੂਰੀ ਹੈ ਕਿਉਂਕਿ ਜਿਥੇ ਆਪਾਂ ਵਾਟਰ ਰੀਚਾਰਜਿੰਗ ਦੀ ਗੱਲ ਕਰ ਰਹੇ ਹਾਂ, ਇਹ ਬੜਾ ਇੰਪਾਰਟੈਂਟ ਹੈ, ਇਹ ਹੋਣਾ ਚਾਹੀਦਾ ਹੈ ਲੇਕਿਨ ਅਵੇਲੇਬਿਲਟੀ ਆਫ ਵਾਟਰ ਨੂੰ ਵੀ ਵੇਖਣਾ ਚਾਹੀਦਾ ਹੈ। ਟੇਲ ਤੇ ਨਾ ਕੇਵਲ ਸਿੰਚਾਈ ਲਈ ਲੋੜ ਹੈ, ਪੀਣ ਲਈ ਵੀ ਪਾਣੀ ਦੀ ਲੋੜ ਹੈ। ਸੋ, ਸਾਰੀਆਂ ਚੀਜ਼ਾਂ ਨੂੰ ਬੈਲੰਸ ਕਰਦੇ ਹੋਏ ਇਹ ਫੈਸਲੇ ਲਏ ਜਾਂਦੇ ਹਨ ਔਰ ਇਫੈਕਟੀਵਲੀ ਸਾਨੂੰ ਪਾਣੀ ਯੂਟੇਲਾਈਜ਼ ਕਰਨਾ ਚਾਹੀਦਾ ਹੈ, ਪਾਣੀ ਵੇਸਟ ਨਹੀਂ ਹੋਣਾ ਚਾਹੀਦਾ । ਇਨ੍ਹਾਂ ਚੀਜ਼ਾਂ ਦੇ ਉਤੇ ਜ਼ਰੂਰ ਧਿਆਨ ਦੇਣਾ ਚਾਹੀਦਾ ਹੈ।

**ਸੰਸਦੀ ਮਾਮਲੇ ਮੰਤਰੀ (ਸ਼੍ਰੀ ਬ੍ਰਹਮ ਮਹਿੰਦਰਾ):** ਸਪੀਕਰ ਸਾਹਿਬ, ਮੰਤਰੀ ਜੀ ਦਾ ਕੁਐਸਚਨ ਚੱਲ ਰਿਹਾ ਹੈ ਮੈਂ ਉਸ ਦੇ ਵਿੱਚ ਦਖਲ ਨਹੀਂ ਸੀ ਦੇਣਾ ਚਾਹੁੰਦਾ । ਜਿਸ ਵੇਲੇ ਆਮ ਆਦਮੀ ਪਾਰਟੀ ਵਾਲੇ ਵਾਕ ਆਊਟ ਕਰਕੇ ਗਏ ਹਨ ਤਾਂ ਅੱਜ ਵੀ ਉਹ ਫਿਰ ਫਲੋਰ ਕਰਾਸ ਕਰਕੇ ਗਏ ਹਨ । ਅੱਜ ਵੀ ਫਲੋਰ ਕਰਾਸ ਕਰ ਗਏ। ਇਸ ਦਾ ਨੋਟਿਸ ਲੈਣਾ ਚਾਹੀਦਾ ਹੈ। ਮੈਂ ਕੱਲ੍ਹ ਦਾ ਜੋ ਵੀ ਵਾਤਾਵਰਣ ਹੋਇਆ ਹੈ..

**ਮਾਨਯੋਗ ਸਪੀਕਰ:** ਦੋਨੋਂ। ਇਕੱਲੇ ਨਹੀਂ, ਐਸ.ਏ.ਡੀ. ਵਾਲੇ ਵੀ ਕਰਾਸ ਕਰਕੇ ਗਏ ਹਨ। ਉਹ ਵੀ ਇਧਰੋਂ ਗਏ ਹਨ।

**ਸੰਸਦੀ ਮਾਮਲੇ ਮੰਤਰੀ :** ਸਰ, ਮੈਂ ਉਹ ਵੇਖਿਆ ਨਹੀਂ ਸੀ। ਸਰ, ਦੂਸਰੀ ਗੱਲ ਇਹ ਹੈ ਕਿ ਕੱਲ੍ਹ ਦੀ ਜਿਹੜੀ ਅਨਫਾਰਚੂਨੇਟ ਸਿਚੂਏਸ਼ਨ ਹੋ ਰਹੀ ਹੈ।ਉਸ ਦਾ ਇੱਕ ਕਾਰਨ ਜੋ ਮੈਂ ਸਮਝਿਆ ਹੈ ਕਿ ਆਮ ਆਦਮੀ ਪਾਰਟੀ ਵਾਲੇ ਬਿਲਕੁਲ ਨਵੇਂ ਹਨ, ਇਨ੍ਹਾਂ ਨੂੰ ਨਾ ਤਾਂ ਰੂਲਜ਼ ਦਾ ਪਤਾ ਹੈ, ਜੇ ਰੂਲਜ਼ ਦਾ ਪਤਾ ਹੋਵੇ ਤਾਂ ਕਦੇ ਨਾ ਇਧਰੋਂ ਜਾਣ। ਦੂਜੀ ਗੱਲ ਜਦ ਤੁਸੀਂ ਇਨ੍ਹਾਂ ਨੂੰ ਨੇਮ ਕਰ ਦਿੱਤਾ, ਜੇ ਇਨ੍ਹਾਂ ਨੂੰ ਪਤਾ ਹੁੰਦਾ, ਮੈਂ ਸਮਝਦਾ ਹਾਂ ਕਿ ਫੂਲਕਾ ਸਾਹਿਬ ਬਹੁਤ ਸਿਆਣੇ ਹਨ, ਇੰਟੈਲੀਜੈਂਟ ਹਨ, ਬਾਕੀ ਸਾਰੇ ਮੈਂਬਰ ਤਾਂ ਨਵੇਂ ਹਨ। ਜੇ ਉਨ੍ਹਾਂ ਨੂੰ ਪਤਾ ਹੁੰਦਾ, ਜਦੋਂ ਕੱਲ੍ਹ ਤੁਸੀਂ ਉਨ੍ਹਾਂ ਨੂੰ ਨੇਮ ਕਰ ਦਿੱਤਾ ਸੀ, ਵਾਚ ਐਂਡ ਵਾਰਡ ਸਟਾਫ ਵਾਲਿਆਂ ਨੂੰ ਤੁਸੀਂ ਕਹਿ ਦਿੱਤਾ ਸੀ ਕਿ ਇਨ੍ਹਾਂ ਤੇ ਕਾਰਵਾਈ ਕਰੋ ਤਾਂ ਉਨ੍ਹਾਂ ਨੂੰ ਚਲੇ ਜਾਣਾ ਚਾਹੀਦਾ ਸੀ । ਲੇਕਿਨ ਅਕਾਲੀ ਦਲ ਵਾਲੇ ਪੁਰਾਣੇ ਸਨ ਜਦ ਤੁਸੀਂ ਕੱਲ੍ਹ ਅਕਾਲੀ ਦਲ ਵਾਲਿਆਂ ਨੂੰ ਨੇਮ ਕੀਤਾ ਤਾਂ ਸਰਦਾਰ ਸੁਖਬੀਰ ਸਿੰਘ ਬਾਦਲ ਜੀ ਅਤੇ ਉਨ੍ਹਾਂ ਨਾਲ ਸਾਰੇ ਉਧਰ ਨੂੰ ਖਿਸਕ ਗਏ । ਉਨ੍ਹਾਂ ਨੂੰ ਤਾਂ ਪਤਾ ਸੀ ਕਿ ਅਸੀਂ ਇਧਰੋਂ ਨਹੀਂ

[ ਸੰਸਦੀ ਮਾਮਲੇ ਮੰਤਰੀ ]

ਜਾਣਾ। ਉਹ ਚੁੱਪ ਚਾਪ ਉਧਰੋਂ ਚਲੇ ਗਏ। ਉਨ੍ਹਾਂ ਨੇ ਉਹ ਅਨਟੂਵਾਰਡ ਇੰਸੀਡੈਂਟ ਜਿਹੜਾ ਮਾਰਸ਼ਲ ਨਾਲ ਜਾਂ ਸਟਾਫ ਦੇ ਨਾਲ ਹੋਣਾ ਸੀ ਤਾਂ ਪਹਿਲਾਂ ਹੀ ਉਨ੍ਹਾਂ ਨੇ ਉਹ ਸਿਚੂਏਸ਼ਨ ਕਰੀਏਟ ਨਹੀਂ ਹੋਣ ਦਿੱਤੀ । ਇਹ ਕਰੀਏਟ ਤਾਂ ਹੋਈ ਕਿਉਂਕਿ ਆਮ ਆਦਮੀ ਪਾਰਟੀ ਵਾਲਿਆਂ ਨੂੰ ਪਤਾ ਨਹੀਂ ਲੇਕਿਨ ਇਸ ਗੱਲ ਦਾ ਅੱਜ ਨੋਟਿਸ ਲੈ ਲਵੋ। ਸਪੀਕਰ ਸਾਹਿਬ, ਕੱਲ੍ਹ ਸਭ ਤੋਂ ਵੱਡੀ ਗੱਲ ਜਿਹੜੀ ਹੋਈ ਹੈ ਕਿ ਉਹ ਪੁਲਿਸ ਵਿੱਚ ਇੱਕ ਅੰਮ੍ਰਿਤਧਾਰੀ ਕੁੜੀ ਹੈ। ਮੈਂ ਇਥੋਂ ਬੈਠ ਦੇਖ ਰਿਹਾ ਸੀ ਤੇ ਉਸ ਦੇ ਮੁੱਕਾ ਮਾਰਿਆ ਗਿਆ। ਜਿਸ ਵੇਲੇ ਇਹ ਹੋਇਆ ਮੇਰਾ ਖਿਆਲ ਹੈ ਕਿ ਸ਼ਾਇਦ ਤੁਸੀਂ ਵੀ ਵੇਖਿਆ ਹੋਵੇਗਾ, ਨਾ ਤੁਸੀਂ ਇਸ ਗੱਲ ਦਾ ਨੋਟਿਸ ਲਿਆ, ਨਾ ਤੁਸੀਂ ਵਾਚ ਐਂਡ ਵਾਰਡ ਵਾਲਿਆਂ ਨੂੰ ਆਰਡਰ ਕੀਤਾ..

**ਮਾਨਯੋਗ ਸਪੀਕਰ :** ਮੈਂ ਨਹੀਂ ਦੇਖਿਆ ਜੀ।

**ਸੰਸਦੀ ਮਾਮਲੇ ਮੰਤਰੀ :** ਉਸ ਦੇ ਮੁੱਕਾ ਮਾਰਿਆ ਗਿਆ। ਮੈਂ ਮੈਂਬਰ ਸਾਹਿਬ ਨੂੰ ਪਛਾਣਦਾ ਨਹੀਂ ਸੀ ਕਿ ਇਹ ਕੌਣ ਹਨ, ਨਵੇਂ ਹਨ ਪਰ ਬਾਅਦ ਵਿਚ ਮੈਂ ਉਨ੍ਹਾਂ ਦਾ ਨਾਮ ਸੁਣਿਆ ਹੈ ਕਿ ਉਹ ਸ਼ਾਇਦ ਬਲਾਚੌਰ ਦੇ ..

**ਮਾਨਯੋਗ ਸਪੀਕਰ :** ਗੜ੍ਹਸ਼ੰਕਰ ਦੇ।

**ਸੰਸਦੀ ਮਾਮਲੇ ਮੰਤਰੀ :** ਗੜ੍ਹਸ਼ੰਕਰ ਦੇ ਐਮ.ਐਲ.ਏ. ਹਨ। ਇਕ ਤਾਂ ਕੱਲ੍ਹ ਇਹ ਗੱਲ ਬੜੀ ਮੰਦਭਾਗੀ ਹੋਈ ਹੈ। ਉਸ ਤੋਂ ਬਾਅਦ ਇੱਕ ਸਟਾਫ ਦੇ ਬੰਦੇ ਦੀ ਬਾਂਹ ਟੁੱਟ ਗਈ ਹੈ ਅਤੇ ਉਸ ਨੂੰ ਪਲੱਸਤਰ ਲਗਵਾਉਣਾ ਪਿਆ, ਉਸ ਨੂੰ ਵੀ ਉਨ੍ਹਾਂ ਨੇ ਬੜੇ ਜ਼ੋਰ ਨਾਲ ਧੱਕਾ ਮਾਰਿਆ ਹੈ । ਸਰ, ਇੱਕ ਸਭ ਤੋਂ ਵੱਡੀ ਗੱਲ ਇਹ ਹੋਈ ਹੈ ਕਿ ਮੈਨੂੰ 37 ਸਾਲ ਹੋ ਗਏ ਹਨ, 1980 ਵਿੱਚ ਪਹਿਲੀ ਵਾਰੀ ਐਮ.ਐਲ.ਏ. ਬਣਿਆ ਸੀ, ਪਿਛਲੇ ਦਸ ਸਾਲ ਅਸੀਂ ਆਪੋਜ਼ੀਸ਼ਨ ਵਿਚ ਰਹੇ ਹਾਂ, ਸਪੀਕਰ ਸਾਹਿਬ, ਬੜਾ ਕੁਝ ਹੋਇਆ ਪਰ ਅਸੀਂ ਕਦੇ ਕੁਐਸਚਨ ਆਵਰ ਡਿਸਟਰਬ ਨਹੀਂ ਕੀਤਾ, ਕੁਐਸਚਨ ਆਵਰ ਵਿਚ ਕਦੇ ਡਿਸਕਸ਼ਨ ਨਹੀਂ ਲਿਆਂਦੀ । ਕੁਐਸਚਨ ਆਵਰ ਕੰਪਲੀਟ ਹੁੰਦਿਆਂ ਹੀ ਮਾਮਲਾ ਜ਼ੀਰੋ ਆਵਰ ਵਿਚ ਲਿਆਈਦਾ ਸੀ । ਇਹ ਜਿਹੜੀ ਇੱਕ ਨਵੀਂ ਰਵਾਇਤ ਪੈਦਾ ਹੋ ਰਹੀ ਹੈ ਕਿ ਕੁਐਸਚਨ ਆਵਰ ਖਰਾਬ ਕੀਤਾ ਜਾਵੇ। ਸਰ, ਕੁਐਸਚਨ ਆਵਰ ਕੀ ਹੁੰਦਾ ਹੈ ਉਸ ਵਿੱਚ ਐਮ.ਐਲ.ਏਜ਼ ਆਪਣੇ ਇਲਾਕੇ ਦੇ ਕੁਐਸਚਨਜ਼ ਕਰਦੇ ਹਨ, ਆਪਣੇ ਲੋਕਾਂ ਦੀ ਵੈਲਫੇਅਰ ਨਾਲ ਸਬੰਧਤ ਕੁਐਸਚਨ ਕਰਦੇ ਹਨ । ਉਹ ਸਿੱਧੀ ਗੱਲ ਪੰਜਾਬ ਦੇ ਲੋਕਾਂ ਨਾਲ ਜੁੜੀ ਹੋਈ ਹੁੰਦੀ ਹੈ, ਉਨ੍ਹਾਂ ਦੀ ਵੈਲਫੇਅਰ ਦੇ ਨਾਲ ਜੁੜੀ ਹੋਈ ਹੁੰਦੀ ਹੈ। ਮੈਂ ਸਮਝਦਾ ਹਾਂ ਕਿ ਉਨ੍ਹਾਂ ਦਾ ਜਿਹੜਾ ਬਤੌਰ ਐਮ.ਐਲ.ਏ., ਰੋਲ ਕੁਐਸਚਨ ਆਵਰ ਨੂੰ ਖਰਾਬ ਕਰਨਾ ਹੈ ਉਹ ਬੜਾ ਇਰਰਿਸਪਾਂਸੀਬਲ ਰੋਲ ਹੈ। ਕੱਲ੍ਹ ਪ੍ਰੋਫੈਸਰ ਬਲਜਿੰਦਰ ਕੌਰ ਜੀ ਦਾ ਇੱਕ ਬੜਾ ਇੰਪਾਰਟੈਂਟ ਕੁਐਸਚਨ ਲੱਗਿਆ ਹੋਇਆ ਸੀ। ਮੈਨੂੰ ਬੜਾ ਦੁੱਖ ਹੋਇਆ ਕਿ ਉਹ ਵਿਚਾਰੇ ਇੱਥੇ ਖੜ੍ਹੇ ਸਾਡੇ ਸਤਿਕਾਰਯੋਗ ਹਨ, ਨਾਅਰੇ ਲਗਾਉਂਦੇ ਰਹੇ ਪਰ ਮੈਂ ਦੇਖ ਰਿਹਾ ਸੀ,

She was asking ਫੂਲਕਾ ਜੀ ਨੂੰ ਪੁੱਛ ਰਹੇ ਸੀ ਕਿ ਮੈਂ ਸਵਾਲ ਕਰ ਲਵਾਂ ਕਿਉਂਕਿ ਬੜਾ ਇੰਪਾਰਟੈਂਟ ਕੁਐਸਚਨ ਸੀ, ਕੁਐਸਚਨ ਲੋਕਾਂ ਦੇ ਨਾਲ ਜੁੜੇ ਹੋਏ ਹੁੰਦੇ ਹਨ। ਸੋ, ਮੈਂ ਸਮਝਦਾ ਹਾਂ ਕਿ ਐਮ.ਐਲ.ਏਜ਼ ਵੱਲੋਂ ਕੁਐਸਚਨ ਆਵਰ ਨੂੰ ਡਿਸਟਰਬ ਕਰਨਾ ਇਕ ਬੜੀ ਮੰਗਭਾਗੀ ਗੱਲ ਹੈ।

-----

**ਨਿਸ਼ਾਨ ਵਾਲਾ ਪ੍ਰਸ਼ਨ ਨੰ: 514**

(ਸਬੰਧਤ ਮਾਨਯੋਗ ਮੈਂਬਰ ਦੇ ਸਦਨ ਵਿਚ ਹਾਜ਼ਰ ਨਾ ਹੋਣ ਕਾਰਨ ਇਹ ਪ੍ਰਸ਼ਨ ਪੇਸ਼ ਨਹੀਂ ਹੋਇਆ।)

-----

**ਨਿਸ਼ਾਨ ਵਾਲਾ ਪ੍ਰਸ਼ਨ ਨੰ: 523****

**ਮਾਨਯੋਗ ਸਪੀਕਰ :** ਇਸ ਪ੍ਰਸ਼ਨ ਦੀ ਐਕਸਟੈਨਸ਼ਨ ਮੰਗੀ ਗਈ ਹੈ ਜੋ ਕਿ ਮੈਂ ਅਲਾਓ ਕਰ ਦਿੱਤੀ ਹੈ।

-----

**ਪੀ.ਆਈ.ਡੀ.ਬੀ. ਸਕੀਮਾਂ ਅਧੀਨ ਪਿੰਡਾਂ ਅਤੇ ਢਾਣੀਆਂ ਦੀਆਂ ਗਲੀਆਂ ਦੇ ਫਰਸ਼ ਬਣਾਉਣਾ**

***485. ਸ਼੍ਰੀਮਤੀ ਸਤਕਾਰ ਕੌਰ:** ਕੀ ਪੇਂਡੂ ਵਿਕਾਸ ਅਤੇ ਪੰਚਾਇਤ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਸਰਕਾਰ ਨਿਕਟ ਭਵਿੱਖ ਵਿਚ ਪੀ.ਆਈ.ਡੀ.ਬੀ. ਸਕੀਮਾਂ ਅਧੀਨ ਪਿੰਡਾਂ ਅਤੇ ਢਾਣੀਆਂ ਦੀਆਂ ਗਲੀਆਂ ਦੇ ਫਰਸ਼ ਅਤੇ ਸਰਹੱਦੀ ਜ਼ਿਲ੍ਹੇ ਫਿਰੋਜ਼ਪੁਰ ਦੇ ਪਿੰਡਾਂ ਦੇ ਤਲਾਬਾਂ ਤੋਂ ਆ ਰਹੇ ਗੰਦੇ ਪਾਣੀ ਦੇ ਨਿਕਾਸ ਲਈ ਵਿਸ਼ੇਸ਼ ਵਿਕਾਸ ਫੰਡ ਮਨਜ਼ੂਰ ਕਰਨ ਤੇ ਵਿਚਾਰ ਕਰ ਰਹੀ ਹੈ; ਜੇਕਰ ਅਜਿਹਾ ਹੋਵੇ ਤਾਂ ਇਸਦੇ ਵੇਰਵੇ ਕੀ ਹਨ?

**ਸਰਦਾਰ ਤ੍ਰਿਪਤ ਰਜਿੰਦਰ ਸਿੰਘ ਬਾਜਵਾ:** ਨਹੀਂ ਜੀ। ਹਾਲ ਦੀ ਘੜੀ ਅਜਿਹੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਨਹੀਂ ਹੈ।

**ਸ਼੍ਰੀਮਤੀ ਸਤਕਾਰ ਕੌਰ :** ਸਪੀਕਰ ਸਾਹਿਬ, ਮੰਤਰੀ ਜੀ ਨੇ ਆਪਣੇ ਜਵਾਬ ਵਿੱਚ ਕਿਹਾ ਹੈ ਕਿ ਹਾਲ ਦੀ ਘੜੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਨਹੀਂ ਹੈ। ਸਪੀਕਰ ਸਾਹਿਬ, ਮੈਂ ਤੁਹਾਡੇ ਜ਼ਰੀਏ ਮੰਤਰੀ ਜੀ ਨੂੰ ਦੱਸਣਾ ਚਾਹੁੰਦੀ ਹਾਂ ਕਿ ਮੇਰਾ ਜਿਹੜਾ ਏਰੀਆ ਹੈ ਉਹ ਬਾਰਡਰ ਏਰੀਆ ਹੈ, ਪੱਛੜਿਆ ਇਲਾਕਾ ਹੈ। ਪਿਛਲੀ ਸਰਕਾਰ ਨੇ ਇਸ ਵੱਲ

** For Starred Question No. 523 and reply thereto, please see Appendix to this Debates.

[ ਸ਼੍ਰੀਮਤੀ ਸਤਕਾਰ ਕੌਰ ]

ਕੋਈ ਵੀ ਧਿਆਨ ਨਹੀਂ ਦਿੱਤਾ । ਇਨ੍ਹਾਂ ਪਿੰਡਾਂ ਅਤੇ ਢਾਣੀਆਂ ਦੀਆਂ ਗਲੀਆਂ ਦੇ ਫਰਸ਼ਾਂ ਨੂੰ ਤੁਰੰਤ ਪੱਕੇ ਕਰਨ ਦੀ ਲੋੜ ਹੈ ਅਤੇ ਪਿੰਡਾਂ ਦੇ ਤਲਾਬਾਂ ਵਿਚਲੇ ਗੰਦੇ ਪਾਣੀ ਦੇ ਨਿਕਾਸ ਦੀ ਵੀ ਜ਼ਰੂਰਤ ਹੈ। ਇਸ ਲਈ ਕੀ ਮੰਤਰੀ ਜੀ ਵਿਸ਼ਵਾਸ ਦਿਵਾਉਣਗੇ ਕਿ ਮੇਰੇ ਹਲਕੇ ਦੇ ਪਿੰਡਾਂ ਅਤੇ ਢਾਣੀਆਂ ਦੇ ਫਰਸ਼ਾਂ ਨੂੰ ਪੱਕਾ ਕਰਨ ਲਈ ਟਾਈਮ ਬਾਊਂਡ ਕੀਤਾ ਜਾਵੇਗਾ?

**ਮੰਤਰੀ :** ਸਪੀਕਰ ਸਾਹਿਬ, ਇਨ੍ਹਾਂ ਦਾ ਸਵਾਲ ਬੜਾ ਵਾਜਬ ਹੈ ਅਤੇ ਮੰਗ ਵੀ ਜਾਇਜ਼ ਹੈ। ਸਪੀਕਰ ਸਾਹਿਬ, ਇਸ ਬਾਰੇ ਫਾਈਨਾਂਸ ਮਨਿਸਟਰ ਸਾਹਿਬ ਨਾਲ ਸਲਾਹ ਕਰਕੇ ਬਜਟ ਐਲੋਕੇਸ਼ਨ ਕਰਵਾਂਵਾਗੇ। ਉਸ ਮੁਤਾਬਿਕ ਉਸ ਹਲਕੇ ਦਾ ਜੋ ਹਿੱਸਾ ਬਣਦਾ ਹੈ, ਉਹ ਦੇਵਾਂਗੇ। ਇਨ੍ਹਾਂ ਦੀ ਮੰਗ ਵਾਜਬ ਹੈ ਅਤੇ ਕੋਸ਼ਿਸ਼ ਕਰਾਂਗੇ ਕਿ ਵੱਧ ਤੋਂ ਵੱਧ ਇਨ੍ਹਾਂ ਦੀ ਮਦਦ ਹੋ ਸਕੇ।

**ਸਰਦਾਰ ਹਰਪ੍ਰਤਾਪ ਸਿੰਘ :** ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੰਤਰੀ ਸਾਹਿਬ ਨੂੰ ਬੇਨਤੀ ਕਰਨ ਲੱਗਿਆ ਹਾਂ ਅਤੇ ਸਵਾਲ ਵੀ ਪਾਉਣ ਲੱਗਿਆ ਹਾਂ, ਸਾਡੇ ਪਿੰਡਾਂ ਵਿੱਚ ਛੱਪੜ ਦੀ ਬਹੁਤ ਮਹੱਤਤਾ ਬਣ ਗਈ ਹੈ। ਜੇ ਛੱਪੜ ਨਾ ਰਹੇ ਤਾਂ ਸਾਰਾ ਪਾਣੀ ਗਲੀਆਂ-ਨਾਲੀਆਂ ਵਿੱਚ ਰਹਿੰਦਾ ਹੈ। ਸਾਡੇ ਕਾਫੀ ਛੱਪੜ ਅਜਿਹੇ ਹਨ, ਜਿਨ੍ਹਾਂ ਦੀ ਬਾਊਂਡਰੀ ਵਾਲ ਹਾਲੇ ਤੱਕ ਨਹੀਂ ਹੋਈ। ਜਿਸ ਕਾਰਨ ਲੋਕ ਉਨ੍ਹਾਂ ਛੱਪੜਾਂ ਨੂੰ ਐਨਕ੍ਰੋਚ ਕਰ ਰਹੇ ਹਨ। ਕੀ ਕੋਈ ਐਸੀ ਤਜਵੀਜ਼ ਹੈ ਕਿ ਉਨ੍ਹਾਂ ਛੱਪੜਾਂ ਦੀ ਬਾਊਂਡਰੀ ਵਾਲ ਕੀਤੀ ਜਾ ਸਕੇ ਤਾਂਕਿ ਅਜਨਾਲੇ ਹਲਕੇ ਦੇ ਰਹਿੰਦੇ ਛੱਪੜ ਜਿਨ੍ਹਾਂ ਦੀਆਂ ਕੰਧਾਂ ਨਹੀਂ ਬਣਾਈਆਂ ਗਈਆਂ ਕੀ ਉਨ੍ਹਾਂ ਵਾਸਤੇ ਸਾਨੂੰ ਫੰਡਜ਼ ਮੁਹੱਈਆ ਕਰਵਾਏ ਜਾਣਗੇ? ਇਹ ਮੇਰਾ ਸਵਾਲ ਹੈ।

**ਮੰਤਰੀ :** ਸਪੀਕਰ ਸਾਹਿਬ, ਹਾਲੇ ਤਾਂ ਅਜਨਾਲਾ ਹਲਕੇ ਵਾਸਤੇ ਕੋਈ ਸਪੈਸ਼ਲ ਸਕੀਮ ਨਹੀਂ ਹੈ। ਬਾਰਡਰ ਏਰੀਆ ਡਿਵੈਲਪਮੈਂਟ ਵਾਸਤੇ ਜਿਹੜਾ ਫੰਡ ਮਿਲਦਾ ਹੈ, ਉਸ ਨੂੰ ਇਸ ਵਾਸਤੇ ਵਰਤਣ ਦੀ ਕੋਸ਼ਿਸ਼ ਕਰਾਂਗੇ।

----

## ਧੂਰੀ ਤੋਂ ਬਰਨਾਲਾ ਵਾਇਆ ਸੇਖਾ ਸੜਕ ਦੀ ਮੁਰੰਮਤ

*499. **ਸ਼੍ਰੀ ਦਲਵੀਰ ਸਿੰਘ ਗੋਲਡੀ:** ਕੀ ਲੋਕ ਨਿਰਮਾਣ (ਭ ਅਤੇ ਮ) ਮੰਤਰੀ ਕਿਰਪਾ ਕਰਕੇ ਦੱਸਣਗੇ ਕਿ-

(ੳ) ਕੀ ਇਹ ਠੀਕ ਹੈ ਕਿ ਧੂਰੀ ਤੋਂ ਬਰਨਾਲਾ ਵਾਇਆ ਸੇਖਾ ਸੜਕ ਖਸਤਾ ਹਾਲਤ ਵਿਚ ਹੈ; ਜੇਕਰ ਅਜਿਹਾ ਹੋਵੇ ਤਾਂ ਪਿਛਲੀ ਵਾਰ ਇਸ ਸੜਕ ਦੀ ਮੁਰੰਮਤ ਕਿਹੜੀ ਮਿਤੀ ਨੂੰ ਕੀਤੀ ਗਈ ਸੀ;

(ਅ) ਉਪਰੋਕਤ ਸੜਕ ਦੀ ਮੁਰੰਮਤ ਕਰਨ ਲਈ ਸਰਕਾਰ ਦੀ ਤਜਵੀਜ਼ ਕੀ ਹੈ ਅਤੇ ਅਜਿਹਾ ਕਦੋਂ ਤੱਕ ਕੀਤੇ ਜਾਣ ਦੀ ਸੰਭਾਵਨਾ ਹੈ?

**ਸ਼੍ਰੀਮਤੀ ਰਜ਼ੀਆ ਸੁਲਤਾਨਾ:** ਸ਼੍ਰੀਮਾਨ ਜੀ, (ੳ) ਹਾਂ ਜੀ। ਇਸ ਸੜਕ ਦੀ ਮੁਰੰਮਤ ਮਹੀਨਾ ਮਈ, 2009, ਜੂਨ, 2013 ਅਤੇ ਅਗਸਤ, 2014 ਵਿੱਚ ਕੀਤੀ ਗਈ ਸੀ।

(ਅ) ਇਸ ਸੜਕ ਦੀ ਰਿਪੇਅਰ ਕਰਨ ਲਈ ਵਿੱਤ ਵਿਭਾਗ ਤੋਂ ਲੋੜੀਂਦੇ ਫੰਡ ਮੁਹੱਈਆ ਕਰਵਾਉਣ ਉਪਰੰਤ ਹੀ ਕੰਮ ਕਰਵਾਇਆ ਜਾਵੇਗਾ।

**ਸ਼੍ਰੀ ਦਲਵੀਰ ਸਿੰਘ ਗੋਲਡੀ :** ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੰਤਰੀ ਸਾਹਿਬਾ ਨੂੰ ਇਹ ਦੱਸਣਾ ਚਾਹੁੰਦਾ ਹਾਂ ਕਿ ਇਹ ਸੜਕ ਸਾਡੇ ਦੋ ਧਾਰਮਿਕ ਅਸਥਾਨਾਂ ਨਾਲ ਜੁੜਦੀ ਹੈ। ਧੂਰੀ ਅਤੇ ਬਰਨਾਲਾ ਨੂੰ ਵੀ ਇਹੀ ਰਸਤਾ ਜਾਂਦਾ ਹੈ। ਸਪੀਕਰ ਸਾਹਿਬ, ਮੈਂ ਕਹਿਣਾ ਚਾਹੁੰਦਾ ਹਾਂ ਕਿ ਪਿੰਡ ਅਬਲੋਵਾਲ ਦੀ ਧਰਤੀ 9ਵੇਂ ਪਾਤਸ਼ਾਹ ਅਤੇ 10ਵੇਂ ਪਾਤਸ਼ਾਹ ਦੀ ਚਰਨਛੋਹ ਪ੍ਰਾਪਤ ਹੈ। ਇਸ ਦੇ ਨਾਲ ਹੀ ਪਿੰਡ ਰਣੀਕੇ ਵਿੱਚ ਪੁਰਾਤਨ ਸ਼ਿਵ ਮੰਦਿਰ ਹੈ, ਧੂਰੀ ਅਤੇ ਸੰਗਰੂਰ ਹਲਕੇ ਦੇ ਲੋਕਾਂ ਦੀ ਉਥੇ ਆਸਥਾ ਹੈ ਪਰ ਉਥੋਂ ਦੀ ਸੜਕ ਸਾਲ 2009 ਦੀ ਟੁੱਟੀ ਹੋਈ ਹੈ। ਉਸ ਤੋਂ ਬਾਅਦ ਇਕ ਵਾਰ ਰਿਪੇਅਰ ਹੋਈ ਸੀ। ਸਰ, ਜਦੋਂ ਕੋਈ ਸੜਕ ਬਣਦੀ ਹੈ ਤਾਂ ਉਸ ਦੀ ਮਿਆਦ ਘੱਟੋ ਘੱਟ ਤਿੰਨ ਸਾਲ ਜਾਂ ਪੰਜ ਸਾਲ ਦੀ ਹੁੰਦੀ ਹੈ ਪਰ ਇਹ ਸੜਕ ਸਾਲ 2009 ਵਿੱਚ ਰਿਪੇਅਰ ਹੋਈ ਸੀ ਅਤੇ ਉਸ ਤੋਂ ਬਾਅਦ ਜੂਨ, 2013 ਵਿੱਚ ਠੇਕੇਦਾਰ ਵਲੋਂ ਰਿਪੇਅਰ ਕੀਤੀ ਗਈ, ਸਾਲ 2014 ਵਿੱਚ ਫੇਰ ਰਿਪੇਅਰ ਹੋਈ, ਉਸ ਤੋਂ ਬਾਅਦ ਅੱਜ ਤੱਕ ਉਥੇ ਬਹੁਤ ਜ਼ਿਆਦਾ ਡੂੰਘੇ ਟੋਏ ਪਏ ਹੋਏ ਹਨ। ਮੈਂ ਦੱਸਣਾ ਚਾਹੁੰਦਾ ਹਾਂ ਕਿ ਇਹ ਸਾਨੂੰ ਮੇਨ ਰੋਡ ਨਾਲ ਕੁਨੈਕਟ ਕਰਨ ਵਾਲੀ ਸੜਕ ਹੈ। ਸਪੀਕਰ ਸਾਹਿਬ, ਮੈਂ ਤੁਹਾਡੇ ਮਾਧਿਅਮ ਰਾਹੀਂ ਮੰਤਰੀ ਸਾਹਿਬ ਨੂੰ ਇਹ ਬੇਨਤੀ ਕਰਦਾ ਹਾਂ ਕਿ ਸਾਡੇ ਧੂਰੀ ਹਲਕੇ ਦਾ ਇਹ ਕੰਮ ਸਭ ਤੋਂ ਪਹਿਲਾਂ ਹੋਣਾ ਚਾਹੀਦਾ ਹੈ ਕਿਉਂਕਿ ਸਾਡੇ ਏਰੀਏ ਦੀ ਆਸਥਾ ਇਨ੍ਹਾਂ ਪਵਿੱਤਰ ਸਥਾਨਾਂ ਨਾਲ ਜੁੜੀ ਹੋਈ ਹੈ।

**ਮੰਤਰੀ :** ਸਪੀਕਰ ਸਾਹਿਬ, ਫੰਡ ਮੁਹੱਈਆ ਹੋਣ ਤੇ ਅਸੀਂ ਇਸ ਸੜਕ ਦੀ ਮੁਰੰਮਤ ਕਰਵਾ ਦੇਵਾਂਗੇ।

-----

## ਗਰੀਬਾਂ ਨੂੰ ਰਿਹਾਇਸ਼ੀ ਪਲਾਟ ਅਲਾਟ ਕਰਨਾ

***475. ਸਰਦਾਰ ਸੰਤੋਖ ਸਿੰਘ :** ਕੀ ਪੇਂਡੂ ਵਿਕਾਸ ਅਤੇ ਪੰਚਾਇਤ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ–

(ੳ) ਕੀ ਭਵਿੱਖ ਵਿੱਚ ਸਰਕਾਰ ਦੀ ਪਿੰਡਾਂ ਦੇ ਗਰੀਬਾਂ ਨੂੰ ਰਿਹਾਇਸ਼ੀ ਪਲਾਟ ਅਲਾਟ ਕਰਨ ਦੀ ਕੋਈ ਯੋਜਨਾ ਹੈ; ਜੇਕਰ ਅਜਿਹਾ ਹੋਵੇ ਤਾਂ ਇਸ ਦੇ ਵੇਰਵੇ ਕੀ ਹਨ;

[ ਸਰਦਾਰ ਸੰਤੋਖ ਸਿੰਘ ]

(ਅ) ਕੀ ਉਕਤ ਪਲਾਟ ਮਾਲਕੀ ਹੱਕਾਂ ਨਾਲ ਅਲਾਟ ਕੀਤੇ ਜਾਣਗੇ; ਜੇਕਰ ਨਹੀਂ ਤਾਂ ਇਸਦੇ ਕਾਰਨ ਕੀ ਹਨ?

**ਸਰਦਾਰ ਤ੍ਰਿਪਤ ਰਜਿੰਦਰ ਸਿੰਘ ਬਾਜਵਾ :** ਸ਼੍ਰੀਮਾਨ ਜੀ।(ੳ) ਪੰਜ ਪੰਜ ਮਰਲੇ ਦੇ ਪਲਾਟ ਦੇਣ ਦੀ ਵਿਵਸਥਾ ਕਿ ਪੰਜਾਬ ਵਿਲੇਜ਼ ਕਾਮਨ ਲੈਂਡਜ਼ (ਰੈਗੂਲੇਸ਼ਨ) ਰੂਲਜ਼, 1964 ਦੇ ਨਿਯਮ 13-ਏ ਅਨੁਸਾਰ ਅਤੇ ਪੰਜਾਬ ਸਰਕਾਰ ਦੀਆਂ ਹਦਾਇਤਾਂ ਪੱਤਰ ਨੰਬਰ ਡੀ.ਡੀ.ਐਲ.ਡੀ./2001/1721, ਮਿਤੀ 17.4.2001 ਦੇ ਅਨੁਸਾਰ ਪਿੰਡ ਦੇ ਬੇਘਰੇ/ ਬੇਜ਼ਮੀਨੇ ਵਿਅਕਤੀਆਂ ਨੂੰ ਜ਼ਿਲ੍ਹਾ ਪੱਧਰ ਤੇ ਕੀਤੀ ਗਈ ਹੈ।

(ਅ) ਹਾਂ ਜੀ, ਇਸ ਸਬੰਧੀ ਵਿਭਾਗ ਵੱਲੋਂ ਮਿਤੀ 14.8.2008 ਰਾਹੀਂ ਪਹਿਲਾਂ ਹੀ ਹਦਾਇਤਾਂ ਜਾਰੀ ਕੀਤੀਆਂ ਹੋਈਆਂ ਹਨ।

**ਸਰਦਾਰ ਸੰਤੋਖ ਸਿੰਘ :** ਧੰਨਵਾਦ ਜੀ।

**ਮਾਨਯੋਗ ਸਪੀਕਰ :** ਪ੍ਰਸ਼ਨ ਖਤਮ ਹੁੰਦੇ ਹਨ।

-----

## UNSTARRED QUESTIONS AND ANSWERS

### ਪੱਲਣਪੁਰ ਰੈਸਟ ਹਾਊਸ ਨੂੰ ਵਿਕਸਤ ਕਰਨਾ

**107. ਸਰਦਾਰ ਕੁਲਤਾਰ ਸਿੰਘ ਸੰਧਵਾਂ :** ਕੀ ਜੰਗਲਾਤ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ-

(ੳ) ਕੀ ਇਹ ਠੀਕ ਹੈ ਕਿ ਚੰਡੀਗੜ੍ਹ ਦੇ ਨੇੜੇ ਪਿੰਡ ਪੱਲਣਪੁਰ ਵਿਖੇ ਜੰਗਲਾਤ ਵਿਭਾਗ ਦਾ ਰੈਸਟ ਹਾਊਸ ਪਿਛਲੇ ਪੰਜ ਸਾਲਾਂ ਵਿਚ ਵਿਕਸਤ ਨਹੀਂ ਕੀਤਾ ਗਿਆ; ਜੇਕਰ ਨਹੀਂ ਤਾਂ ਇਸ ਰੈਸਟ ਹਾਊਸ ਤੇ ਪਿਛਲੇ ਪੰਜ ਸਾਲਾਂ ਦੌਰਾਨ ਕੀਤੇ ਗਏ ਖਰਚ ਦੀ ਡਿਟੇਲ ਦਿੱਤੀ ਜਾਵੇ;

(ਅ) ਕੀ ਇਹ ਵੀ ਠੀਕ ਹੈ ਕਿ ਉਪਰੋਕਤ ਰੈਸਟ ਹਾਊਸ ਦੇ ਨਾਲ ਦੀ ਜਾਂਦੀ ਸੜਕ ਨੂੰ ਤਾਰਾਂ ਲਗਾ ਕੇ ਬੈਰੀਕੇਡਿੰਗ ਕੀਤਾ ਗਿਆ ਹੈ ਤਾਂ ਕਿ ਇਸ ਰੈਸਟ ਹਾਊਸ ਵਿਚ ਐਂਟਰੀ ਨਾ ਹੋ ਸਕੇ; ਜੇਕਰ ਅਜਿਹਾ ਹੋਵੇ ਤਾਂ ਇਸ ਦੇ ਕਾਰਨ ਅਤੇ ਜ਼ਿੰਮੇਵਾਰ ਅਧਿਕਾਰੀ ਦੇ ਖਿਲਾਫ ਕੀਤੀ ਜਾ ਰਹੀ ਕਰਵਾਈ ਦੇ ਵੇਰਵੇ ਕੀ ਹਨ?

**ਸਰਦਾਰ ਸਾਧੂ ਸਿੰਘ :** ਸ਼੍ਰੀਮਾਨ ਜੀ,

(ੳ) ਪੱਲਣਪੁਰ ਵਿਖੇ ਵਣ ਵਿਭਾਗ ਦਾ ਕੋਈ ਰੈਸਟ ਹਾਊਸ ਨਹੀਂ ਹੈ। ਪ੍ਰੰਤੂ ਵਣ ਚੇਤਨਾ ਕੇਂਦਰ ਮੌਜੂਦ ਹੈ, ਜੋ ਕਿ ਸਾਲ 2010 ਤੋਂ ਕੁਝ ਰੱਖ-ਰਖਾਓ ਸਮੱਸਿਆਵਾਂ ਕਾਰਨ ਚਾਲੂ ਹਾਲਾਤ ਵਿੱਚ ਨਹੀਂ ਹੈ। ਪਿਛਲੇ ਪੰਜ ਸਾਲਾਂ ਦੌਰਾਨ ਇਸ ਵਣ ਚੇਤਨਾ ਕੇਂਦਰ ਲਈ ਰੱਖੇ ਗਏ ਚੌਕੀਦਾਰ ਦੀ ਤਨਖਾਹ ਵਜੋਂ 5,50,284/- ਰੁਪਏ (ਪੰਜ ਲੱਖ ਪੰਜਾਹ ਹਜਾਰ

ਦੋ ਸੌ ਚੋਰਾਸੀ ਰੁਪਏ) ਖਰਚਾ ਹੀ ਕੀਤਾ ਗਿਆ ਹੈ ਅਤੇ ਇਸ ਤੋਂ ਇਲਾਵਾ ਬਿਜਲੀ ਦੇ ਬਿੱਲ 2,11,921/- ਰੁਪਏ (ਦੋ ਲੱਖ ਗਿਆਰਾਂ ਹਜਾਰ ਨੌਂ ਸੌ ਇੱਕੀ ਰੁਪਏ) ਦੀ ਅਦਾਇਗੀ ਕੀਤੀ ਗਈ ਹੈ।

(ਅ) ਨਹੀਂ ਜੀ। ਵਣ ਚੇਤਨਾ ਕੇਂਦਰ ਨੂੰ ਐਂਟਰੀ ਲਈ ਜਾਣ ਵਾਲੀ ਸੜਕ ਚਾਲੂ ਹਾਲਤ ਵਿੱਚ ਹੈ।

----

**ਬਿਨਾਂ ਨਿਸ਼ਾਨ ਵਾਲਾ ਪ੍ਰਸ਼ਨ ਨੰ: 65****

(ਇਸ ਪ੍ਰਸ਼ਨ ਦੀ ਐਕਸਟੈਨਸ਼ਨ ਮੰਗੀ ਗਈ ਹੈ।)

-----

**ਪੰਜਾਬ ਵਿੱਚ ਪੀ.ਜੀ.ਆਈ.ਦੇ ਸੈਟੇਲਾਈਟ ਸੈਂਟਰ ਖੋਲ੍ਹਣਾ**

**103. ਸਰਦਾਰ ਕੁਲਤਾਰ ਸਿੰਘ ਸੰਧਵਾਂ :** ਕੀ ਸਿਹਤ ਅਤੇ ਪਰਿਵਾਰ ਭਲਾਈ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ-

(ੳ) ਕੀ ਇਹ ਠੀਕ ਹੈ ਕਿ ਪੰਜਾਬ ਵਿੱਚ ਪੀ.ਜੀ.ਆਈ. ਸੈਟੇਲਾਈਟ ਸੈਂਟਰ ਸਥਾਪਿਤ ਕੀਤੇ ਜਾਣੇ ਸਨ; ਜੇਕਰ ਅਜਿਹਾ ਹੋਵੇ ਤਾਂ ਸੈਟੇਲਾਈਟ ਸੈਂਟਰ ਪੰਜਾਬ ਵਿੱਚ ਕਿਹੜੇ ਕਿਹੜੇ ਜ਼ਿਲ੍ਹੇ ਵਿੱਚ ਸਥਾਪਤ ਕੀਤੇ ਜਾਣੇ ਸਨ ਅਤੇ ਇਹ ਕਿਹੜੇ ਸਾਲ ਵਿਚ ਮਨਜ਼ੂਰ ਕੀਤੇ ਗਏ ਸਨ;

(ਅ) ਸੈਟੇਲਾਈਟ ਸੈਂਟਰ ਹੁਣ ਤੱਕ ਸਥਾਪਿਤ ਨਾ ਹੋਣ ਦੇ ਕੀ ਕਾਰਨ ਹਨ ਅਤੇ ਇਸ ਦੇ ਲਈ ਕੌਣ ਜ਼ਿੰਮੇਵਾਰ ਹੈ;

(ੲ) ਪੰਜਾਬ ਸਰਕਾਰ ਮਨਜ਼ੂਰ ਹੋਏ ਸੈਟੇਲਾਈਟ ਸੈਂਟਰਾਂ ਨੂੰ ਚਾਲੂ ਕਰਨ ਲਈ ਕੀ ਉਪਰਾਲੇ ਕਰ ਰਹੀ ਹੈ ਅਤੇ ਇਹ ਕਦੋਂ ਚਾਲੂ ਹੋ ਜਾਣਗੇ?

**ਸ਼੍ਰੀ ਬ੍ਰਹਮ ਮਹਿੰਦਰਾ:** (ੳ) ਹਾਂ ਜੀ, ਇਹ ਠੀਕ ਹੈ ਕਿ ਪੰਜਾਬ ਵਿਚ ਪੀ.ਜੀ.ਆਈ., ਸੈਟੇਲਾਈਟ ਸੈਂਟਰ ਸਥਾਪਿਤ ਕੀਤੇ ਜਾਣੇ ਸਨ, ਸੈਟੇਲਾਈਟ ਸੈਂਟਰ ਪੰਜਾਬ ਦੇ 2 ਜ਼ਿਲ੍ਹਿਆਂ ਫਿਰੋਜ਼ਪੁਰ ਅਤੇ ਸੰਗਰੂਰ ਵਿਚ ਸਥਾਪਿਤ ਕੀਤੇ ਜਾਣੇ ਸਨ ਅਤੇ ਇਨ੍ਹਾਂ ਦੋਵੇਂ ਜ਼ਿਲ੍ਹਿਆਂ ਵਿਚ ਪੀ.ਜੀ.ਆਈ. ਸੈਟੇਲਾਈਟ ਸੈਂਟਰ ਸਥਾਪਿਤ ਕਰਨ ਦੀ ਮਨਜ਼ੂਰੀ ਸਾਲ 2013 ਵਿਚ ਦਿੱਤੀ ਗਈ ਸੀ।

(ਅ) ਸੈਟੇਲਾਈਟ ਸੈਂਟਰ ਹੁਣ ਤੱਕ ਸਥਾਪਤ ਨਾ ਹੋਣ ਦੇ ਕਾਰਨ ਹੇਠ ਲਿਖੇ ਅਨੁਸਾਰ ਹਨ:-

---

** For Unstarred Question No. 65 and reply thereto, please see Appendix to this Debates.

**ਸੰਗਰੂਰ**

ਪਿੰਡ ਘਾਬੜਾਂ (ਸੰਗਰੂਰ) ਵਿਖੇ ਪੀ.ਜੀ.ਆਈ. ਸੈਟੇਲਾਈਟ ਸੈਂਟਰ ਸਥਾਪਿਤ ਕੀਤਾ ਗਿਆ ਹੈ। ਇਥੇ ਓ.ਪੀ.ਡੀ. ਸੇਵਾਵਾਂ ਸ਼ੁਰੂ ਹੋ ਚੁੱਕੀਆਂ ਹਨ ਅਤੇ ਬਿਲਡਿੰਗ ਉਸਾਰੀ ਅਧੀਨ ਹੈ।

**ਫਿਰੋਜ਼ਪੁਰ**

ਪ੍ਰਸਤਾਵਿਤ ਪੀ.ਜੀ.ਆਈ. ਸੈਟੇਲਾਈਟ ਸੈਂਟਰ, ਫਿਰੋਜ਼ਪੁਰ ਹਾਲੇ ਵੀ ਪ੍ਰੋਸੈਸ ਅਧੀਨ ਹੈ।

(ੲ) ਪੰਜਾਬ ਸਰਕਾਰ ਮਨਜ਼ੂਰ ਹੋਏ ਸੈਟੇਲਾਈਟ ਸੈਂਟਰਾਂ ਨੂੰ ਚਾਲੂ ਕਰਨ ਲਈ ਲਗਾਤਾਰ ਯਤਨਸ਼ੀਲ ਹੈ ਅਤੇ ਉਮੀਦ ਕਰਦੀ ਹੈ ਕਿ ਇਹ ਜਲਦੀ ਤੋਂ ਜਲਦੀ ਚਾਲੂ ਹੋ ਜਾਣਗੇ।

-----

## ਖੁਰਾਕ ਤੇ ਸਪਲਾਈ ਵਿਭਾਗ ਦੇ ਮੁਲਾਜ਼ਮਾਂ/ਅਧਿਕਾਰੀਆਂ ਵਿਰੁੱਧ ਕੀਤੀ ਗਈ ਕਾਰਵਾਈ

**66. ਸਰਦਾਰ ਹਰਪਾਲ ਸਿੰਘ ਚੀਮਾ:** ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ-

(ੳ) ਕੀ ਇਹ ਠੀਕ ਹੈ ਕਿ ਪੰਜਾਬ ਸਰਕਾਰ ਅਤੇ ਇਸ ਦੀਆਂ ਖਰੀਦ ਏਜੰਸੀਆਂ ਵਲੋਂ ਸ਼ੈਲਰ ਮਾਲਕਾਂ ਨਾਲ ਪੈਡੀ ਮਿਲਿੰਗ ਦੇ ਐਗਰੀਮੈਂਟ ਅਨੁਸਾਰ ਕੁਝ ਸ਼ਰਤਾਂ ਰੱਖੀਆਂ ਜਾਂਦੀਆਂ ਹਨ ਜਿਨ੍ਹਾਂ ਦੀ ਉਲੰਘਣਾ ਕਰਨ ਤੇ ਰਾਜ ਸਰਕਾਰ ਅਤੇ ਏਜੰਸੀਆਂ ਦੇ ਝਗੜੇ ਹੱਲ ਕਰਨ ਲਈ ਆਰਬੀਟਰੇਸ਼ਨ ਕਲਾਜ਼ ਹੈ ਜਿਸ ਦਾ ਫੈਸਲਾ ਆਰਬੀਟਰੇਟਰ ਅਵਾਰਡ ਰਾਹੀਂ ਅੰਤਿਮ ਹੁੰਦਾ ਹੈ;

(ਅ) ਕੀ ਇਹ ਵੀ ਠੀਕ ਹੈ ਕਿ ਡਾਇਰੈਕਟਰ, ਖੁਰਾਕ ਤੇ ਸਪਲਾਈ ਵਿਭਾਗ ਦੇ ਪੱਤਰ ਮਿਤੀ 02-08-2007 ਅਨੁਸਾਰ ਜੇਕਰ ਸ਼ੈਲਰ ਮਾਲਕ ਦੋਸ਼ੀ ਪਾਏ ਜਾਂਦੇ ਹਨ ਤਾਂ ਸਬੰਧਤ ਮਹਿਕਮੇ ਦੇ ਸਰਕਾਰੀ ਮੁਲਾਜ਼ਮਾਂ/ਅਫਸਰਾਂ ਤੋਂ ਕੋਈ ਰਿਕਵਰੀ ਨਹੀਂ ਬਣਦੀ;

(ੲ) ਕੀ ਇਹ ਵੀ ਠੀਕ ਹੈ ਕਿ ਖੁਰਾਕ ਸਪਲਾਈ ਵਿਭਾਗ ਦੇ ਪੱਤਰ ਨੰਬਰ: ਅ 3(3)-119/98/01/3657, ਮਿਤੀ 25-09-2001 ਰਾਹੀਂ ਭਾਗ (ੳ) ਦੇ ਰਾਹੀਂ 45 ਕਰਮਚਾਰੀਆਂ ਦੇ ਚਾਰਜਸ਼ੀਟ ਵਾਪਸ ਲਏ ਗਏ ਸਨ;

(ਸ) ਕੀ ਇਹ ਵੀ ਠੀਕ ਹੈ ਕਿ ਪਨਸਪ ਦੀ ਐਪੀਲੇਟ ਕਮੇਟੀ ਵਲੋਂ ਵੀ ਆਪਣੇ ਪੱਤਰ ਨੰਬਰ: ਮੈਨੇਜਰ (ਕੋ-ਅਫੇਅਰਸ) 07/26425-29, ਮਿਤੀ 23-11-2007 ਰਾਹੀਂ ਵੀ ਉਕਤ ਭਾਗ (ੲ) ਵਿਚ ਵਰਣਤ ਫੈਸਲਾ ਲਾਗੂ ਕਰਨਾ ਮੰਨਿਆ ਹੈ;

(ਹ) ਜੇਕਰ ਭਾਗ (ੲ) ਦਾ ਉੱਤਰ ਹਾਂ ਵਿਚ ਹੋਵੇ ਤਾਂ ਕਿੰਨੇ ਪਨਸਪ ਮੁਲਾਜ਼ਮਾਂ/ਅਫਸਰਾਂ

ਦੇ ਦੋਸ਼ ਪੱਤਰ ਅਜੇ ਤੱਕ ਵਾਪਸ ਨਹੀਂ ਲਏ ਗਏ ਹਨ ਅਤੇ ਉਸਦੇ ਕੀ ਕਾਰਨ ਹਨ?

**ਕੈਪਟਨ ਅਮਰਿੰਦਰ ਸਿੰਘ :**

(ੳ) ਹਾਂ ਜੀ।

(ਅ) ਹਾਂ ਜੀ।

(ੲ) ਹਾਂ ਜੀ।

(ਸ) ਨਹੀਂ ਜੀ।

(ਹ) ਪਨਸਪ ਦੇ 94 ਅਧਿਕਾਰੀਆਂ/ਕਰਮਚਾਰੀਆਂ ਦੇ ਦੋਸ਼ ਪੱਤਰ ਵਾਪਸ ਨਹੀਂ ਲਏ ਗਏ ਹਨ ਕਿਉਂਜੋ ਜਾਂ ਤਾਂ ਕਰਮਚਾਰੀ ਇਕ ਤੋਂ ਵੱਧ ਚੌਲ ਮਿਲਾਂ ਦੇ ਕੇਸਾਂ ਵਿਚ ਸ਼ਾਮਲ ਹਨ ਅਤੇ ਉਨ੍ਹਾਂ ਵਿਰੁੱਧ ਚੱਲ ਰਹੀਆਂ ਵਿਭਾਗੀ ਕਾਰਵਾਈਆਂ ਲੰਬਿਤ ਹਨ ਜਾਂ ਫਿਰ ਸਬੰਧਤ ਕਰਮਚਾਰੀਆਂ ਵਲੋਂ ਮਾਨਯੋਗ ਅਦਾਲਤਾਂ ਵਿਚ ਉਨ੍ਹਾਂ ਵਿਰੁੱਧ ਚੱਲ ਰਹੀਆਂ ਵਿਭਾਗੀ ਪੜਤਾਲਾਂ ਦੀ ਕਾਰਵਾਈ ਵਿਰੁੱਧ ਸਟੇਅ ਪ੍ਰਾਪਤ ਕੀਤੀ ਹੋਈ ਹੈ।

-----

## ਪੰਜਾਬੀ ਯੂਨੀਵਰਸਿਟੀ ਦੁਆਰਾ ਯੂ.ਜੀ.ਸੀ. ਐਕਟ ਦੀ ਉਲੰਘਣਾ

**94. ਸਰਦਾਰ ਕੁਲਤਾਰ ਸਿੰਘ ਸੰਧਵਾਂ :** ਕੀ ਸਿੱਖਿਆ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ -

(ੳ) ਕੀ ਇਹ ਠੀਕ ਹੈ ਕਿ ਪੰਜਾਬੀ ਯੂਨੀਵਰਸਿਟੀ, ਪਟਿਆਲਾ ਵੱਲੋਂ ਸਾਲ 2015 ਵਿੱਚ ਯੂ.ਜੀ.ਸੀ. ਐਕਟ, 1956 ਦੀਆਂ ਧਾਰਾਵਾਂ ਨੂੰ ਅੱਖੋਂ ਉਹਲੇ ਰੱਖ ਕੇ ਰਿਸਰਚ ਸੁਪਰਵਾਈਜਰਾਂ ਦੀ ਪੀ.ਐਚ.ਡੀ. ਦੇ ਵਿਦਿਆਰਥੀਆਂ ਲਈ ਨਿਯੁਕਤੀ ਕੀਤੀ ਗਈ ਹੈ;

(ਅ) ਕੀ ਇਹ ਵੀ ਠੀਕ ਹੈ ਕਿ ਯੂ.ਜੀ.ਸੀ. ਐਕਟ, 1956 ਦੀ ਉਲੰਘਣਾ ਕਰਨ ਕਾਰਨ ਪੰਜਾਬੀ ਯੂਨੀਵਰਸਿਟੀ, ਪਟਿਆਲਾ ਨੂੰ ਡਿਫਾਲਟਰ ਦੀ ਸੂਚੀ ਵਿੱਚ ਦਰਜ ਕੀਤਾ ਜਾ ਸਕਦਾ ਹੈ; ਜੇਕਰ ਅਜਿਹਾ ਹੋਵੇ ਤਾਂ ਇਸ ਦੇ ਲਈ ਕੌਣ ਜ਼ਿੰਮੇਵਾਰ ਹੈ ਅਤੇ ਪੰਜਾਬ ਸਰਕਾਰ ਉਸ ਦੇ ਖਿਲਾਫ ਕੀ ਕਾਰਵਾਈ ਕਰ ਰਹੀ ਹੈ?

**ਸ਼੍ਰੀਮਤੀ ਅਰੁਨਾ ਚੌਧਰੀ:** (ੳ) ਸ਼੍ਰੀਮਾਨ ਜੀ, ਪੰਜਾਬੀ ਯੂਨੀਵਰਸਿਟੀ ਪਟਿਆਲਾ ਵੱਲੋਂ ਰਿਸਰਚ ਸੁਪਰਵਾਈਜਰਾਂ ਦੀ ਪੀ.ਐਚ.ਡੀ. ਦੇ ਵਿਦਿਆਰਥੀਆਂ ਲਈ ਨਿਯੁਕਤੀ ਯੂ.ਜੀ.ਸੀ. ਵੱਲੋਂ ਸਮੇਂ ਸਮੇਂ ਤੇ ਜਾਰੀ ਕੀਤੇ ਨਿਯਮਾਂ ਨੂੰ ਯੂਨੀਵਰਸਿਟੀ ਦੀਆਂ ਵੱਖ-ਵੱਖ ਬਾਡੀਜ ਜਿਵੇਂ ਕਿ ਅਕਾਦਮਿਕ ਕੌਂਸਲ ਅਤੇ ਸਿੰਡੀਕੇਟ ਵਲੋਂ ਪ੍ਰਵਾਨ ਕਰਵਾਉਣ ਉਪਰੰਤ ਹੀ ਲਾਗੂ ਕੀਤਾ ਜਾਂਦਾ ਰਿਹਾ ਹੈ ਅਤੇ 2015 ਵਿੱਚ ਯੂ.ਜੀ.ਸੀ. ਐਕਟ, 1956 ਦੀਆਂ ਕਿਸੇ ਵੀ ਧਾਰਾਵਾਂ

ਦੀ ਉਲੰਘਣਾ ਨਹੀਂ ਕੀਤੀ ਗਈ ਹੈ। ਫਿਰ ਵੀ ਯੂਨੀਵਰਸਿਟੀ ਨੇ ਯੂ.ਜੀ.ਸੀ. ਤੋਂ ਸਪੱਸ਼ਟੀਕਰਨ ਲੈਣ ਦਾ ਫੈਸਲਾ ਕੀਤਾ ਹੈ।

(ਅ) 'ੳ' ਦੀ ਲੋਅ ਵਿੱਚ 'ਅ' ਤੇ ਹਾਲ ਦੀ ਘੜੀ ਕੋਈ ਕਾਰਵਾਈ ਕਰਨ ਦੀ ਲੋੜ ਨਹੀਂ ਜਾਪਦੀ।

-----

## ਸ੍ਰੀ ਗੁਰੂ ਗੋਬਿੰਦ ਸਿੰਘ ਮਾਰਗ ਨੂੰ ਚਾਰ ਮਾਰਗੀ ਬਣਾਉਣਾ

**101. ਸਰਦਾਰ ਕੁਲਤਾਰ ਸਿੰਘ ਸੰਧਵਾਂ:** ਕੀ ਲੋਕ ਨਿਰਮਾਣ (ਭ ਤੇ ਮ) ਮੰਤਰੀ ਕਿਰਪਾ ਕਰਕੇ ਦੱਸਣਗੇ ਕਿ–

(ੳ) 577 ਕਿਲੋਮੀਟਰ ਲੰਬੇ ਸ੍ਰੀ ਗੁਰੂ ਗੋਬਿੰਦ ਸਿੰਘ ਮਾਰਗ ਉਪਰ 91 ਪਵਿੱਤਰ ਸਰਾਵਾਂ ਅਤੇ 20 ਦਸ਼ਮੇਸ਼ ਪਿਲਰਾਂ ਦੀ ਸਾਂਭ ਸੰਭਾਲ ਲਈ ਪੰਜਾਬ ਸਰਕਾਰ ਵੱਲੋਂ ਪਿਛਲੇ 10 ਸਾਲਾਂ ਦੌਰਾਨ ਕਿੰਨਾ ਖਰਚ ਕੀਤਾ ਗਿਆ ਹੈ;

(ਅ) ਕੀ ਉਪਰੋਕਤ ਮਾਰਗ ਨੂੰ ਸ੍ਰੀ ਨਾਂਦੇੜ ਸਾਹਿਬ ਨਾਲ ਜੋੜਨ ਲਈ ਪੰਜਾਬ ਸਰਕਾਰ ਨੇ ਕੇਂਦਰ ਸਰਕਾਰ ਜਾਂ ਸਬੰਧਤ ਰਾਜ ਸਰਕਾਰਾਂ ਨਾਲ ਕੋਈ ਪੱਤਰ ਵਿਹਾਰ ਕੀਤਾ ਹੈ; ਜੇਕਰ ਕੀਤਾ ਹੈ ਤਾਂ ਉਸ ਦੇ ਵੇਰਵੇ ਕੀ ਹਨ;

(ੲ) ਕੀ ਇਹ ਠੀਕ ਹੈ ਕਿ ਸ੍ਰੀ ਗੁਰੂ ਗੋਬਿੰਦ ਸਿੰਘ ਮਾਰਗ ਨੂੰ ਚਾਰ ਮਾਰਗੀ ਬਣਾਉਣ ਦੀ ਤਜਵੀਜ਼ ਹੈ; ਜੇਕਰ ਹੈ ਤਾਂ ਹੁਣ ਤੱਕ ਇਸ ਸਬੰਧ ਵਿੱਚ ਕੀਤੀ ਗਈ ਕਾਰਵਾਈ ਦੇ ਵੇਰਵੇ ਕੀ ਹਨ?

**ਸ਼੍ਰੀਮਤੀ ਰਜ਼ੀਆ ਸੁਲਤਾਨਾ :** ਸ਼੍ਰੀਮਾਨ ਜੀ, (ੳ) ਪਿਛਲੇ 10 ਸਾਲਾਂ ਦੌਰਾਨ ਕੋਈ ਖਰਚਾ ਨਹੀਂ ਕੀਤਾ ਗਿਆ।

(ਅ) ਸ਼੍ਰੀ ਗੁਰੂ ਗੋਬਿੰਦ ਸਿੰਘ ਮਾਰਗ ਵੱਖ ਵੱਖ ਰਾਜਾਂ ਵਿੱਚ ਹੁੰਦਾ ਹੋਇਆ ਸੱਚਖੰਡ ਸ਼੍ਰੀ ਹਜ਼ੂਰ ਸਾਹਿਬ (ਮਹਾਂਰਾਸ਼ਟਰ) ਨਾਲ ਪਹਿਲਾਂ ਹੀ ਜੁੜਿਆ ਹੋਇਆ ਹੈ।

(ੲ) ਸ਼੍ਰੀ ਗੁਰੂ ਗੋਬਿੰਦ ਸਿੰਘ ਮਾਰਗ ਨੂੰ ਚਾਰ ਮਾਰਗੀ ਬਣਾਉਣ ਦੀ ਕੋਈ ਵੀ ਤਜਵੀਜ਼ ਹਾਲ ਦੀ ਘੜੀ ਪੰਜਾਬ ਸਰਕਾਰ ਦੇ ਵਿਚਾਰ ਅਧੀਨ ਨਹੀਂ ਹੈ।

-----

## MATTERS RAISED DURING ZERO HOUR AND STATEMENT MADE BY THE MINISTER THEREON

**ਮਾਨਯੋਗ ਸਪੀਕਰ:** ਹੁਣ ਅਸੀਂ ਏਜੰਡੇ ਦੀ ਅਗਲੀ ਆਈਟਮ ਲਵਾਂਗੇ।

**ਸਰਦਾਰ ਪਰਗਟ ਸਿੰਘ :** ਸਪੀਕਰ ਸਾਹਿਬ, ਜ਼ੀਰੋ ਆਵਰ ਤਾਂ ਦੇ ਦਿਓ।

**ਮਾਨਯੋਗ ਸਪੀਕਰ :** ਇਕ ਸੈਕਿੰਡ ਜੀ। ਜ਼ੀਰੋ ਆਵਰ ਵਾਲੇ ਖੜ੍ਹੇ ਹਨ। ਹਾਂ ਜੀ, ਪਰਗਟ ਸਿੰਘ ਜੀ, ਤੁਸੀਂ ਬੋਲੋ।

**ਸਰਦਾਰ ਪਰਗਟ ਸਿੰਘ :** ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਫਾਈਨਾਂਸ ਮਨਿਸਟਰ ਸਾਹਿਬ ਨੂੰ ਬੇਨਤੀ ਕਰਨੀ ਚਾਹੁੰਦਾ ਹਾਂ ਕਿਉਂਕਿ ਮੈਨੂੰ ਪਤਾ ਹੈ ਕਿ ਪੀ.ਆਈ.ਡੀ.ਬੀ. ਵਿੱਚ ਜੋ ਗਲੀਆਂ ਨਾਲੀਆਂ ਸਬੰਧੀ ਮੈਟਰ ਹੈ, ਉਸ ਬਾਰੇ ਕੱਲ੍ਹ ਇਨ੍ਹਾਂ ਨੇ ਆਪਣੀ ਬਜਟ ਸਪੀਚ ਵਿਚ ਵੀ ਜ਼ਿਕਰ ਕੀਤਾ ਕਿ ਉਹ ਇਲਲੀਗਲ ਸੀ, ਉਹ ਮੇਨਡੇਟ ਪੀ.ਆਈ.ਡੀ.ਬੀ. ਨੂੰ ਨਹੀਂ ਸੀ। ਲੇਕਿਨ ਹੋਇਆ ਇਹ ਹੈ ਕਿ ਆਰ.ਡੀ.ਐਫ. ਅਤੇ ਸ਼ਹਿਰਾਂ ਦੇ ਕੰਮਾਂ ਨੂੰ ਮਿਕਸ ਕਰਕੇ ਪੀ.ਆਈ.ਡੀ.ਬੀ. ਨੇ ਅੱਧੇ ਅੱਧੇ ਕੰਮ ਕਰਵਾ ਲਏ ਹਨ । ਹੁਣ ਅੱਧੇ ਅੱਧੇ ਕੰਮ ਹੋਏ ਹਨ ਅਤੇ ਅੱਧੇ ਅੱਧੇ ਕੰਮ ਵਿਚਾਲੇ ਹਨ। ਮੈਂ ਨਹੀਂ ਕਹਿੰਦਾ ਕਿ ਇਹ ਠੀਕ ਹੈ ਪਰ ਫਿਰ ਵੀ ਇਹ ਕੰਮ ਕਰਵਾਉਣ ਦਾ ਕੋਈ ਵਾਇਆ ਮੀਡੀਆ ਕੱਢਿਆ ਜਾਵੇ, ਨਹੀਂ ਤਾਂ ਉਹ ਪਹਿਲਾਂ ਜਿੰਨੇ ਕੰਮ ਹੋਏ ਹਨ, ਉਹ ਵੀ ਵੇਸਟ ਹੋ ਜਾਣਗੇ ਕਿਉਂਕਿ ਜੇ ਕਿਤੇ ਲੁੱਕ ਪੈਣ ਵਾਲੀ ਹੈ ਜਾਂ ਪੱਥਰ ਪਿਆ ਹੋਇਆ ਹੈ, ਉਥੇ ਲੋਕੀਂ ਡਿੱਗਦੇ ਹਨ ਅਤੇ ਫਿਰ ਲੋਕ ਸਾਨੂੰ ਕਿਤੇ ਨਾ ਕਿਤੇ ਗਾਲ੍ਹਾਂ ਵੀ ਕੱਢਦੇ ਹਨ। ਸੋ, ਮੈਂ ਬੇਨਤੀ ਕਰਾਂਗਾ ਕਿ ਇਸ ਦਾ ਕੋਈ ਅਜਿਹਾ ਸਮਾਧਾਨ ਕੱਢਿਆ ਜਾਵੇ ਤਾਂ ਜੋ ਉਨ੍ਹਾਂ ਅਧੂਰੇ ਪਏ ਕੰਮਾਂ ਨੂੰ ਅਸੀਂ ਕੰਪਲੀਟ ਕਰ ਸਕੀਏ।

**ਮਾਨਯੋਗ ਸਪੀਕਰ:** ਹਾਂ ਜੀ, ਚੌਧਰੀ ਦਰਸ਼ਨ ਲਾਲ ਜੀ।

**ਸ਼੍ਰੀ ਦਰਸ਼ਨ ਲਾਲ :** ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਜਲ ਸਪਲਾਈ ਤੇ ਸੈਨੀਟੇਸ਼ਨ ਮੰਤਰੀ ਜੀ ਦੇ ਧਿਆਨ ਵਿਚ ਲਿਆਉਣਾ ਚਾਹੁੰਦਾ ਹਾਂ ਕਿ ਬਲਾਚੌਰ ਹਲਕੇ ਵਿਚ ਪਾਣੀ ਪੀਣ ਵਾਲੇ ਟਿਊਬਵੈਲਾਂ ਵਿਚ ਉੱਚੇ ਪੱਧਰ ਤੇ ਘਪਲਾ ਹੋਇਆ ਹੈ। ਉਸ ਵੇਲੇ ਦੇ ਐਮ.ਐਲ.ਏ., ਚੀਫ ਪਾਰਲੀਮੈਂਟਰੀ ਸੈਕਟਰੀ ਜਿਨ੍ਹਾਂ ਕੋਲ ਪਬਲਿਕ ਹੈਲਥ ਮਹਿਕਮਾ ਸੀ, ਉਨ੍ਹਾਂ ਨੇ ਪਿੰਡ ਮਾਲੇਵਾਲ (Mallewal) ਵਿੱਚ ਇਕ ਨਵੇਂ ਟਿਊਬਵੈਲ ਦਾ ਉਦਘਾਟਨ ਰਿਵਰਸ ਰੋਟਰੀ ਨਾਲ ਕੀਤਾ ਸੀ ਜਿਸ ਦਾ ਰੇਟ 800 ਰੁਪਿਆ ਮੀਟਰ ਸੀ।ਉਸ ਤੋਂ ਬਾਅਦ ਮੈਨੂੰ ਇਸ ਗੱਲ ਦਾ ਪਤਾ ਲੱਗਿਆ ਕਿਉਂਕਿ ਮੈਂ ਵੀ ਉਸ ਵੇਲੇ ਬਤੌਰ ਚੇਅਰਮੈਨ, ਜ਼ਿਲ੍ਹਾ ਪ੍ਰੀਸ਼ਦ ਹਾਜ਼ਰ ਸੀ। ਪਰ ਜਦੋਂ ਇਹ ਕੰਪਲੀਟ ਹੋ ਗਿਆ, ਉਸ ਤੋਂ ਬਾਅਦ ਪਤਾ ਲੱਗਿਆ ਕਿ ਇਸ ਦੀ ਪੇਮੈਂਟ Percussions Rig ਦੇ ਨਾਲ ਕੀਤੀ ਗਈ ਹੈ। Percussions Rig ਦਾ ਜਿਹੜਾ ਰੇਟ ਹੈ, ਉਹ 8000 ਰੁਪਿਆ ਪਰ ਮੀਟਰ ਸੀ। ਇਸ ਵਿਚ ਘੱਟੋ ਘੱਟ 7200 ਰੁਪਿਆ ਪਰ ਮੀਟਰ ਦੇ ਹਿਸਾਬ ਨਾਲ ਘਪਲਾ ਹੋਇਆ । ਇਸ ਤਰ੍ਹਾਂ ਦੇ 4 ਟਿਊਬਵੈਲ ਬਲਾਚੌਰ ਹਲਕੇ ਵਿਚ ਪੈਂਦੇ ਹਨ ਜੋ ਕਿ ਪੌਜੇਵਾਲ, ਕਰੀਮਪੁਰ, ਚਾਹਵਾਲਾ ਅਤੇ ਗੋਲੂਮਾਜਰਾ ਵਿਚ ਹਨ। ਇਸ ਕਰਕੇ ਮੈਂ ਮੰਤਰੀ ਜੀ ਦੇ ਧਿਆਨ ਵਿਚ ਲਿਆਉਣਾ ਚਾਹੁੰਦਾ ਹਾਂ ਕਿ ਇਸ ਦੀ ਇਨਕੁਆਰੀ ਵਿਜੀਲੈਂਸ ਤੋਂ ਕਰਵਾਈ ਜਾਵੇ ਤੇ ਜਿਹੜੇ ਵੀ

[ ਸ਼੍ਰੀ ਦਰਸ਼ਨ ਲਾਲ ]

ਸਬੰਧਤ ਦੋਸ਼ੀ ਹਨ, ਉਨ੍ਹਾਂ ਨੂੰ ਸਜ਼ਾ ਦਿੱਤੀ ਜਾਵੇ। ਮੰਤਰੀ ਜੀ, ਮੈਂ ਇੱਕ ਹੋਰ ਗੱਲ ਵੀ ਤੁਹਾਡੇ ਨੋਟਿਸ ਵਿਚ ਲਿਆਉਣੀ ਚਾਹੁੰਦਾ ਹਾਂ ਪਰ ਉਹ ਜਿਹੜੇ ਇਥੋਂ ਚਲੇ ਗਏ ਹਨ, ਉਸ ਮਹਿਕਮੇ ਨੇ ਦੋਸ਼ੀ ਐਕਸੀਐਨ ਨੂੰ ਸਜ਼ਾ ਤਾਂ ਕੀ ਦੇਣੀ ਸੀ ਸਗੋਂ ਇਸ ਰਿਸ਼ਵਤਖੋਰੀ ਕਰਕੇ ਉਨ੍ਹਾਂ ਨੂੰ ਪ੍ਰਮੋਸ਼ਨ ਦੇ ਕੇ ਐਸ.ਸੀ. ਬਣਾ ਦਿੱਤਾ ਗਿਆ। ਮੈਨੂੰ ਜ਼ਿਲ੍ਹਾ ਪ੍ਰੀਸ਼ਦ ਦੇ ਚੇਅਰਮੈਨ ਦਾ ਆਪਣਾ ਅਹੁਦਾ ਛੱਡਣਾ ਪਿਆ ਔਰ ਮੈਂ ਪਾਰਟੀ ਵੀ ਛੱਡੀ ਕਿਉਂਕਿ ਮੈਂ ਰਿਸ਼ਵਤਖੋਰੀ ਅਤੇ ਜੋ ਇੰਨੀ ਵੱਡੀ ਕੁਰੱਪਸ਼ਨ ਕੀਤੀ ਗਈ, ਉਸ ਤੋਂ ਬੜਾ ਤੰਗ ਆ ਗਿਆ ਸੀ। ਉਸ ਔਖੀ ਘੜੀ ਵਿਚ ਮੇਰੀ ਬਾਂਹ ਸਰਦਾਰ ਮਨਪ੍ਰੀਤ ਸਿੰਘ ਬਾਦਲ ਜੀ ਨੇ ਫੜੀ। ਮੈਂ ਸਦਨ ਵਿਚ ਮਾਨਯੋਗ ਮੁੱਖ ਮੰਤਰੀ ਜੀ ਦਾ ਧੰਨਵਾਦ ਕਰਦਾ ਹਾਂ ਕਿ ਜਿਨ੍ਹਾਂ ਨੇ ਮੈਨੂੰ ਬਲਾਚੌਰ ਤੋਂ ਕਾਂਗਰਸ ਦੀ ਸੀਟ ਲਈ ਟਿਕਟ ਦਿੱਤੀ। ਮੈਨੂੰ ਆਪਣੇ ਕੈਰੀਅਰ ਦੇ 35 ਸਾਲ ਬਾਅਦ ਇਸ ਪਵਿੱਤਰ ਸਦਨ ਵਿੱਚ ਬੋਲਣ ਦਾ ਮੌਕਾ ਮਿਲਿਆ ਹੈ। ਮੈਂ ਆਪਣੇ ਹਲਕੇ ਦੇ ਲੋਕਾਂ ਨਾਲ ਵਾਅਦਾ ਕੀਤਾ ਸੀ ਕਿ ਜੇ ਉਹ ਮੈਨੂੰ ਐਮ.ਐਲ.ਏ. ਬਣਾ ਕੇ ਸਦਨ ਵਿਚ ਭੇਜ ਦੇਣਗੇ ਤਾਂ ਮੈਂ ਜਿਹੜਾ ਇਹ ਇੰਨਾ ਵੱਡਾ ਘਪਲਾ ਹੋਇਆ ਹੈ, ਮੈਂ ਇਸ ਨੂੰ ਪਵਿੱਤਰ ਸਦਨ ਵਿੱਚ ਜਾ ਕੇ ਉਠਾਵਾਂਗਾ।(ਥੰਪਿੰਗ) ਮੈਂ ਦੁਬਾਰਾ ਫਿਰ ਮੰਤਰੀ ਜੀ ਨੂੰ ਬੇਨਤੀ ਕਰਦਾ ਹਾਂ ਕਿ ਇਸ ਦੀ ਇਨਕੁਆਰੀ ਵਿਜੀਲੈਂਸ ਨੂੰ ਦਿੱਤੀ ਜਾਵੇ, ਜਿਹੜੇ ਵੀ ਵਿਅਕਤੀ ਇਸ ਵਾਸਤੇ ਦੋਸ਼ੀ ਹਨ, ਚਾਹੇ ਕੋਈ ਕਿੰਨਾ ਵੀ ਵੱਡੇ ਤੋਂ ਵੱਡਾ ਵਿਅਕਤੀ ਹੋਵੇ, ਉਨ੍ਹਾਂ ਨੂੰ ਘਪਲੇ ਲਈ ਸਜ਼ਾ ਦਿਵਾਈ ਜਾਵੇ। ਧੰਨਵਾਦ। ਜੈ ਹਿੰਦ ਜੀ।

**ਸਰਦਾਰ ਹਰਮਿੰਦਰ ਸਿੰਘ ਗਿੱਲ :** ਮਾਨਯੋਗ ਸਪੀਕਰ ਸਾਹਿਬ, ਮੈਂ ਜਿਹੜੀਆਂ ਇਥੇ ਕੱਲ੍ਹ ਘਟਨਾਵਾਂ ਵਾਪਰੀਆਂ ਹਨ, ਉਨ੍ਹਾਂ ਸਬੰਧੀ ਬੇਨਤੀ ਕਰਨੀ ਚਾਹੁੰਦਾ ਹਾਂ। ਜਿਵੇਂ ਕਿ ਮੰਤਰੀ ਸਾਹਿਬ ਨੇ ਕਿਹਾ ਹੈ ਕਿ ਆਮ ਆਦਮੀ ਪਾਰਟੀ ਦੇ ਮੈਂਬਰਜ਼ ਤਾਂ ਇਥੇ ਨਵੇਂ ਹਨ। ਪਰ ਜਦੋਂ ਇੱਕ ਵਾਰੀ ਤੁਸੀਂ ਬਾਹਰ ਕੱਢ ਦਿੱਤਾ ਸੀ ਤਾਂ ਉਨ੍ਹਾਂ ਨੂੰ ਸ਼੍ਰੋਮਣੀ ਅਕਾਲੀ ਦਲ ਦੇ ਮੈਂਬਰਾਂ ਨੇ ਦੁਬਾਰਾ ਬਾਹਰੋਂ ਲੈ ਕੇ ਆਂਦਾ। ਫਿਰ ਇਥੇ ਉਹੀ ਘਟਨਾਵਾਂ ਵਾਪਰੀਆਂ। ਪੱਗ ਲੱਥਣ ਦਾ ਮਸਲਾ ਹੈ, ਦੇਖੋ, ਇਕ ਸਾਬਕਾ ਮੰਤਰੀ ਸਾਹਿਬ ਪੱਗ ਲੈ ਕੇ ਆਏ ਹਨ। ਪੱਗ ਪੰਜਾਬ ਦੀ ਖੂਬਸੂਰਤੀ ਹੈ। ਜੇ ਕਿਸੇ ਦੀ ਪੱਗ ਹਿੱਲ ਜਾਵੇ ਜਾਂ ਲੱਥ ਜਾਵੇ ਤਾਂ ਅਸੀਂ ਉਸ ਦੇ ਸਿਰ ਤੇ ਰੱਖਣ ਦੀ ਕੋਸ਼ਿਸ਼ ਕਰਦੇ ਹਾਂ। ਸਰਦਾਰ ਬਿਕਰਮ ਸਿੰਘ ਮਜੀਠੀਆ ਉਸ ਪੱਗ ਨੂੰ ਲੈ ਕੇ ਆਏ। ਉਹ ਚੁੱਕੀ ਫਿਰਦੇ ਰਹੇ ਅਤੇ ਇਥੇ ਪੱਗ ਦਾ, ਦਸਤਾਰ ਦਾ ਤਮਾਸ਼ਾ ਬਣਾਇਆ ਗਿਆ, ਬਾਅਦ ਵਿਚ ਇਸ ਨੂੰ ਇਸ਼ੂ ਬਣਾਇਆ ਗਿਆ। (ਸ਼ੇਮ ਸ਼ੇਮ ਦੀਆਂ ਅਵਾਜ਼ਾਂ) ਮੈਂ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਇਨ੍ਹਾਂ ਦੇ ਰਾਜ ਵਿਚ ਜੋ ਕੁਝ ਕੋਟਕਪੂਰੇ ਹੋਇਆ, ਬਰਗਾੜੀ ਵਿਚ ਹੋਇਆ ਜਾਂ ਬਹਿਬਲ ਕਲਾਂ ਪਿੰਡ ਵਿਚ ਹੋਇਆ, ਕਿਸੇ ਨੂੰ ਉਹ ਭੁੱਲਿਆ ਨਹੀਂ ਹੈ। ਮੈਂ ਵੀਡਿਉ ਦੇਖੀ ਹੈ ਕਿ ਕੋਟਕਪੂਰੇ ਵਿਚ ਸਤਿਨਾਮ ਵਾਹਿਗੁਰੂ ਦਾ ਜਾਪ ਕਰਦੇ ਲੋਕਾਂ ਤੇ ਜਿਵੇਂ ਡਾਂਗਾਂ ਵਰਸਾਈਆਂ ਗਈਆਂ, ਜਿਵੇਂ ਗੰਦਾ

ਪਾਣੀ ਪਾਇਆ ਗਿਆ, ਜਿਵੇਂ ਅੱਥਰੂ ਗੈਸ ਛੱਡੀ ਗਈ। ਕਿਸੇ ਨੂੰ ਇਹ ਭੁੱਲਿਆ ਨਹੀਂ। ਬਹਿਬਲ ਕਲਾਂ ਵਿਚ ਜੋ ਕੁਝ ਹੋਇਆ, ਉਥੇ ਦੋ ਨੌਜਵਾਨਾਂ ਨੂੰ ਮਾਰਿਆ ਗਿਆ। ਉਹ ਲੰਗਰ ਵਰਤਾ ਰਹੇ ਸੀ, ਉਹ ਕੋਈ ਪ੍ਰੋਵੋਕੇਸ਼ਨ ਵਾਲੀ ਗੱਲ ਨਹੀਂ ਕਰਦੇ ਸੀ। ਕੀ ਇਨ੍ਹਾਂ ਨੂੰ ਅੱਜ ਉਹ ਗੱਲਾਂ ਭੁੱਲ ਗਈਆਂ ਹਨ? ਇਥੇ ਬਿੱਲਿਆਂ ਦਾ ਬੜਾ ਰੌਲਾ ਪਾਇਆ ਕਿ ਬਿੱਲੇ ਲਾ ਕੇ ਆਉਂਦੇ ਹਨ। ਕੱਲ੍ਹ ਸਾਡੇ ਮੈਂਬਰ ਨੂੰ ਪੁੱਛ ਰਹੇ ਸੀ ਕਿ ਪਰਾਊਡ ਦੇ ਸਪੈਲਿੰਗ ਕੀ ਹਨ। ਸਪੀਕਰ ਸਾਹਿਬ, ਮੈਂ ਪੁੱਛਣਾ ਚਾਹੁੰਦਾ ਹਾਂ ਕਿ ਇਹ ਪਰਾਊਡ ਦੀਆਂ ਗੱਲਾਂ ਕਰਦੇ ਹਨ? ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਬਿੱਲੇ ਨਹੀਂ ਪੁਆਏ ਸੀ, ਸਾਨੂੰ ਕਿਰਪਾਨਾਂ ਪੁਆਈਆਂ ਸੀ। ਇਹ ਪੰਥ ਦੀ ਗੱਲ ਕਰਦੇ ਹਨ, ਅੰਮ੍ਰਿਤ ਦੀ ਗੱਲ ਕਰਦੇ ਹਨ। ਸਭ ਤੋਂ ਪਹਿਲਾਂ ਅਕਾਲੀ ਦਲ ਸਾਲ 1920 ਵਿੱਚ ਸ੍ਰੀ ਅਕਾਲ ਤਖਤ ਸਾਹਿਬ ਤੇ ਬਣਿਆ ਸੀ ਔਰ ਸਰਦਾਰ ਸੁਰਮੁੱਖ ਸਿੰਘ ਝਬਾਲ ਉਸ ਦੇ ਪ੍ਰਧਾਨ ਬਣੇ ਸੀ। ਅਕਾਲੀ ਦਲ ਦੇ ਸੰਵਿਧਾਨ ਵਿਚ ਦਰਜ ਹੈ ਕਿ ਉਸ ਦਾ ਪ੍ਰਧਾਨ ਅਤੇ ਸਰਕਲ ਪ੍ਰਧਾਨ ਅੰਮ੍ਰਿਤਧਾਰੀ ਹੋਣਾ ਚਾਹੀਦਾ ਹੈ। ਇਹ ਕਿਰਪਾਨਾਂ ਪਾਉਣੀਆਂ ਤਾਂ ਭੁੱਲ ਗਏ। ਇਥੇ ਰੋਜ਼ੀ, ਬਰਕੰਦੀ, ਬੰਟੀ ਤੇ ਟੀਨੂੰ ਦੀ ਪਾਰਟੀ ਬਣ ਗਈ। ਪੁਰਾਣੇ ਅਕਾਲੀਆਂ ਦੀ ਪਾਰਟੀ ਤਾਂ ਖਤਮ ਹੋ ਗਈ, ਜਿਥੇ ਮਾਸਟਰ ਤਾਰਾ ਸਿੰਘ ਜਾਂ ਬਾਬਾ ਖੜਕ ਸਿੰਘ, ਸੰਤ ਫਤਿਹ ਸਿੰਘ ਹੁੰਦੇ ਸਨ। ਇਥੇ ਇਹ ਸਾਨੂੰ ਬਿੱਲੇ ਦਿਖਾਉਂਦੇ ਹਨ। ਇਹ ਮੈਨੂੰ ਦੱਸਣ ਕਿ ਕੀ ਅਕਾਲੀ ਦਲ ਦੇ ਪ੍ਰਧਾਨ ਨੇ ਕਿਰਪਾਨ ਪਾਈ ਹੈ। ਇਹ ਤਾਂ ਵੱਡੇ ਵੱਡੇ ਨਗ ਪਾ ਕੇ ਆਉਂਦੇ ਹਨ, ਇਹ ਕੀ ਦਿਖਾਉਣਾ ਚਾਹੁੰਦੇ ਹਨ ? ਇਥੇ ਬਿਲਕੁਲ ਗਲਤ ਪ੍ਰਚਾਰ ਕੀਤਾ ਜਾ ਰਿਹਾ ਹੈ। ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਕਹਿੰਦੇ ਹਨ ਕਿ ਮੈਂ ਅਕਾਲੀ ਦਲ ਦੇ ਧਰਨਿਆਂ ਵਿਚ ਸ਼ਾਮਲ ਹੋਣਾ ਹੈ। ਉਨ੍ਹਾਂ ਨੇ ਅਕਾਲ ਤਖਤ ਸਾਹਿਬ ਤੇ ਜਾ ਕੇ ਇਹ ਗੱਲ ਕਹੀ ਹੈ ਕਿ ਮੈਂ ਮੀਰੀ ਪੀਰੀ ਦੇ ਸਿਧਾਂਤ ਦੀ ਪਾਲਣਾ ਕਰਦਿਆਂ ਇਨ੍ਹਾਂ ਧਰਨਿਆਂ ਵਿਚ ਸ਼ਾਮਲ ਹੋਇਆ ਹਾਂ ਪਰ ਮੈਂ ਪੁੱਛਣਾ ਚਾਹੁੰਦਾ ਹਾਂ ਕਿ ਜਦੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੇਅਦਬੀ ਹੋਈ ਸੀ, ਉਦੋਂ ਸ਼੍ਰੋਮਣੀ ਕਮੇਟੀ ਦਾ ਪ੍ਰਧਾਨ ਕਿਸੇ ਧਰਨੇ ਤੇ ਕਿਉਂ ਨਹੀਂ ਬੈਠਿਆ? ਇਥੇ 15 ਦਿਨ ਹਰੀਕੇ ਪੱਤਣ ਬੰਦ ਰਿਹਾ, 10-10 ਹਜ਼ਾਰ ਲੋਕ ਉਥੇ ਧਰਨੇ ਤੇ ਬੈਠੇ ਰਹੇ। ਉਦੋਂ ਤਾਂ ਉਥੇ ਸ਼੍ਰੋਮਣੀ ਕਮੇਟੀ ਦਾ ਪ੍ਰਧਾਨ ਜਾਂ ਮੈਂਬਰ ਨਹੀਂ ਆਇਆ। ਅਕਾਲੀ ਦਲ ਦਾ ਐਮ.ਐਲ.ਏ. ਤੇ ਕੋਈ ਮੰਤਰੀ ਵੀ ਨਹੀਂ ਆਇਆ। ਮੈਂ ਦੱਸਣਾ ਚਾਹੁੰਦਾ ਹਾਂ ਕਿ ਇਨ੍ਹਾਂ ਦੀ ਇਸ ** ** ਕਰਕੇ ਖਡੂਰ ਸਾਹਿਬ ਪਾਰਲੀਮੈਂਟ ਹਲਕਾ ਜਿਹੜਾ ਪੁਰਾਣਾ ਪੰਥਕ ਹਲਕਾ ਹੈ, ਜਿਥੇ ਲੋਕ ਅੱਖਾਂ ਮੀਟ ਕੇ ਕੇਵਲ ਪੰਥ ਨੂੰ ਵੋਟਾਂ ਪਾਉਂਦੇ ਸਨ। ਸਪੀਕਰ ਸਾਹਿਬ, ਇਸ ਵਾਰ ਇਨ੍ਹਾਂ ਦੀ ** ** ਕਰਕੇ 9 ਦੀਆਂ 9 ਸੀਟਾਂ ਕਾਂਗਰਸ ਪਾਰਟੀ ਨੇ ਜਿੱਤੀਆਂ ਹਨ। (ਟਰੈਜ਼ਰੀ ਬੈਂਚਿਜ਼ ਵਲੋਂ ਥੰਪਿੰਗ) ਇਨ੍ਹਾਂ ਨੇ ਪੰਥ ਦੇ ਨਾਂ ਹੇਠ ਆਪਣੀਆਂ ਦੁਕਾਨਦਾਰੀਆਂ ਖੋਲ੍ਹੀਆਂ ਹਨ, ਇਹ ਪੈਸੇ ਇਕੱਠੇ ਕਰਦੇ ਹਨ, ਬਿਜ਼ਨਸ ਕਰਦੇ ਹਨ।

---

** Expunged as ordered by the Chair.

**ਮਾਨਯੋਗ ਸਪੀਕਰ :** ** ** ਸ਼ਬਦ ਐਕਸਪੰਜ ਕਰ ਦਿੱਤਾ ਜਾਵੇ।

**ਸਰਦਾਰ ਹਰਮਿੰਦਰ ਸਿੰਘ ਗਿੱਲ :** ਸਪੀਕਰ ਸਾਹਿਬ, ਇਹ ਜਿਹੜੀਆਂ ਕਾਰਵਾਈਆਂ ਕਰਦੇ ਹਨ, ਇਸ ਨਾਲ ਪੰਜਾਬ ਦਾ ਨਾਂ ਬਦਨਾਮ ਹੁੰਦਾ ਹੈ। ਇਹ ਪ੍ਰਸ਼ਨ ਕਾਲ ਚੱਲਣ ਨਹੀਂ ਦਿੰਦੇ, ਗੜਬੜ ਕਰਦੇ ਹਨ। ਤੁਹਾਡੇ ਤੇ ਕਾਗਜ਼ ਸੁੱਟਦੇ ਹਨ, ਛਾਲਾਂ ਮਾਰ ਕੇ ਉੱਪਰ ਟੱਪਣ ਦੀ ਕੋਸ਼ਿਸ਼ ਕਰਦੇ ਹਨ। ਜੇਕਰ ਗੜਬੜ ਕਰਦਿਆਂ ਕਿਸੇ ਦੀ ਪੱਗ ਲਹਿ ਜਾਵੇ ਤਾਂ ਫਿਰ ਇਹ ਧਾਰਮਿਕ ਇਸ਼ੂ ਬਣਾ ਲੈਂਦੇ ਹਨ। ਉਦੋਂ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਤੇ ਸ੍ਰੀ ਅਕਾਲ ਤਖਤ ਸਾਹਿਬ ਦੇ ਜਥੇਦਾਰ ਨੂੰ ਵੀ ਚੇਤਾ ਆ ਜਾਂਦਾ ਹੈ ਕਿ ਇਹ ਦਸਤਾਰ ਦੀ ਬੇਅਦਬੀ ਦਾ ਮਾਮਲਾ ਹੈ। ਸੋ, ਮੈਂ ਬੇਨਤੀ ਕਰਦਾ ਹਾਂ ਕਿ ਦਸਤਾਰ ਇਕ ਬੜਾ ਪਵਿੱਤਰ ਸ਼ਬਦ ਹੈ। ਅਸੀਂ ਲਹਾਉਣ ਵਾਲੇ ਕੰਮ ਹੀ ਨਾ ਕਰੀਏ। ਜੇਕਰ ਅਸੀਂ ਵਾਚ ਐਂਡ ਵਾਰਡ ਸਟਾਫ ਜਾਂ ਮੁਲਾਜ਼ਮਾਂ ਦੇ ਗਲ ਪਵਾਂਗੇ ਤਾਂ ਫਿਰ ਇਹੋ ਜਿਹੇ ਕੰਮ ਤਾਂ ਹੋਣਗੇ। ਸੋ, ਮੈਂ ਬੇਨਤੀ ਕਰਾਂਗਾ ਕਿ ਇਹੋ ਜਿਹੇ ਨਿਯਮ ਬਣਾਏ ਜਾਣ ਕਿ ਸਦਨ ਵਿਚ ਝਗੜੇ ਨਾ ਹੋਣ। ਇਥੇ ਤਾਂ ਬਜਟ ਤੇ ਬਹਿਸ ਹੋਣੀ ਚਾਹੀਦੀ ਸੀ, ਮੁੱਦਿਆਂ ਤੇ ਬਹਿਸ ਹੋਣੀ ਚਾਹੀਦੀ ਹੈ।

**ਮਾਨਯੋਗ ਸਪੀਕਰ :** ਤੁਹਾਡੀ ਗੱਲ ਆ ਗਈ, ਪਲੀਜ਼ ਬੈਠੋ। ਹਾਂ ਜੀ, ਸਰਦਾਰ ਸੁਖਜਿੰਦਰ ਸਿੰਘ ਰੰਧਾਵਾ ਜੀ।

**ਸਰਦਾਰ ਸੁਖਜਿੰਦਰ ਸਿੰਘ ਰੰਧਾਵਾ :** ਸਪੀਕਰ ਸਾਹਿਬ, ਕੱਲ੍ਹ ਜੋ ਇਸ ਸਦਨ ਵਿਚ ਘਟਨਾਵਾਂ ਹੋਈਆਂ ਅਤੇ ਉਸ ਵਿਚ ਜੋ ਆਪੋਜੀਸ਼ਨ ਦਾ ਰੋਲ ਸੀ, ਉਹ ਬੜਾ ਮੰਦਭਾਗਾ ਸੀ। ਮੈਨੂੰ ਬੜੇ ਅਫਸੋਸ ਨਾਲ ਕਹਿਣਾ ਪੈ ਰਿਹਾ ਹੈ ਕਿ ਜੋ ਕੱਲ੍ਹ ਸਪੀਕਰ ਦੇ ਬਾਰੇ ਕਿਹਾ ਗਿਆ, ਜੋ ਸਰਦਾਰ ਸੁਖਬੀਰ ਸਿੰਘ ਬਾਦਲ ਵਲੋਂ ਬਾਹਰ ਪ੍ਰੈਸ ਵਿਚ ਕਿਹਾ ਗਿਆ। ਮੈਨੂੰ ਇਸ ਸਦਨ ਵਿਚ ਬੈਠਿਆਂ ਸ਼ਰਮ ਆ ਰਹੀ ਹੈ ਕਿਉਂਕਿ ਸਾਡੇ ਬਜ਼ੁਰਗ ਸਰਦਾਰ ਪ੍ਰਤਾਪ ਸਿੰਘ ਕੈਰੋਂ ਅਤੇ ਸ਼੍ਰੀ ਭੀਮ ਸੈਨ ਸੱਚਰ ਜਿਹੇ ਲੋਕਾਂ ਨੇ ਇਥੇ ਬੈਠ ਕੇ ਇਸ ਹਾਊਸ ਦੀ ਮਰਿਆਦਾ, ਇਸ ਸਦਨ ਦੀ ਸ਼ਾਨ ਨੂੰ ਕਾਇਮ ਰੱਖਿਆ ਹੈ। ਇਹ ਬੜੇ ਮਾਣ ਨਾਲ ਕਹਿੰਦੇ ਹਨ ਕਿ ਸਰਦਾਰ ਪਰਕਾਸ਼ ਸਿੰਘ ਬਾਦਲ ਪੰਜਵੀਂ ਵਾਰ ਮੁੱਖ ਮੰਤਰੀ ਬਣੇ। ਉਹ ਆਪ ਤਾਂ ਹਾਊਸ ਵਿਚ ਆਏ ਨਹੀਂ ਪਰ ਉਨ੍ਹਾਂ ਨੇ ਆਪਣੀ ਫੌਜ ਇਥੇ ਭੇਜ ਦਿੱਤੀ। ਮੈਂ ਇਨ੍ਹਾਂ ਨੂੰ ਅਬਦਾਲੀਆਂ ਦੀ ਫੌਜ ਕਹਾਂਗਾ। ਇਨ੍ਹਾਂ ਨੇ ਇਥੇ ਆ ਕੇ ਹਮਲਾ ਕੀਤਾ ਅਤੇ ਸਪੀਕਰ ਦੇ ਬਰਖਿਲਾਫ ਜੋ ਗੱਲਾਂ ਕੀਤੀਆਂ, ਇਹ ਬਹੁਤ ਹੀ ਨਿੰਦਣਯੋਗ ਹਨ। ਇਸੇ ਹਾਊਸ ਦੇ ਵਿਚ ਮੈਂ ਉਸ ਦਿਨ ਵੀ ਸੁਖਬੀਰ ਬਾਦਲ ਨੂੰ ਕਿਹਾ ਸੀ ਕਿ ਜਿਹੜੇ ਤੁਹਾਡੇ ਪਿਤਾ ਜੀ ਨੇ ਪੂਰਨੇ ਪਾਏ ਹਨ, ਜਿਵੇਂ ਗਿੱਲ ਸਾਹਿਬ ਨੇ ਹੁਣੇ ਕਿਹਾ ਕਿ ਇਹ ਸਿੱਖੀ ਦੀ ਗੱਲ ਕਰਦੇ ਹਨ। ਮੈਂ ਕਹਾਂਗਾ ਕਿ ਜੇਕਰ ਸਿੱਖੀ ਦਾ ਘਾਣ ਕਰਨ ਵਾਲਾ ਪੰਜਾਬ ਵਿਚ ਕੋਈ ਜੰਮਿਆ ਹੈ ਤਾਂ ਉਹ ਪਰਕਾਸ਼ ਸਿੰਘ ਬਾਦਲ ਹੈ। (ਟਰੈਜ਼ਰੀ ਬੈਂਚਿਜ਼ ਵਲੋਂ ਸ਼ੇਮ ਸ਼ੇਮ ਦੀਆਂ ਅਵਾਜ਼ਾਂ) ਉਹ ਜਦੋਂ ਤੋਂ ਮੁੱਖ ਮੰਤਰੀ ਬਣਿਆ, ਉਸ ਨੇ ਸਿੱਖੀ ਖਤਮ ਕਰਨ ਵਾਲੇ ਹੀ ਕੰਮ

** Expunged as ordered by the Chair.

ਕੀਤੇ ਹਨ। ਸਿੱਖੀ ਅਤੇ ਪੰਜਾਬੀਅਤ ਨੂੰ ਨਾਲ ਲੈ ਕੇ ਚੱਲਣ ਵਾਲੀ ਕੋਈ ਗੱਲ ਨਹੀਂ ਕੀਤੀ। ਸੁਖਬੀਰ ਬਾਦਲ ਕਿਥੇ ਸੀ, ਜਦੋਂ ਪੰਜਾਬ ਵਿਚ ਅੱਗ ਲੱਗੀ ਸੀ। ਇਸੇ ਪਰਕਾਸ਼ ਸਿੰਘ ਬਾਦਲ ਨੇ ਕਿਹਾ ਸੀ ਕਿ ਫੌਜ ਛੱਡ ਕੇ ਆ ਜਾਓ। ਅੱਜ ਉਹ ਧਰਮੀ ਫੌਜੀ ਕਿਥੇ ਹਨ, ਜੋ ਇਨ੍ਹਾਂ ਦੇ ਕਹਿਣ ਤੇ ਫੌਜ ਛੱਡ ਕੇ ਆਏ ਸੀ। ਅੱਜ ਉਹ ਭੁੱਖੇ ਮਰਦੇ ਫਿਰਦੇ ਹਨ। ਉਨ੍ਹਾਂ ਨੂੰ ਨਾ ਸ਼੍ਰੋਮਣੀ ਕਮੇਟੀ ਨੇ ਨੌਕਰੀ ਦਿੱਤੀ ਅਤੇ ਨਾ ਹੀ ਪਰਕਾਸ਼ ਸਿੰਘ ਬਾਦਲ ਨੇ ਪੰਜਾਬ ਸਰਕਾਰ ਵਿਚ ਨੌਕਰੀ ਦਿੱਤੀ । ਸਪੀਕਰ ਸਾਹਿਬ, ਜਿਥੇ ਤੁਸੀਂ ਬੈਠੋ ਹੋ, ਇਥੇ ਸਰਦਾਰ ਸੁਰਜੀਤ ਸਿੰਘ ਮਿਨਹਾਸ, ਜੋ ਕਿ ਨਿਹਾਇਤ ਸ਼ਰੀਫ ਇਨਸਾਨ ਸੀ, ਉਹ ਇਥੇ ਬੈਠੇ ਸਨ। ਇਸ ਹਾਊਸ ਵਿਚ ਪਰਕਾਸ਼ ਸਿੰਘ ਬਾਦਲ, ਸੁਖਦੇਵ ਸਿੰਘ ਢੀਂਡਸਾ ਅਤੇ ਬਲਵਿੰਦਰ ਸਿੰਘ ਭੂੰਦੜ ਨੇ ਜਾ ਕੇ ਉਨ੍ਹਾਂ ਦੀ ਪੱਗ ਲਾਹ ਕੇ ਥੱਪੜ ਮਾਰੇ ਸੀ ਅਤੇ ਅੱਜ ਇਹ ਇਥੇ ਮਰਿਆਦਾ ਦੀਆਂ ਗੱਲਾਂ ਕਰਦੇ ਹਨ? (ਟਰੈਜ਼ਰੀ ਬੈਂਚਿਜ਼ ਵਲੋਂ ਸ਼ੇਮ ਸ਼ੇਮ ਦੀਆਂ ਅਵਾਜ਼ਾਂ) ਇਹ ਸੁਖਬੀਰ ਸਿੰਘ ਬਾਦਲ ਆਪਣੇ ਪਿਤਾ ਵਲੋਂ ਪਾਏ ਪੂਰਨਿਆਂ ਤੇ ਚੱਲ ਰਿਹਾ ਹੈ। ਇਨ੍ਹਾਂ ਨੇ ਪੰਜਾਬ ਦਾ ਨਾਸ ਕੀਤਾ ਹੈ। ਮੈਨੂੰ ਬੜੀ ਹੈਰਾਨਗੀ ਹੋਈ ਕਿ ਇਥੇ ਸਾਹਮਣੇ ਆਮ ਆਦਮੀ ਪਾਰਟੀ ਵਾਲੇ ਮੈਂਬਰ ਚਲੇ ਗਏ ਹਨ। ਇਥੇ ਸਾਡੇ ਸਾਹਮਣੇ ਆਮ ਆਦਮੀ ਪਾਰਟੀ ਦੇ ਮੈਂਬਰ ਸਾਹਿਬ, ਸ਼੍ਰੀ ਅਮਨ ਅਰੋੜਾ ਬੈਠੇ ਸਨ, ਉਨ੍ਹਾਂ ਨੇ ਕਿਹਾ ਸੀ ਕਿ ਮੈਂ ਇੱਕ ਨਹੀਂ ਹਜ਼ਾਰ ਵਾਰ ਕਹਾਂਗਾ ਕਿ ** ** ਤੇ ਕੱਲ੍ਹ ਉਸ ਦੀ ਗੱਡੀ ਵਿੱਚ ਹੀ ਬੈਠ ਕੇ ਗਏ, ਗੱਡੀ ਉਹ ਹੀ ਚਲਾਉਂਦਾ ਸੀ। ਉਸ ਨੇ ਉਨ੍ਹਾਂ ਨੂੰ ਤਸਕਰ ਕਿਹਾ ਸੀ ਤੇ ਹੁਣ ਉਨ੍ਹਾਂ ਤਸਕਰਾਂ ਦੀ ਗੱਡੀ ਵਿੱਚ ਹੀ ਬੈਠ ਕੇ ਲੋਕਾਂ ਦਾ ਪਤਾ ਲੈਣ ਗਿਆ। ਪੰਜਾਬੀਆਂ ਨੂੰ ਪਤਾ ਲੱਗ ਗਿਆ ਕਿ ਇਹ ਰਲੇ ਹੋਏ ਹਨ। ਇਹ ਪਹਿਲਾਂ ਵੀ ਰਲੇਂ ਹੋਏ ਸਨ, ਇਨ੍ਹਾਂ ਨੂੰ ਬਾਦਲਾਂ ਨੇ ਪੈਸੇ ਦਿੱਤੇ ਸਨ ਕਿ ਤੁਸੀਂ ਆਓ ਪੰਜਾਬ ਵਿੱਚ ਬਦਅਮਨੀ ਲੈ ਕੇ ਆਓ ਤੇ ਅਸੀਂ ਤੁਹਾਡੇ ਸਹਾਰੇ ਚੱਲਾਂਗੇ। ਆਪ ਵਾਲੇ ਕਹਿੰਦੇ ਕਿ ਸਾਨੂੰ ਬਾਹਰ ਚੁੱਕ ਕੇ ਸੁੱਟਿਆ। ਮੈਂ ਉਨ੍ਹਾਂ ਨੂੰ ਦਿਖਾਉਣਾ ਚਾਹੁੰਦਾ ਹਾਂ ਕਿ ਤੁਹਾਡੇ ** ** ਨੇ ਬੀ.ਜੇ.ਪੀ ਵਾਲਿਆਂ ਦੇ ਐਮ.ਐਲ.ਏ ਨੂੰ ਚੁੱਕ ਕੇ ਬਾਹਰ ਸੁੱਟਿਆ। ਬੀ.ਜੇ.ਪੀ. ਵਾਲਿਆਂ ਨੂੰ ਇਥੇ ਬੈਠੇ ਰਹਿਣਾ ਚਾਹੀਦਾ ਸੀ।

**ਮਾਨਯੋਗ ਸਪੀਕਰ:** ** ** ਦਾ ਨਾਮ ਕੱਟ ਦਿਓ।

**ਸਰਦਾਰ ਸੁਖਜਿੰਦਰ ਸਿੰਘ ਰੰਧਾਵਾ :** ਚਲੋ ਜੀ, ਉਨ੍ਹਾਂ ਦਾ ਨਾਮ ਤਾਂ ਵੈਸੇ ਹੀ ਕੱਟਿਆ ਜਾਣਾ ਹੈ, ਜਿਸ ਹਿਸਾਬ ਨਾਲ ਉਹ ਚੱਲ ਰਹੇ ਹਨ। ਦਿੱਲੀ ਦੇ ਮੁੱਖ ਮੰਤਰੀ ਨੇ ਆਪਣੇ ਉਥੋਂ ਦੇ ਬੀ.ਜੇ.ਪੀ. ਦੇ ਐਮ.ਐਲ.ਏ ਨੂੰ ਬਹੁਤ ਬੁਰੀ ਤਰ੍ਹਾਂ ਚੁੱਕ ਕੇ ਬਾਹਰ ਸੁੱਟਿਆ। ਸਪੀਕਰ ਸਾਹਿਬ, ਸਾਡੇ ਨਾਲ ਕੀ ਨਹੀਂ ਹੁੰਦਾ ਰਿਹਾ? ਅਸੀਂ ਇਥੇ ਹਾਊਸ ਵਿੱਚ ਖੜ੍ਹੇ ਹੋ ਕੇ ਇਨ੍ਹਾਂ ਨਾਲ ** ** ਨਹੀਂ ਸੀ ਕਰਦੇ। ਅਸੀਂ ਨਾਅਰੇ ਲਾਉਂਦੇ ਸੀ।

**ਮਾਨਯੋਗ ਸਪੀਕਰ:** ** ** ਵਰਡ ਐਕਸਪੰਜ ਕੀਤਾ ਜਾਵੇ।

**ਸਰਦਾਰ ਸੁਖਜਿੰਦਰ ਸਿੰਘ ਰੰਧਾਵਾ :** ਸਪੀਕਰ ਸਾਹਿਬ, ਇਸੇ ਹਾਊਸ ਵਿੱਚ ਅਸੀਂ ਸੀ।

---

** Expunged as ordered by the Chair.

[ ਸਰਦਾਰ ਸੁਖਜਿੰਦਰ ਸਿੰਘ ਰੰਧਾਵਾ ]

ਉਦੋਂ ਲਾਈਟ ਬੰਦ ਕਰ ਦਿੱਤੀ ਗਈ। ਗਰਮੀ ਦੇ ਵਿੱਚ ਏ.ਸੀ. ਤਾਂ ਕੀ ਲਾਉਣੇ ਸਨ, ਹੀਟਰ ਚਲਾ ਦਿੱਤੇ ਗਏ। ਸਰਦਾਰ ਪਰਕਾਸ਼ ਸਿੰਘ ਬਾਦਲ ਸਵੇਰ ਨੂੰ ਹੱਥ ਜੋੜਦੇ ਹੋਏ ਆਏ ਤੇ ਕਹਿੰਦੇ ਕਿ ਮੈਨੂੰ ਤਾਂ ਪਤਾ ਹੀ ਨਹੀਂ ਲੱਗਿਆ ਕਿ ਤੁਸੀਂ ਹਾਊਸ ਵਿੱਚ ਹੀ ਸੀ। ਬੜੀ ਸ਼ਰਮ ਵਾਲੀ ਗੱਲ ਹੈ ਕਿ ਪੰਜਾਬ ਦਾ ਮੁੱਖ ਮੰਤਰੀ ਹੋਵੇ ਤੇ ਉਸ ਦੇ 36 ਐਮ.ਐਲ.ਏ ਇਥੇ ਕੁੱਕੜਾਂ ਵਾਂਗ ਬੰਦ ਕੀਤੇ ਹੋਣ ਤੇ ਮੁੱਖ ਮੰਤਰੀ ਆ ਕੇ ਕਹੇ ਕਿ ਮੈਨੂੰ ਤਾਂ ਤੁਹਾਡੇ ਬਾਰੇ ਪਤਾ ਹੀ ਨਹੀਂ ਲੱਗਿਆ। ਦੂਸਰੀ ਗੱਲ, ਇਨ੍ਹਾਂ ਦੇ ਸਮੇਂ ਵਿੱਚ ਮਾਨਯੋਗ ਸਪੀਕਰ ਸਾਹਿਬ ਵੱਲੋਂ ਸਰਦਾਰ ਸਿਮਰਜੀਤ ਸਿੰਘ ਬੈਂਸ ਨੂੰ ਨੇਮ ਕੀਤਾ ਗਿਆ, ਸਿਰਫ ਇੱਕ ਨੂੰ ਨੇਮ ਕੀਤਾ ਪਰ ਮਾਰਸ਼ਲਾਂ ਨੇ ਉਸ ਇੱਕਲੇ ਨੂੰ ਨਹੀਂ, ਉਸ ਦੇ ਭਰਾ ਸਰਦਾਰ ਬਲਵਿੰਦਰ ਸਿੰਘ ਬੈਂਸ ਨੂੰ ਵੀ ਨਾਲ ਹੀ ਚੁੱਕ ਕੇ ਬਾਹਰ ਸੁੱਟ ਦਿੱਤਾ। ਇਹ ਅੱਜ ਜੱਫੀਆਂ ਪਾ ਕੇ ਬੈਠੇ ਹਨ। ਇਹ ਗੱਲਾਂ ਕਰਦੇ ਹਨ। ਛੱਜ ਤੇ ਬੋਲੇ ਛਾਨਣੀ ਵੀ ਬੋਲਣ ਲੱਗ ਪਈ ਹੈ। ਇਹ ਆਪ ਪੰਜਾਬ ਦੇ ਵਿੱਚ ** ** ਕਰ ਰਹੀ ਹੈ। ਮੈਨੂੰ ਸਭ ਤੋਂ ਵੱਡੀ ਹੈਰਾਨੀ ਇਸ ਗੱਲ ਦੀ ਹੋਈ ਹੈ ਕਿ ਪੀ.ਟੀ.ਸੀ ਦਾ ਜਿੰਨੀ ਦੇਰ ਇਹ ਰਹੇ ਹਨ, "ਆਪ" ਵਾਲਿਆਂ ਨੇ ਬਾਈਕਾਟ ਕੀਤਾ ਹੋਇਆ ਸੀ ਤੇ ਕੱਲ੍ਹ ਉਸ ਚੈਨਲ ਦੇ ਨੈਕਸਿਜ਼ ਦੇ ਵਿੱਚ ਇਹ "ਆਪ" ਵਾਲੇ ਵੀ ਆ ਗਏ ਹਨ। ਬੀਬੀ ਬਲਜਿੰਦਰ ਕੌਰ, ਪ੍ਰੋਫੈਸਰ ਸਾਹਿਬ, ਉਸੇ ਪੀ.ਟੀ.ਸੀ ਨੂੰ ਗਾਲ੍ਹਾਂ ਕੱਢਦੀ ਸੀ, ਹੁਣ ਉਥੇ ਹੀ ਅਕਾਲੀ ਦਲ ਦੇ ਨਾਲ ਖੜ੍ਹੀ ਸੀ ਤੇ ਆਪਣਾ ਭਾਸ਼ਣ ਦੇ ਰਹੀ ਸੀ। ਉਨ੍ਹਾਂ ਕਿਹਾ ਸੀ ਕਿ ਅਸੀਂ ਕਦੀ ਵੀ ਪੀ.ਟੀ.ਸੀ ਤੇ ਆ ਕੇ ਨਹੀਂ ਬੈਠਾਂਗੇ। ਇਹ ਕਦੀ ਬੈਠੇ ਵੀ ਨਹੀਂ ਸਨ। ਹੋਰ ਦੇਖੋ, ਸਰਦਾਰ ਪਰਕਾਸ਼ ਸਿੰਘ ਬਾਦਲ ਸਾਹਿਬ, ਕੱਲ੍ਹ ਪਤਾ ਲੈਣ ਚਲੇ ਗਏ ਸਨ। ਹਾਊਸ ਵਿੱਚ ਤਾਂ ਆਏ ਨਹੀਂ ਸਨ। ਕਹਿੰਦੇ ਮੈਂ ਬਿਮਾਰ ਹਾਂ। ਵਾਕਿਆ ਹੀ ਬਿਮਾਰ ਸੀ ਤੇ ਇਹ ਬਿਮਾਰ ਵੀ ਰਹਿਣੇ ਚਾਹੀਦੇ ਹਨ ਕਿਉਂਕਿ ਇਨ੍ਹਾਂ ਨੇ ਪੰਜਾਬ ਨੂੰ ਬਿਮਾਰ ਕਰਕੇ ਰੱਖ ਦਿੱਤਾ। ** ** ਪਹਿਲਾਂ ਕੋਈ ਨਸ਼ਾ ਪੰਜਾਬ ਵਿੱਚ ਨਹੀਂ ਸੀ।

**ਮਾਨਯੋਗ ਸਪੀਕਰ :** ਚਲੋ, ਤੁਸੀਂ ਕਨਕਲੂਡ ਕਰੋ ਜੀ।

**ਸਰਦਾਰ ਸੁਖਜਿੰਦਰ ਸਿੰਘ ਰੰਧਾਵਾ :** ਮੈਨੂੰ ਬੋਲ ਲੈਣ ਦਿਓ ਜੀ। ਇਨ੍ਹਾਂ ਨੇ ਪੰਜਾਬ ਦਾ ** ** ਕਰ ਦਿੱਤਾ ਹੈ। ਪੰਜਾਬ ਦੀ ਜਵਾਨੀ ਖਤਮ ਕਰ ਦਿੱਤੀ ਹੈ। ਇਨ੍ਹਾਂ ਨੇ ਪੰਜਾਬ ਦੀ ਜਿਹੜੀ ਐਮ.ਐਲ.ਏ. ਸ਼ਿਪ ਹੈ, ਸਾਨੂੰ ਇਥੇ ਬੈਠਿਆਂ ਨੂੰ ਸ਼ਰਮ ਆਉਂਦੀ ਹੈ ਕਿ ਇਹੋ ਜਿਹੇ ਐਮ.ਐਲ.ਏਜ਼ ਦੇ ਸਾਹਮਣੇ ਸਾਨੂੰ ਬੈਠਣਾ ਪੈ ਰਿਹਾ ਹੈ। ਜੇ ਇਹ ਬਹੁਤੀ ਦੇਰ ਚੱਲਿਆ ਤਾਂ ਸਾਡੇ ਵਰਗੇ ਕਦੀ ਸੋਚਣਗੇ ਨਹੀਂ ਕਿ ਅਸੀਂ ਇਸ ਪਵਿੱਤਰ ਹਾਊਸ ਦੇ ਵਿੱਚ ਆਈਏ।ਜਿਥੇ ਸਾਨੂੰ ਇਮਾਨਦਾਰੀਆਂ ਦੱਸੀਆਂ ਗਈਆਂ। ਅਸੀਂ ਕਸਮ ਖਾ ਕੇ ਇਥੇ ਬੈਠਦੇ ਹਾਂ ਕਿ ਅਸੀਂ ਇਮਾਨਦਾਰ ਰਹਾਂਗੇ। ਸਾਰਾ ਪੰਜਾਬ ਤਾਂ ਕੰਗਾਲ ਹੋ ਗਿਆ, ਇਕੋ ਪਰਿਵਾਰ ਕਿਉਂ ਖੁਸ਼ਹਾਲ ਹੋਇਆ। ਸਾਰੇ ਪੰਜਾਬ ਦੀਆਂ ਬੱਸਾਂ ਬੰਦ ਹੋ ਗਈਆਂ, ਰੋਡਵੇਜ਼ ਦੀਆਂ ਬੱਸਾਂ ਬੰਦ ਹੋ ਗਈਆਂ। ਸਿਰਫ ਇਸੇ ਹੀ ਪਰਿਵਾਰ ਦੀਆਂ ਚੱਲੀਆਂ। ਕੀ ਗੱਲ ਉਸ ਦੇ ਵਿੱਚ

** Expunged as ordered by the Chair.

ਇਹ ਸਮੈਕ ਢੋਂਹਦੇ ਸੀ, ਹੈਰੋਇਨ ਢੋਂਹਦੇ ਸੀ? ਲੋਕਾਂ ਦੇ ਹੋਟਲ ਬੰਦ ਹੋ ਗਏ, ਇਨ੍ਹਾਂ ਦਾ ਸੁਖ ਵਿਲਾਸ ਬਣ ਗਿਆ। ਕਿਆ ਬਾਤ ਹੈ। ਲੋਕਾਂ ਨੂੰ ਰੋਟੀ ਦਾ ਵਿਲਾਸ ਨਹੀਂ ਆਉਂਦਾ, ਇਸ ਨੇ ਸੁਖ ਵਿਲਾਸ ਬਣਾ ਲਿਆ। ਦੂਸਰੀ ਚੀਜ਼, ਸਰਦਾਰ ਪਰਕਾਸ਼ ਸਿੰਘ ਬਾਦਲ ਦਾ ਇਸ਼ਤਿਹਾਰ, ਕਹਿੰਦੇ ਸਰਦਾਰ ਪਰਕਾਸ਼ ਸਿੰਘ ਬਾਦਲ ਨੇ ਪੇਸ਼ ਕੀਤੀ "ਉੱਚੀ ਸੋਚ ਦੀ ਮਿਸਾਲ, ਖੁਦ ਪਹੁੰਚੇ ਆਪ ਵਿਧਾਇਕ ਦਾ ਹਾਲ ਪੁੱਛਣ, ਪੀ.ਜੀ.ਆਈ.।" ਬਾਦਲ ਸਾਹਿਬ ਉਸ ਦਿਨ ਵੀ ਹਾਲ ਪੁੱਛ ਲੈਣਾ ਸੀ ਜਿਸ ਦਿਨ ਤੁਹਾਡੀ ਆਰਬਿਟ ਬੱਸ ਵਿੱਚ 13 ਸਾਲ ਦੀ ਲੜਕੀ ਨਾਲ ਰੇਪ ਕਰਕੇ ਬਾਹਰ ਸੁੱਟਿਆ ਸੀ। ਉਦੋਂ ਪਰਕਾਸ਼ ਸਿੰਘ ਜੀ ਤੁਹਾਨੂੰ ਆਪਣੀ ਬੇਟੀ ਯਾਦ ਨਹੀਂ ਆਈ। (ਟਰੇਜ਼ਰੀ ਬੈਂਚਿਜ਼ ਵੱਲੋਂ ਸ਼ੇਮ-ਸ਼ੇਮ ਦੀਆਂ ਅਵਾਜ਼ਾਂ) ਤੁਹਾਨੂੰ ਆਪਣੀ ਪੋਤਰੀ ਯਾਦ ਨਹੀਂ ਆਈ ਕਿ ਮੇਰੀ ਗਰੈਂਡ ਡਾਟਰ ਵਰਗੀ ਕੁੜੀ ਨਾਲ, ਇੱਕ ਦਲਿਤ ਕੁੜੀ ਨਾਲ ਰੇਪ ਕਰਕੇ ਉਸ ਨੂੰ ਬੱਸ ਵਿੱਚੋਂ ਬਾਹਰ ਸੁੱਟ ਦਿੱਤਾ। ਬਾਅਦ ਵਿੱਚ ਉਸ ਹੀ ਲੜਕੀ ਦਾ ਮੁੱਲ ਪਾ ਕੇ ਸਰਦਾਰ ਪਰਕਾਸ਼ ਸਿੰਘ ਬਾਦਲ ਨੇ ਸੁਲਾਹ ਕੀਤੀ। ਇਹ ਗੱਲ ਭੁੱਲ ਗਈ ਕਿ ਜਿਸ ਦਿਨ ਏ.ਐਸ.ਆਈ. ਦੀ ਲੜਕੀ ਨੂੰ ਛੇੜਿਆ...

**ਮਾਨਯੋਗ ਸਪੀਕਰ :** ਪਲੀਜ਼ ਬੈਠੋ।

**ਸਰਦਾਰ ਸੁਖਜਿੰਦਰ ਸਿੰਘ ਰੰਧਾਵਾ :** ਸਪੀਕਰ ਸਾਹਿਬ, ਸੁਣ ਲਉ। ਸਾਨੂੰ ਭੜਾਸ ਕੱਢਣ ਦਿਉ, ਇਨ੍ਹਾਂ ਨੇ ਪੰਜਾਬ ਦਾ ** ** ਕਰ ਦਿੱਤਾ। ਇਸ ਤਰ੍ਹਾਂ ਮੈਨੂੰ ਭੁੱਲ ਜਾਂਦਾ ਹੈ। ਜਦੋਂ ਏ.ਐਸ.ਆਈ. ਦੀ ਲੜਕੀ ਨੂੰ ਪਏ ਤਾਂ ਉਸ ਨੂੰ ਬਚਾਉਣ ਲਈ ਗਏ ਏ.ਐਸ.ਆਈ. ਦੇ ਗੋਲੀਆਂ ਮਾਰ ਕੇ ਉਨ੍ਹਾਂ ਨੇ ਬਾਅਦ ਵਿੱਚ ਬਿਕਰਮ ਮਜੀਠੀਆ ਜ਼ਿੰਦਾਬਾਦ ਕਿਹਾ। ਇਹ ਸਾਰੀਆਂ ਅਖਬਾਰਾਂ ਵਿੱਚ ਆਇਆ। ਅੱਜ ਉਹੀ ਬਿਕਰਮ ਦੀ ਜੋ ਬਾਡੀ ਲੈਂਗੁਏਜ ਹੈ, ਜੋ ਉਸ ਦਾ ਅਸੈਂਬਲੀ ਵਿੱਚ ਬੋਲਣਾ, ਜੋ ਤੁਹਾਡੇ ਬਾਰੇ ਅਪਮਾਨਜਨਕ ਸ਼ਬਦ ਕਹਿਣੇ, ਇਹ ਕੋਈ ਬਹੁਤ ਵਧੀਆ ਗੱਲ ਨਹੀਂ। ਇਹ ਕਹਿੰਦੇ ਹਨ ਕਿ ਲੜਕੀਆਂ ਦੀਆਂ ਚੁੰਨੀਆਂ, ਮੈਂ ਕਹਿੰਦਾ ਹਾਂ ਕਿ ਬਿਲਕੁਲ ਨਹੀਂ ਲੱਥਣੀਆਂ ਚਾਹੀਦੀਆਂ। ਕੈਪਟਨ ਸਾਹਿਬ ਨੇ ਕਿਹਾ ਕਿ ਪੰਜਾਬ ਵਿੱਚ ਸ਼ਾਂਤੀ ਦਾ ਰਾਜ ਲੈ ਕੇ ਆਵਾਂਗਾ। ਸਪੀਕਰ ਸਾਹਿਬ, ਮੈਂ, ਸਰਦਾਰ ਪਰਕਾਸ਼ ਸਿੰਘ ਬਾਦਲ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਜਿਸ ਦਿਨ ਬਰਗਾੜੀ ਕਾਂਡ ਹੋਇਆ, ਇਹ ਮਹੀਨਾ ਪਿਉ-ਪੁੱਤ ਪੰਜਾਬ ਵਿੱਚ ਨਹੀਂ ਨਿਕਲੇ, ਇਨ੍ਹਾਂ ਨੇ ਸਾਰੇ ਪ੍ਰੋਗਰਾਮ ਕੈਂਸਲ ਕਰ ਦਿੱਤੇ। ਉਸ ਦਿਨ ਯਾਦ ਨਹੀਂ ਆਇਆ। ਅੱਗੇ ਗੁਰੂ ਦੀ ਪੱਗ ਨੂੰ ਪੈ ਗਏ ਹੋ। ਮੈਂ ਕਹਿੰਦਾ ਹਾਂ ਕਿ ਸਾਨੂੰ ਇੱਕ ਹਾਊਸ ਦੀ ਕਮੇਟੀ ਬਣਾਉਣੀ ਚਾਹੀਦੀ ਹੈ ਜਿਹੜੀ ਜਾ ਕੇ ਇਨਕੁਆਰੀ ਕਰੇ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੇਅਦਬੀ ਕਿਸ ਨੇ ਕੀਤੀ ਹੈ। ਇਹ ਸਰਦਾਰ ਪਰਕਾਸ਼ ਸਿੰਘ ਬਾਦਲ ਨੇ ਕੀਤੀ ਹੈ। ਉਸ ਦਿਨ ਐਸ.ਜੀ.ਪੀ.ਸੀ. ਦਾ ਪ੍ਰੈਜ਼ੀਡੈਂਟ ਕਿੱਥੇ ਗਿਆ ਸੀ? ਉਸ ਨੇ ਉਸ ਦਿਨ ਬਾਹਰ ਖਲੋ ਕੇ ਕਿਸੇ ਸਰਕਾਰ ਦੇ ਖਿਲਾਫ ਕਿਉਂ ਨਹੀਂ ਧਰਨਾ ਲਗਾਇਆ? ਵਾਕਿਆ ਹੀ ਗਿੱਲ ਸਾਹਿਬ ਤੁਸੀਂ ਜਿਹੜੀ ਗੱਲ ਕਹੀ

** Expunged as ordered by the Chair.

ਹੈ ਕਿ ਜਿਹੜਾ ਸ਼੍ਰੋਮਣੀ ਅਕਾਲੀ ਦਲ ਦਾ ਪ੍ਰਧਾਨ ਬਣਦਾ ਹੈ, ਉਸ ਸੰਵਿਧਾਨ ਵਿੱਚ ਲਿਖਿਆ ਹੈ, ਮੇਰਾ ਖਿਆਲ ਹੈ ਕਿ ਉਹ ਸੰਵਿਧਾਨ ਬੰਦ ਕਰ ਦਿੱਤਾ ਹੈ। ਉਸ ਵਿੱਚ ਲਿਖਿਆ ਹੈ ਕਿ ਜਿਹੜਾ ਅਕਾਲੀ ਦਲ ਦਾ ਪ੍ਰਧਾਨ ਹੋਵੇਗਾ ਉਸ ਦਾ ਦਾੜ੍ਹਾ ਪ੍ਰਕਾਸ਼ ਹੋਵੇਗਾ, ਉਸ ਨੇ ਸਿਰੀ ਸਾਹਿਬ ਪਾਈ ਹੋਵੇਗੀ। ਇਸ ਨੂੰ ਕਹੋ ਕਿ ਜੇ ਅੰਮ੍ਰਿਤ ਨਹੀਂ ਛਕਣਾ ਤਾਂ ਦਾਹੜਾ ਹੀ ਪ੍ਰਕਾਸ਼ ਕਰ ਲੈਣ ਪਤਾ ਤਾਂ ਲੱਗੇ ਕਿ ਤੁਸੀਂ ਅਕਾਲੀ ਦਲ ਦੇ ਪ੍ਰੈਜ਼ੀਡੈਂਟ ਹੋ। ਇਹ ਤਾਂ ਨਸ਼ਾ ਵੇਚਣ ਵਾਲਿਆਂ ਦਾ ਪ੍ਰਧਾਨ ਲੱਗਦਾ ਹੈ।

**ਮਾਨਯੋਗ ਸਪੀਕਰ :** ਚਲੋ, ਹੁਣ ਪਲੀਜ਼ ਕਨਕਲੂਡ ਕਰੋ ਤਾਂ ਕਿ ਅਗਲਾ ਬਿਜ਼ਨਸ ਸ਼ੁਰੂ ਕਰੀਏ, ਜ਼ੀਰੋ ਆਵਰ ਬਹੁਤ ਹੋ ਗਿਆ ਹੈ।

**ਸਰਦਾਰ ਸੁਖਜਿੰਦਰ ਸਿੰਘ ਰੰਧਾਵਾ :** ਮੈਂ ਕਨਕਲੂਡ ਕਰਨ ਲੱਗਾਂ ਹਾਂ ਜੀ। ਮੈਂ ਇੱਕ ਗੱਲ ਪੁੱਛਣੀ ਚਾਹੁੰਦਾ ਹਾਂ ਕਿ ਜਿਸ ਦਿਨ ਪੰਜਾਬ ਵਿੱਚ ਨੌਜਵਾਨ ਮਜ਼ਦੂਰ, ਇੰਪਲਾਈਜ਼ ਨੂੰ ਸਰਦਾਰ ਪਰਕਾਸ਼ ਸਿੰਘ ਬਾਦਲ ਦੇ ਘਰ ਦੇ ਬਾਹਰ ਪੱਗਾਂ ਲਾਹ ਕੇ ਕੁੱਟਿਆ ਗਿਆ, ਕੇਸਾਂ ਤੋਂ ਫੜ ਕੇ ਧੂਹ-ਧੂਹ ਕੇ ਲੜਕੀਆਂ ਅਤੇ ਮੁਲਾਜ਼ਮਾਂ ਨੂੰ ਲੈ ਕੇ ਜਾਂਦੇ ਸੀ, ਸਰਦਾਰ ਪਰਕਾਸ਼ ਸਿੰਘ ਬਾਦਲ ਉਦੋਂ ਧ੍ਰਿਤਰਾਸ਼ਟਰ ਬਣੇ ਸੀ, ਅੱਖਾਂ ਤੇ ਪੱਟੀ ਬੰਨ੍ਹੀ ਸੀ ?

**ਮਾਨਯੋਗ ਸਪੀਕਰ :** ਤੁਸੀਂ ਬਿਲ ਤੇ ਗੱਲ ਕਰ ਲੈਣਾ।

**ਸਰਦਾਰ ਸੁਖਜਿੰਦਰ ਸਿੰਘ ਰੰਧਾਵਾ :** ਮੈਂ ਇੱਕ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਹਾਊਸ ਵਿੱਚ ਕੱਲ੍ਹ ਇਨ੍ਹਾਂ ਨੇ, ਸੁਖਬੀਰ ਸਿੰਘ ਬਾਦਲ ਨੇ ਜੋ ਅਪਮਾਨਜਨਕ ਸ਼ਬਦ ਇਸ ਚੇਅਰ ਲਈ ਕਹੇ ਹਨ, ਉਹ ਮੈਂ ਤਾਂ ਆਪਣੀ ਜ਼ਬਾਨ ਤੋਂ ਬੋਲ ਨਹੀਂ ਸਕਦਾ, ਮੈਂ ਇਸ ਦਾ ਨਿੰਦਾ ਪ੍ਰਸਤਾਵ ਲੈ ਕੇ ਆਉਣਾ ਚਾਹੁੰਦਾ ਹਾਂ ਅਤੇ ਨਾਲ ਹੀ ਮੰਗ ਕਰਦਾ ਹਾਂ ਕਿ ਹਾਊਸ ਇਸ ਤੇ ਕਾਰਵਾਈ ਕਰੇ ਤਾਂ ਕਿ ਇਹੋ ਜਿਹੇ ਜਿਹੜੇ ਪੰਜਾਬ ਵਿੱਚ ਅੱਗ ਲਾਉਣ ਵਾਲੇ, ਜਿਸ ਦਿਨ ਸਰਕਾਰ ਨਹੀਂ ਰਹਿੰਦੀ, ਉਸ ਦਿਨ ਇਨ੍ਹਾਂ ਨੂੰ ਪੰਥ ਯਾਦ ਆਉਂਦਾ ਹੈ, ਜਿਸ ਦਿਨ ਸਰਕਾਰ ਨਹੀਂ ਰਹਿੰਦੀ, ਉਸ ਦਿਨ ਪੰਜਾਬ ਯਾਦ ਆ ਜਾਂਦਾ ਹੈ। 10 ਸਾਲ ਇਨ੍ਹਾਂ ਨੂੰ ਨਾ ਪੰਥ ਯਾਦ ਆਇਆ, ਨਾ ਪੰਜਾਬ ਯਾਦ ਆਇਆ।

**ਮਾਨਯੋਗ ਸਪੀਕਰ :** ਧੰਨਵਾਦ।

**ਸਰਦਾਰ ਸੁਖਜਿੰਦਰ ਸਿੰਘ ਰੰਧਾਵਾ :** ਮੈਂ ਤੁਹਾਨੂੰ ਬੇਨਤੀ ਕਰਦਾ ਹਾਂ ਕਿ ਇਸ ਦਾ ਨਿੰਦਾ ਪ੍ਰਸਤਾਵ ਲਿਆ ਕੇ....

(ਇਸ ਸਮੇਂ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਕਈ ਮੈਂਬਰ ਆਪਣੀਆਂ ਸੀਟਾਂ ਤੇ ਖੜ੍ਹੇ ਹੋ ਕੇ ਬੋਲਣ ਲਈ ਆਗਿਆ ਮੰਗ ਰਹੇ ਸਨ।)

**ਮਾਨਯੋਗ ਸਪੀਕਰ :** ਤੁਸੀਂ ਬੈਠੋ ਹੁਣ। ਅਸੀਂ ਅੱਗੇ ਬਿਜ਼ਨਸ ਟੇਕ-ਅੱਪ ਕਰੀਏ।

**ਸਰਦਾਰ ਰਣਦੀਪ ਸਿੰਘ :** ਜਿਹੜਾ ਮਾਨਯੋਗ ਮੈਂਬਰ ਸਾਹਿਬ ਨਿੰਦਾ ਦਾ ਪ੍ਰਸਤਾਵ ਲੈ ਕੇ ਆਏ ਹਨ ਮੈਂ ਉਸ ਨੂੰ ਸੈਕਿੰਡ ਕਰਨ ਲਈ ਖੜ੍ਹਾ ਹੋਇਆ ਹਾਂ । ਮੈਂ ਤੁਹਾਡੇ ਦਰਮਿਆਨ ਇੱਕ ਹੋਰ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਇਨ੍ਹਾਂ ਨੇ ਜ਼ਿਕਰ ਕੀਤਾ ਸੀ ਕਿ ਕੱਲ੍ਹ ਮੈਂਬਰ ਸਾਹਿਬਾਨ ਪਰਾਊਡ ਦੀਆਂ ਗੱਲਾਂ ਕਰ ਰਹੇ ਸੀ। ਮੇਰਾ ਮਨ ਕੱਲ੍ਹ ਬੜਾ ਭਰਿਆ ਹੈ। ਉਸ ਦਾ ਵਿਸ਼ੇਸ਼ ਕਾਰਨ ਇਹ ਸੀ ਕਿਉਂਕਿ ਮੇਰੇ ਪੂਜਨੀਯ ਪਿਤਾ ਜੀ, ਸਵ: ਸਰਦਾਰ ਗੁਰਦਰਸ਼ਨ ਸਿੰਘ ਜੀ ਇਸ ਸਦਨ ਵਿੱਚ ਅੱਠ ਵਾਰੀ ਆਏ, ਇੱਕ ਵਾਰ ਮੇਰੇ ਗ੍ਰੈਂਡ ਫਾਦਰ ਜਨਰਲ ਸੁਖਦੇਵ ਸਿੰਘ ਜੀ, ਜੋ ਕਿ ਪੈਪਸੂ ਦੇ ਪ੍ਰਾਈਮ ਮਨਿਸਟਰ ਸਨ, ਉਹ ਇਸ ਸਦਨ ਵਿੱਚ ਆਏ ਅਤੇ ਚਾਰ ਵਾਰ ਅਸੀਂ ਆਏ। ਮੈਂ ਜਦੋਂ ਪਹਿਲੀ ਵਾਰ ਸਾਲ 2002 ਵਿੱਚ ਚੋਣ ਉਪਰੰਤ ਇੱਥੇ ਆਇਆ ਤਾਂ ਮੈਨੂੰ ਉਹ ਦਿਨ ਯਾਦ ਹੈ ਅਤੇ ਸਾਡੀ ਕੋਸ਼ਿਸ਼ ਇਹੀ ਸੀ ਕਿ ਸੀਮਤ ਛੋਟੇ ਅਲਫਾਜ਼ਾਂ ਅਧੀਨ ਆਪਣੇ ਲੋਕਾਂ ਵਿੱਚ ਇੱਕ ਐਸੀ ਛਵੀ ਛੱਡੀਏ ਜਿਹੜੀ ਕਿ ਲੋਕ ਯਾਦ ਰੱਖਣ ਕਿਉਂਕਿ ਅਸੀਂ ਆਪਣੇ ਬਜ਼ੁਰਗਾਂ ਦਾ ਵਿਰਸਾ ਸਾਂਭ ਰਹੇ ਹਾਂ ਤੇ ਇਸ ਤੇ ਕੋਈ ਐਸਾ ਕਲੰਕ ਨਾ ਲੱਗ ਜਾਏ ਜਿੱਥੇ ਸਾਨੂੰ ਸ਼ਰਮਸ਼ਾਰ ਹੋਣਾ ਪਵੇ। ਜਦੋਂ ਇਨ੍ਹਾਂ ਨੇ ਪਰਾਊਡ to be ਅਕਾਲੀ ਦਲ ਦੇ ਬਿੱਲੇ ਲਾਏ ਤਾਂ ਮੈਨੂੰ ਕੱਲ੍ਹ ਉਹ ਦਿਨ ਯਾਦ ਆ ਗਿਆ। ਉਹ ਦ੍ਰਿਸ਼ ਦਰਸਾ ਕੇ ਬਾਦਲ ਸਾਹਿਬ ਫਖ਼ਰ ਮਹਿਸੂਸ ਕਰਦੇ ਸੀ ਕਿ ਅਸੀਂ ਬੜੇ ਅੰਦੋਲਨ ਚਲਾਏ, ਸਿੱਖ ਕੌਮ ਦੀ ਲੜਾਈ ਲੜੀ, ਕਿਸਾਨਾਂ ਦੀ ਲੜਾਈ ਲੜੀ, ਲੋਕਾਂ ਨੂੰ ਮੂਰਖ ਬਣਾ ਕੇ ਲੋਕਾਂ ਤੋਂ ਵੋਟਾਂ ਬਟੋਰੀਆਂ ਔਰ ਇਸ ਤਰ੍ਹਾਂ ਸਰਦਾਰ ਪਰਕਾਸ਼ ਸਿੰਘ ਬਾਦਲ ਨੂੰ ਪਹਿਚਾਣ ਦੀ ਲੋੜ ਨਹੀਂ ਸੀ। ਸਾਨੂੰ ਸਾਰਿਆਂ ਨੂੰ ਸਰਦਾਰ ਸੁਖਬੀਰ ਸਿੰਘ ਬਾਦਲ ਦਾ ਧੰਨਵਾਦੀ ਪ੍ਰਸਤਾਵ ਲਿਆਉਣਾ ਚਾਹੀਦਾ ਹੈ ਕਿ ਜਿਨ੍ਹਾਂ ਦੀ ਪਹਿਚਾਣ ਇੱਕ ਬਿੱਲੇ ਪਰਾਊਡ to be ਅਕਾਲੀ ਤੱਕ ਹੀ ਸੀਮਤ ਰਹਿ ਗਈ ਹੈ। ਅੱਜ ਇਨ੍ਹਾਂ ਦੇ ਐਸੇ ਹਾਲਾਤ ਹੋ ਗਏ ਹਨ। ਜੇ ਇਨ੍ਹਾਂ ਨੇ ਇਹੋ ਜਿਹੀਆਂ ਹਰਕਤਾਂ ਨਾ ਕੀਤੀਆਂ ਹੁੰਦੀਆਂ ਤਾਂ ਸਰਦਾਰ ਪਰਕਾਸ਼ ਸਿੰਘ ਬਾਦਲ ਜੀ ਦੀ ਆਤਮਾ ਅੱਜ ਦੁਖੀ ਨਾ ਹੁੰਦੀ। ਸਾਡੇ ਮੈਂਬਰ ਸਾਹਿਬ, ਸਰਦਾਰ ਸੁਖਜਿੰਦਰ ਸਿੰਘ ਰੰਧਾਵਾ ਜੀ ਜਿਹੜਾ ਪ੍ਰਸਤਾਵ ਲੈ ਕੇ ਆਏ ਹਨ ਇਹ ਬਕਾਇਦਾ ਗੱਲ ਕਰਦੇ ਸੀ ਕਿ ਬਾਦਲ ਸਾਹਿਬ ਆਮ ਆਦਮੀ ਪਾਰਟੀ ਦੇ ਮੈਂਬਰਾਂ ਨੂੰ ਹਸਪਤਾਲ ਜਾ ਕੇ ਮਿਲੇ ਹਨ ਲੇਕਿਨ ਉਨ੍ਹਾਂ ਨੇ ਇੱਥੇ ਆਉਣਾ ਮੁਨਾਸਿਬ ਨਹੀਂ ਸਮਝਿਆ। ਉਨ੍ਹਾਂ ਦੀ ਆਤਮਾ ਬਹੁਤ ਦੁਖੀ ਹੋਵੇਗੀ। (ਵਿਘਨ) ਉਨ੍ਹਾਂ ਦੀ ਜ਼ਿੰਦਗੀ ਦੇ ਇਤਿਹਾਸ ਵਿੱਚ ਇਹ ਪਹਿਲੀ ਵਾਰੀ ਹੋਇਆ ਹੋਣਾ ਹੈ ਕਿ ਉਹ ਆਪਣੀ ਜ਼ਿੰਦਗੀ ਵਿੱਚ ਜਿੰਨੀ ਵਾਰ ਵੀ ਆਪੋਜ਼ੀਸ਼ਨ ਵਿੱਚ ਬੈਠੇ ਹੋਣਗੇ ਸ਼ਾਇਦ ਬਤੌਰ ਲੀਡਰ ਆਫ ਦਿ ਆਪੋਜ਼ੀਸ਼ਨ ਹੀ ਬੈਠੇ ਹੋਣਗੇ। ਇਹ ਇਤਿਹਾਸ ਵਿੱਚ ਪਹਿਲੀ ਵਾਰੀ ਹੋਇਆ ਹੋਣਾ ਹੈ ਕਿ ਜਿਹੜਾ ਪੰਜਾਬ ਦੇ ਲੋਕਾਂ ਨੇ ਨਕਾਰਿਆ ਹੈ ਤੇ ਲੀਡਰ ਆਫ ਦਿ ਆਪੋਜ਼ੀਸ਼ਨ ਵੀ ਸਰਦਾਰ ਪਰਕਾਸ਼ ਸਿੰਘ ਬਾਦਲ ਦੀ

[ ਸਰਦਾਰ ਰਣਦੀਪ ਸਿੰਘ ]

ਪਾਰਟੀ ਨਹੀਂ ਬਣਾ ਸਕੀ। ਅੱਜ ਉਨ੍ਹਾਂ ਦੀ ਪਹਿਚਾਣ ਨਸ਼ਿਆਂ ਦੇ ਵਪਾਰ ਨਾਲ ਸੀਮਤ ਰਹਿ ਗਈ ਹੈ। ਪੰਜਾਬ, ਹਿੰਦੁਸਤਾਨ ਦਾ ਸਭ ਤੋਂ ਆਗੂ ਸੂਬਾ ਹੁੰਦਾ ਸੀ। ਪੰਜਾਬ ਵਿੱਚ ਸਰਦਾਰ ਪ੍ਰਤਾਪ ਸਿੰਘ ਕੈਰੋਂ ਵਰਗੀਆਂ ਸ਼ਖਸੀਅਤਾਂ ਦਾ ਉਦਾਹਰਣ ਦਿੱਤਾ ਜਾਂਦਾ ਸੀ। ਸਾਡੇ ਫਾਈਨਾਂਸ ਮਨਿਸਟਰ ਸਾਹਿਬ ਜ਼ਿਕਰ ਕਰ ਰਹੇ ਸੀ ਕਿ ਚਾਰ ਦੀਵਾਰਾਂ ਰੋ ਰਹੀਆਂ ਹੋਣਗੀਆਂ। ਜਿੱਥੇ ਮਹਾਨ ਸ਼ਖਸੀਅਤਾਂ ਨੇ ਆਪਣੀਆਂ ਕੁਰਬਾਨੀਆਂ ਦੇ ਕੇ ਪੰਜਾਬ ਨੂੰ ਇਸ ਰਾਹ ਤੇ ਪਾਇਆ ਤੇ ਅੱਜ ਪੰਜਾਬ ਪੱਛੜ ਕੇ ਬਾਰਵੇਂ ਸਥਾਨ ਤੇ ਆ ਗਿਆ ਹੈ ਪਰ ਸਰਦਾਰ ਪਰਕਾਸ਼ ਸਿੰਘ ਬਾਦਲ ਦਾ ਟੱਬਰ ਉੱਨਤੀ ਕਰਦਾ ਜਾ ਰਿਹਾ ਹੈ, ਸਭ ਤੋਂ ਅਮੀਰ ਟੱਬਰ ਬਣਦਾ ਜਾ ਰਿਹਾ ਹੈ ਅਤੇ ਬਾਕੀ ਪੰਜਾਬ ਡੁੱਬਦਾ ਜਾ ਰਿਹਾ ਹੈ। ਸਪੀਕਰ ਸਾਹਿਬ, ਅੱਜ ਇਹ ਪੰਜਾਬ ਵਿੱਚ ਮਾੜੇ ਹਾਲਾਤ ਪੈਦਾ ਕਰਨ ਦੀ ਕੋਸ਼ਿਸ਼ ਕਰ ਰਹੇ ਹਨ। ਬਕਾਇਦਾ ਜਦੋਂ ਗਿੱਲ ਸਾਹਿਬ ਨੇ ਜ਼ਿਕਰ ਕੀਤਾ ਤਾਂ ਮੇਰਾ ਮਨ ਭਰ ਆਇਆ ਸੀ ਕਿਉਂਕਿ ਕੱਲ੍ਹ ਇਨ੍ਹਾਂ ਦੀ ਭਾਵਨਾ ਗਲਤ ਸੀ। ਸਪੀਕਰ ਸਾਹਿਬ, ਤੁਸੀਂ ਆਪ ਇਸ ਦੇ ਗਵਾਹ ਹੋ, ਸਾਡੇ ਸੰਸਦੀ ਮਾਮਲੇ ਮੰਤਰੀ ਤੁਹਾਡੇ ਕੋਲ ਬੈਠੇ ਸਨ, ਮੈਂ ਆਪ ਤੁਹਾਡੇ ਨਾਲ ਬੈਠਾ ਸੀ ਤੇ ਉੱਥੇ ਬਕਾਇਦਾ ਜ਼ਿਕਰ ਕੀਤਾ ਗਿਆ ਸੀ ਕਿ ਐਸਾ ਮਾਹੌਲ ਕ੍ਰੀਏਟ ਨਾ ਕਰੋ ਜਿੱਥੇ ਕਿ ਪੱਗਾਂ ਲਾਹੀਆਂ ਜਾਣ। ਜਿਨ੍ਹਾਂ ਦੀ ਸੋਚ ਐਸੀ ਹੋਵੇ ਉਹ ਪੰਜਾਬ ਦਾ ਕੀ ਭਲਾ ਕਰਨਗੇ? ਮੇਰੀ ਤੁਹਾਨੂੰ ਹੱਥ ਜੋੜ ਕੇ ਪ੍ਰਾਰਥਨਾ ਹੈ ਕਿ ਅੱਜ ਜੋ ਵਾਪਰਿਆ ਹੈ, ਜੋ ਲਫਜ਼ ਤੁਹਾਡੀ ਚੇਅਰ ਦੇ ਖਿਲਾਫ ਬੋਲੇ ਗਏ ਹਨ ਔਰ ਜਿਹੜੀ ਸਾਡੀ ਵਾਚ ਐਂਡ ਵਾਰਡ ਦੀ ਧੀ ਤੁਹਾਡੀ ਸੁਰੱਖਿਆ ਲਈ ਇੱਥੇ ਖੜ੍ਹੀ ਸੀ ਤੇ ਜਿਹੜੇ ਮੈਂਬਰ ਸਾਹਿਬ ਨੇ ਉਸ ਨੂੰ ਮੁੱਕਾ ਮਾਰ ਕੇ ਨਿੱਜੀ ਤੌਰ ਤੇ ਔਰਤ ਤੇ ਹਮਲਾ ਕੀਤਾ ਹੈ। ਮੈਂ ਬੇਨਤੀ ਕਰਦਾ ਹਾਂ ਕਿ ਜਿਹੜਾ ਪ੍ਰਸਤਾਵ ਸਾਡੇ ਮੈਂਬਰ ਸਾਹਿਬ ਲੈ ਕੇ ਆਏ ਹਨ ਉਸ ਨੂੰ ਨਾਲ ਸ਼ਾਮਲ ਕਰਕੇ ਬਕਾਇਦਾ ਪ੍ਰਿਵਲਿਜ ਕਮੇਟੀ ਨੂੰ ਦਿੱਤਾ ਜਾਵੇ (ਰੂਲਿੰਗ ਪਾਰਟੀ ਵੱਲੋਂ ਥੰਪਿੰਗ) ਔਰ ਬਕਾਇਦਾ ਐਫ.ਆਈ.ਆਰ. ਦਰਜ ਕੀਤੀ ਜਾਵੇ ਤਾਂ ਕਿ ਲੋਕ ਯਾਦ ਰੱਖਣ ਕਿ ਐਸਾ ਮਾਹੌਲ ਦੁਬਾਰਾ ਇਸ ਪੰਜਾਬ ਦੇ ਸਦਨ ਵਿੱਚ ਨਹੀਂ ਬਣਾਇਆ ਜਾਵੇਗਾ। ਇੱਕ ਮੇਰੀ ਬੇਨਤੀ ਹੋਰ ਹੈ ਕਿ ਸਾਡੇ ਮੈਂਬਰ ਸਾਹਿਬ ਦੱਸ ਰਹੇ ਸੀ ਕਿ ਇੱਕ ਸਾਡੇ ਸਟਾਫ ਮੈਂਬਰ ਦੀ ਬਾਂਹ ਤੋੜੀ ਗਈ, ਉਸ ਦੀ ਵੀ ਬਕਾਇਦਾ ਗਵਾਹੀ ਪਵਾ ਕੇ ਕਾਨੂੰਨੀ ਤੌਰ ਤੇ ਜੋ ਸਦਨ ਦੀ ਕਾਰਵਾਈ ਬਣਦੀ ਹੈ, ਉਹ ਕਾਰਵਾਈ ਕਰਵਾਉਣ ਦਾ ਆਪਣਾ ਫਰਜ਼ ਬਣਦਾ ਹੈ ਤਾਂ ਕਿ ਇਨ੍ਹਾਂ ਦਾ ਵੀ ਹੌਂਸਲਾ ਬੁਲੰਦ ਰਹੇ ਕਿਉਂਕਿ ਇਹ ਤੁਹਾਡੀ ਸੁਰੱਖਿਆ ਲਈ ਖੜ੍ਹੇ ਸਨ। ਸਪੀਕਰ ਸਾਹਿਬ, ਮੈਂ ਉਮੀਦ ਰੱਖਦਾ ਹਾਂ ਕਿ ਆਉਣ ਵਾਲੇ ਸਮੇਂ ਵਿੱਚ ਇੱਕ ਉਦਾਹਰਣ ਬਣਾ ਦੇਈਏ ਜਿਵੇਂ ਫਾਈਨਾਂਸ ਮਨਿਸਟਰ ਸਾਹਿਬ ਨੇ ਕਿਹਾ ਸੀ ਕਿ ਦੁਬਾਰਾ ਇਹ ਜ਼ਰੂਰ ਹੋਣਗੀਆਂ ਲੇਕਿਨ ਇਹ ਦੁਬਾਰਾ ਨਾ ਹੋਣ। ਬਕਾਇਦਾ ਇਹ ਫਖਰ ਮਹਿਸੂਸ ਕਰ ਸਕੀਏ ਕਿ ਜਿਵੇਂ ਪੰਜਾਬ ਦੇ ਲੋਕਾਂ ਨੇ ਕੈਪਟਨ ਅਮਰਿੰਦਰ ਸਿੰਘ ਜੀ ਤੇ ਮਾਣ ਤੇ ਫਖਰ ਮਹਿਸੂਸ ਕਰਕੇ ਅੱਜ ਪੰਜਾਬ ਦੇ

ਸ਼ਹਿਨਸ਼ਾਹ ਨੂੰ ਪੰਜਾਬ ਦਾ ਮੁੱਖ ਮੰਤਰੀ ਬਣਾਇਆ ਹੈ ਕਿਉਂਕਿ ਕੈਪਟਨ ਅਮਰਿੰਦਰ ਸਿੰਘ ਉਹ ਸ਼ਖਸ ਹੈ ਜਿਹੜਾ ਕਹਿਣੀ ਤੇ ਕਰਨੀ ਦਾ ਬੜਾ ਪੱਕਾ ਹੈ । ਇਸ ਕਰਕੇ ਲੋਕ ਉਨ੍ਹਾਂ ਤੇ ਵਿਸ਼ਵਾਸ ਕਰਦੇ ਹਨ । ਇਨ੍ਹਾਂ ਲੋਕਾਂ ਨੂੰ (ਆਪੋਜ਼ੀਸ਼ਨ ਬੈਂਚਿਜ਼ ਵੱਲ ਇਸ਼ਾਰਾ) ਤਾਂ ਨਕਾਰਿਆ ਹੈ ਕਿਉਂਕਿ ਇਨ੍ਹਾਂ ਦੀ ਕਹਿਣੀ ਤੇ ਕਰਨੀ ਦਾ ਬਹੁਤ ਅੰਤਰ ਹੈ । ਮੈਂ ਇੱਕ ਵਾਰ ਫਿਰ ਮੈਂਬਰ ਸਾਹਿਬ ਜੋ ਨਿੰਦਾ ਪ੍ਰਸਤਾਵ ਲੈ ਕੇ ਆਏ ਹਨ, ਮੈਂ ਉਸ ਨੂੰ ਸੈਕਿੰਡ ਕਰਦਾ ਹੋਇਆ ਸਪੀਕਰ ਸਾਹਿਬ, ਤੁਹਾਨੂੰ ਇਹ ਬੇਨਤੀ ਕਰਾਂਗਾ ਕਿ ਇਸ ਪ੍ਰਸਤਾਵ ਨੂੰ ਪ੍ਰਿਵੇਲਿਜ ਕਮੇਟੀ ਨੂੰ ਭੇਜਿਆ ਜਾਵੇ ਤਾਂ ਕਿ ਜੋ ਕਨੂੰਨੀ ਕਾਰਵਾਈ ਬਣਦੀ ਹੈ, ਉਹ ਪ੍ਰਿਵੇਲਿਜ ਕਮੇਟੀ ਕਰ ਸਕੇ । ਧੰਨਵਾਦ ।

**ਰਾਣਾ ਗੁਰਮੀਤ ਸਿੰਘ ਸੋਢੀ :** ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਮੇਰੀ ਕਾਂਸਟੀਚੂਐਂਸੀ ਗੁਰੂ ਹਰਸਹਾਏ ਹੈ, ਇਹ ਬਾਰਡਰ ਦਾ ਬਹੁਤ ਪੱਛੜਿਆ ਹੋਇਆ ਏਰੀਆ ਹੈ । ਸਾਲ 2003-04 ਵਿੱਚ ਉਸ ਸਮੇਂ ਕੈਪਟਨ ਅਮਰਿੰਦਰ ਸਿੰਘ ਜੀ ਦੇ ਮੁੱਖ ਮੰਤਰੀ ਹੋਣ ਦੇ ਨਾਤੇ, ਅਸੀਂ ਇੱਕ ਕਾਲਜ ਦਾ ਨੀਂਹ ਪੱਥਰ ਰੱਖ ਕੇ ਉਸ ਨੂੰ ਕੰਪਲੀਟ ਕੀਤਾ ਸੀ ਜਿਸ ਦਾ ਨਾਂ ਸ਼ਹੀਦ ਊਧਮ ਸਿੰਘ ਕਾਲਜ ਰੱਖਿਆ ਗਿਆ ਸੀ । ਲੇਕਿਨ ਅਫਸੋਸ ਨਾਲ ਕਹਿਣਾ ਪੈ ਰਿਹਾ ਹੈ ਕਿ ਜਦੋਂ ਸਾਲ 2007 ਵਿੱਚ ਅਕਾਲੀ ਦਲ ਦੀ ਸਰਕਾਰ ਆਈ, ਪਹਿਲਾਂ ਤਾਂ ਉਸ ਕਾਲਜ ਨੂੰ ਬੰਦ ਕਰਵਾਉਣ ਦੀ ਬੜੀ ਕੋਸ਼ਿਸ਼ ਕੀਤੀ। ਉਸ ਕਾਲਜ ਵਾਸਤੇ ਮੈਂ ਸੈਂਟਰ ਵਿੱਚੋਂ ਵੀ ਫੰਡਜ਼ ਮੁਹੱਈਆ ਕਰਵਾਏ ਤੇ ਉਸ ਕਾਲਜ ਨੂੰ ਕੰਪਲੀਟ ਕੀਤਾ ਲੇਕਿਨ ਇਨ੍ਹਾਂ ਨੇ ਉਸ ਕਾਲਜ ਦਾ ਨਾਂ ਬਦਲ ਕੇ ਯੂਨੀਵਰਸਿਟੀ ਕਾਲਜ ਰੱਖ ਦਿੱਤਾ ਔਰ ਸ਼ਹੀਦ ਊਧਮ ਸਿੰਘ ਹੋਰਾਂ ਨੇ ਹਿੰਦੁਸਤਾਨ ਵਾਸਤੇ ਅਤੇ ਪੰਜਾਬ ਵਾਸਤੇ ਜੋ ਸ਼ਹਾਦਤ ਦਿੱਤੀ, ਉਸ ਤੋਂ ਤੁਸੀਂ ਸਾਰੇ ਹੀ ਵਾਕਫ ਹੋ । ਮੈਂ ਇੱਥੇ ਬੇਨਤੀ ਕਰਾਂਗਾ ਕਿ ਇੱਥੇ ਸਾਡੇ ਹਾਇਰ ਐਜੂਕੇਸ਼ਨ ਮੰਤਰੀ ਸਾਹਿਬਾ ਔਰ ਫਾਇਨਾਂਸ ਮਨਿਸਟਰ ਸਾਹਿਬ ਵੀ ਬੈਠੇ ਹਨ, ਇਹ ਐਸ਼ਿਓਰੈਂਸ ਦਿਵਾਉਣ ਕਿ ਉਸ ਕਾਲਜ ਦਾ ਨਾਂ ਬਦਲ ਕੇ ਸ਼ਹੀਦ ਊਧਮ ਸਿੰਘ ਕਾਲਜ ਹੀ ਚਲੇਗਾ ਕਿਉਂਕਿ ਨਾਂ ਬਦਲਣ ਦਾ ਲੋਕਾਂ ਵਿੱਚ ਬਹੁਤ ਵੱਡਾ ਰੋਸ ਹੈ । ਮੈਂ ਸਮਝਦਾ ਹਾਂ ਕਿ ਉਸ ਸ਼ਹੀਦ ਦੇ ਨਾਂ ਤੇ ਜੋ ਕਾਲਜ ਬਣਾਇਆ ਸੀ, ਕੁਝ ਸਾਲ ਹੋ ਗਏ ਹਨ, ਡਿਗਰੀ ਕਾਲਜ ਚਲਦਿਆਂ, ਉਨ੍ਹਾਂ ਦੇ ਨਾਂ ਤੇ ਹੀ ਚੱਲਣਾ ਚਾਹੀਦਾ ਹੈ । ਮੇਰੀ ਇਹੀ ਬੇਨਤੀ ਹੈ । ਸਪੀਕਰ ਸਾਹਿਬ, ਮੈਂ ਮੰਤਰੀ ਸਾਹਿਬ ਅਤੇ ਐਫ.ਐਮ. ਸਾਹਿਬ ਨੂੰ ਬੇਨਤੀ ਕਰਾਂਗਾ ਕਿ ਉਹ ਐਸ਼ਿਓਰੈਂਸ ਦੇਣ। ਬਹੁਤ ਬਹੁਤ ਧੰਨਵਾਦ ।

**ਸਿੱਖਿਆ ਰਾਜ ਮੰਤਰੀ :** ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੈਂਬਰ ਸਾਹਿਬ ਨੂੰ ਇਹੀ ਕਹਾਂਗੀ ਕਿ ਉਹ ਪਰਪੋਜ਼ਲ ਭੇਜ ਦੇਣ। ਉਸ ਤੇ ਵਿਚਾਰ ਕਰ ਲਿਆ ਜਾਵੇਗਾ ।

**ਰਾਣਾ ਗੁਰਮੀਤ ਸਿੰਘ ਸੋਢੀ :** ਸਪੀਕਰ ਸਾਹਿਬ, ਇਹ ਐਸ਼ਿਓਰੈਂਸ ਦੇਣ ।

**ਸਿੱਖਿਆ ਰਾਜ ਮੰਤਰੀ :** ਤੁਸੀਂ ਪ੍ਰਸਤਾਵ ਭੇਜੋ । ਵਿਚਾਰ ਕਰ ਲਿਆ ਜਾਵੇਗਾ ।

-----

## STATEMENT MADE BY THE MINISTER REGARDING PROVIDING FREE DIALYSIS FACILITY

**ਸਿਹਤ ਅਤੇ ਪਰਿਵਾਰ ਭਲਾਈ ਮੰਤਰੀ (ਸ਼੍ਰੀ ਬ੍ਰਹਮ ਮਹਿੰਦਰਾ) :** ਸਪੀਕਰ ਸਾਹਿਬ, ਮੈਂ ਅੱਜ ਇਸ ਪਵਿੱਤਰ ਸਦਨ ਵਿੱਚ ਇੱਕ ਅਨਾਊਂਸਮੈਂਟ ਕਰਦਾ ਹਾਂ । ਪੰਜਾਬ ਵਿੱਚ ਪਿਛਲੇ ਸਾਲਾਂ ਵਿੱਚ ਕਈ ਤਰ੍ਹਾਂ ਦੀਆਂ ਐਸੀਆਂ ਬਿਮਾਰੀਆਂ ਫੈਲ ਗਈਆਂ ਹਨ ਜਿਸ ਨਾਲ ਲੋਕਾਂ ਨੂੰ ਡਾਇਲੈਸਿਸ ਬਹੁਤ ਕਰਵਾਉਣਾ ਪੈਂਦਾ ਹੈ । ਮੈਂ ਸਮਝਦਾ ਹਾਂ ਕਿ ਜਿਹੜਾ ਡਾਇਲੈਸਿਸ ਹੈ, ਇਹ ਬਹੁਤ ਮਹਿੰਗਾ ਹੁੰਦਾ ਹੈ । ਇਸ ਤੇ ਪੈਸੇ ਬਹੁਤ ਲੱਗਦੇ ਹਨ । ਪ੍ਰਾਈਵੇਟ ਹਸਪਤਾਲਾਂ ਵਿੱਚ ਵੀ ਪੈਸੇ ਲੱਗਦੇ ਹਨ ਤੇ ਸਰਕਾਰੀ ਹਸਪਤਾਲਾਂ ਵਿੱਚ ਵੀ ਪੇਮੈਂਟ ਕਰਨੀ ਪੈਂਦੀ ਹੈ। ਮੈਂ ਅੱਜ ਤੋਂ ਐਲਾਨ ਕਰਦਾ ਹਾਂ ਕਿ ਪੰਜਾਬ ਦੇ ਤਿੰਨੇ ਮੈਡੀਕਲ ਕਾਲਜਾਂ ਤੇ ਸਾਰੇ ਸਰਕਾਰੀ ਹਸਪਤਾਲਾਂ ਵਿੱਚ ਡਾਇਲੈਸਸ ਸਾਰਿਆਂ ਨੂੰ ਫਰੀ ਅਵੇਲੇਬਲ ਹੋਵੇਗਾ ਔਰ ਇਹ ਅੱਜ ਤੋਂ ਹੀ ਲਾਗੂ ਹੋ ਜਾਵੇਗਾ। ਇਹ ਮੈਂ ਐਲਾਨ ਕਰਦਾ ਹਾਂ । (ਥੰਪਿੰਗ)

-----

## PRIVILEGE MOTION REG. UNRULY BEHAVIOUR OF SARDAR SUKHBIR SINGH BADAL

(ਇਸ ਸਮੇਂ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਸਦਨ ਵਿੱਚ ਹਾਜ਼ਰ ਬਹੁਤ ਸਾਰੇ ਮੈਂਬਰ ਜ਼ੀਰੋ ਆਵਰ ਵਿੱਚ ਬੋਲਣ ਦੀ ਮੰਗ ਕਰ ਰਹੇ ਸਨ।)

**ਮਾਨਯੋਗ ਸਪੀਕਰ :** ਸਭ ਨੂੰ ਦੋ-ਤਿੰਨ ਦਿਨ ਬੋਲਣ ਦਾ ਟਾਈਮ ਮਿਲਦਾ ਰਿਹਾ ਹੈ । ਸ਼੍ਰੀ ਬ੍ਰਹਮ ਮਹਿੰਦਰਾ ਜੀ ਖੜ੍ਹੇ ਹਨ । ਪਲੀਜ਼, ਬਾਕੀ ਤੁਸੀਂ ਸਾਰੇ ਬੈਠੋ । (ਵਿਘਨ)

**ਸੰਸਦੀ ਮਾਮਲੇ ਮੰਤਰੀ :** ਸਪੀਕਰ ਸਾਹਿਬ, ਮੈਂ ਚਾਹੁੰਦਾ ਸੀ ਕਿ ਜੇ ਕੁਝ ਸਾਥੀ ਜ਼ੀਰੋ ਆਵਰ ਤੇ ਬੋਲਣਾ ਚਾਹੁੰਦੇ ਹਨ ਤਾਂ ਬੋਲ ਲੈਂਦੇ ਪਰ ਪ੍ਰਸਤਾਵ ਬੜਾ ਜ਼ਰੂਰੀ ਆ ਰਿਹਾ ਹੈ ਤੇ ਅਜੇ ਹੋਰ ਲੈਜਿਸਲੇਟਿਵ ਬਿਜ਼ਨਸ ਵੀ ਸ਼ੁਰੂ ਕਰਨਾ ਹੈ। ਸਪੀਕਰ ਸਾਹਿਬ, ਦੋ ਦਿਨ ਤੋਂ ਅਨਫਾਰਚੂਨੇਟ ਪੁਜ਼ੀਸ਼ਨ ਹਾਊਸ ਵਿੱਚ ਹੋ ਰਹੀ ਹੈ। ਮੈਂ ਇਸ ਤੇ ਗੱਲ ਕਰਨੀ ਤੇ ਪ੍ਰਸਤਾਵ ਲਿਆਉਣਾ ਚਾਹੁੰਦਾ ਹਾਂ ।ਸਪੀਕਰ ਸਾਹਿਬ, ਮੈਂ ਉਸ ਤੋਂ ਪਹਿਲਾਂ ਤੁਹਾਡੀ ਇਜਾਜ਼ਤ ਨਾਲ ਇੱਕ ਪ੍ਰਸਤਾਵ ਪੇਸ਼ ਕਰਨਾ ਚਾਹੁੰਦਾ ਹਾਂ ।

**ਮਾਨਯੋਗ ਸਪੀਕਰ :** ਹਾਂ ਜੀ, ਪ੍ਰਸਤਾਵ ਪੇਸ਼ ਕਰੋ ।

**ਸੰਸਦੀ ਮਾਮਲੇ ਮੰਤਰੀ (ਸ਼੍ਰੀ ਬ੍ਰਹਮ ਮਹਿੰਦਰਾ) :** ਸ਼੍ਰੀਮਾਨ ਜੀ, ਮੈਂ ਪ੍ਰਸਤਾਵ ਕਰਦਾ ਹਾਂ ਕਿ -

"ਕੱਲ੍ਹ ਮਿਤੀ 22.6.2017 ਨੂੰ ਸਦਨ ਵਿੱਚ ਅਜਿਹੀਆਂ ਨਮੋਸ਼ੀ ਵਾਲੀਆਂ ਘਟਨਾਵਾਂ ਜਿਵੇਂ ਪ੍ਰਸ਼ਨ ਕਾਲ ਵਿਚ ਵਾਰ ਵਾਰ ਵਿਘਨ ਪਾਉਣਾ, ਸਦਨ ਦੀ ਫਲੋਰ ਨੂੰ ਜਾਣ ਬੁੱਝ ਕੇ ਕਰਾਸ ਕਰਨਾ, ਉੱਚੀ ਉੱਚੀ ਨਾਅਰੇਬਾਜ਼ੀ, ਚੇਅਰ ਬਾਰੇ ਬਹੁਤ ਹੀ ਇਤਰਾਜ਼ਯੋਗ ਅਤੇ ਅਨਪਾਰਲੀਮੈਂਟਰੀ ਸ਼ਬਦਾਵਲੀ ਦਾ ਪ੍ਰਯੋਗ, ਚੇਅਰ ਵੱਲ ਪੇਪਰ ਸੁੱਟਣੇ ਅਤੇ ਡਿਊਟੀ ਨਿਭਾਅ ਰਹੇ ਸਟਾਫ ਦੀ ਮਾਰ-ਕੁਟਾਈ ਕਰਨਾ, ਇਹੋ ਜਿਹੀਆਂ ਘਟਨਾਵਾਂ ਹਨ, ਜਿਨ੍ਹਾਂ ਨੇ ਸਾਡਾ ਸਾਰਿਆਂ ਦਾ ਸਿਰ ਸ਼ਰਮ ਨਾਲ ਝੁਕਾਅ ਦਿੱਤਾ ਹੈ। ਇਨ੍ਹਾਂ ਸ਼ਰਮਨਾਕ ਘਟਨਾਵਾਂ ਨੂੰ ਵਾਪਰਨ ਤੋਂ ਰੋਕਣ ਲਈ ਮਾਨਯੋਗ ਸਪੀਕਰ ਵੱਲੋਂ ਹਰ ਸੰਭਵ ਕੋਸ਼ਿਸ਼ ਕੀਤੀ ਗਈ ਅਤੇ ਇਨ੍ਹਾਂ ਘਟਨਾਵਾਂ ਕਰਕੇ ਹੀ ਮਾਨਯੋਗ ਸਪੀਕਰ ਵੱਲੋਂ ਤਿੰਨ ਵਾਰ ਸਦਨ ਨੂੰ ਸਥਗਿਤ ਕਰਨ ਲਈ ਮਜਬੂਰ ਹੋਣਾ ਪਿਆ। ਇਸ ਦੌਰਾਨ ਸਦਨ ਦੇ ਮੈਂਬਰਾਂ ਵੱਲੋਂ ਮਾਨਯੋਗ ਸਪੀਕਰ ਦੀ ਚੇਅਰ ਨੂੰ ਨਿਸ਼ਾਨਾ ਬਣਾ ਕੇ ਬਹੁਤ ਹੀ ਮਾੜੀ ਸ਼ਬਦਾਵਲੀ ਦਾ ਇਸਤੇਮਾਲ ਕੀਤਾ ਗਿਆ। ਇਹ ਮਸਲਾ ਉਸ ਸਮੇਂ ਅਤਿ ਗੰਭੀਰ ਹੋ ਜਾਂਦਾ ਹੈ ਜਦੋਂ ਇੱਕ ਜ਼ਿੰਮੇਵਾਰ ਪਾਰਟੀ ਦੇ ਪ੍ਰਧਾਨ ਅਤੇ ਇਸ ਸਦਨ ਦੇ ਮੈਂਬਰ ਸਰਦਾਰ ਸੁਖਬੀਰ ਸਿੰਘ ਬਾਦਲ ਵੱਲੋਂ ਚੇਅਰ ਨੂੰ ਨਿਸ਼ਾਨਾ ਬਣਾ ਕੇ ਉਨ੍ਹਾਂ ਤੇ ਨਿੱਜੀ ਦੂਸ਼ਣਬਾਜ਼ੀ ਕੀਤੀ ਜਾਵੇ।

ਇਹ ਸਦਨ ਇੱਕ ਬਹੁਤ ਹੀ ਪਵਿੱਤਰ ਸਥਾਨ ਹੈ। ਮਾਨਯੋਗ ਸਪੀਕਰ ਵੱਲੋਂ ਸਦਨ ਨੂੰ ਨਿਰਪੱਖ ਢੰਗ ਨਾਲ ਚਲਾਉਣ ਲਈ ਨਿਯਮਾਂ ਅਨੁਸਾਰ ਕੰਮ ਕੀਤਾ ਜਾਂਦਾ ਹੈ ਅਤੇ ਉਨ੍ਹਾਂ ਵੱਲੋਂ ਸਰਕਾਰ ਅਤੇ ਵਿਰੋਧੀ ਧਿਰਾਂ ਨੂੰ ਬਰਾਬਰ ਦਾ ਸਤਿਕਾਰ ਦਿੱਤਾ ਜਾਂਦਾ ਹੈ। ਉਨ੍ਹਾਂ ਤੇ ਪੱਖਪਾਤ ਕਰਨ ਦੇ ਇਲਜ਼ਾਮ ਲਗਾਉਣੇ ਇਸ ਸਦਨ ਅਤੇ ਮਾਨਯੋਗ ਸਪੀਕਰ ਦੀ ਚੇਅਰ ਦੀ ਬਹੁਤ ਵੱਡੀ ਹੱਤਕ ਹੈ ਅਤੇ ਸਦਨ ਦੀ ਅਵਮਾਨਨਾ (contempt) ਹੈ।

ਕੱਲ੍ਹ ਮਿਤੀ 22.6.2017 ਨੂੰ ਸਦਨ ਦੇ ਇੱਕ ਮੈਂਬਰ ਸਰਦਾਰ ਸੁਖਬੀਰ ਸਿੰਘ ਬਾਦਲ ਵੱਲੋਂ ਮਾਨਯੋਗ ਸਪੀਕਰ ਨੂੰ ਇਹ ਕਹਿਣਾ -ਤੁਸੀਂ ਇਥੇ ਪੱਗਾਂ ਲੁਹਾਉਣੀਆਂ ਹਨ, ਇਥੇ ਕੋਈ ਅਖਾੜਾ ਨਹੀਂ ਹੈ, You are acting like dictator- ਅਤੇ ਇਸ ਤੋਂ ਇਲਾਵਾ ਇਲੈਕਟ੍ਰਾਨਿਕ ਮੀਡੀਆ ਅਤੇ ਸ਼ੋਸਲ ਮੀਡੀਆ ਤੇ ਵੀ ਮਾਨਯੋਗ ਸਪੀਕਰ ਬਾਰੇ ਬਹੁਤ ਹੀ ਅਨਪਾਰਲੀਮੈਂਟਰੀ ਅਤੇ ਇਤਰਾਜ਼ਯੋਗ ਸ਼ਬਦਾਂ ਦਾ ਇਸਤੇਮਾਲ ਕੀਤਾ ਗਿਆ ਹੈ ਜੋ ਕਿ ਇਸ ਪਵਿੱਤਰ ਸਦਨ ਅਤੇ ਚੇਅਰ ਦੀ ਬਹੁਤ ਵੱਡੀ ਤੌਹੀਨ ਅਤੇ ਅਵਮਾਨਨਾ ਦਾ ਮਾਮਲਾ ਬਣਦਾ ਹੈ, ਜਿਸ ਦੀ ਇਹ ਸਦਨ ਭਰਪੂਰ ਸ਼ਬਦਾਂ ਵਿੱਚ ਨਿੰਦਾ ਕਰਦਾ ਹੈ।

ਇਹ ਜੋ ਕੁਝ ਵੀ ਵਾਪਰਿਆ ਹੈ, ਇਸ ਤੋਂ ਲਗਦਾ ਹੈ ਕਿ ਸਦਨ ਦੇ ਮੈਂਬਰ ਸਰਦਾਰ ਸੁਖਬੀਰ ਸਿੰਘ ਬਾਦਲ ਵੱਲੋਂ ਜਾਣ ਬੁੱਝ ਕੇ ਸਦਨ ਦੇ ਨਿਯਮਾਂ ਦੀ ਉਲੰਘਣਾ ਕੀਤੀ ਗਈ ਹੈ ਤੇ ਸਦਨ ਅਤੇ ਮਾਨਯੋਗ ਸਪੀਕਰ ਦੀ ਚੇਅਰ ਦੀ ਮਾਣ ਮਰਿਆਦਾ ਨੂੰ ਠੇਸ ਪਹੁੰਚਾਈ ਗਈ ਹੈ।

[ ਸੰਸਦੀ ਮਾਮਲੇ ਮੰਤਰੀ ]

ਮਾਨਯੋਗ ਸਪੀਕਰ ਸਾਹਿਬ, ਇਹ ਸਦਨ ਜ਼ੋਰਦਾਰ ਮੰਗ ਕਰਦਾ ਹੈ ਕਿ ਸਦਨ ਦੇ ਮੈਂਬਰ, ਸਰਦਾਰ ਸੁਖਬੀਰ ਸਿੰਘ ਬਾਦਲ ਵੱਲੋਂ ਕੀਤੀਆਂ ਗਈਆਂ ਉਪਰੋਕਤ ਕਾਰਵਾਈਆਂ ਦਾ ਮਾਮਲਾ ਨਿਯਮਾਂ ਅਧੀਨ ਯੋਗ ਕਾਰਵਾਈ ਕਰਨ ਲਈ ਸਦਨ ਦੀ ਵਿਸ਼ੇਸ਼ ਅਧਿਕਾਰ ਕਮੇਟੀ ਨੂੰ ਸੌਂਪਿਆ ਜਾਵੇ।"

**ਮਾਨਯੋਗ ਸਪੀਕਰ :** ਪ੍ਰਸਤਾਵ ਕੀਤਾ ਕਿ-

"ਕੱਲ੍ਹ ਮਿਤੀ 22.6.2017 ਨੂੰ ਸਦਨ ਵਿੱਚ ਅਜਿਹੀਆਂ ਨਮੋਸ਼ੀ ਵਾਲੀਆਂ ਘਟਨਾਵਾਂ ਜਿਵੇਂ ਪ੍ਰਸ਼ਨ ਕਾਲ ਵਿਚ ਵਾਰ ਵਾਰ ਵਿਘਨ ਪਾਉਣਾ, ਸਦਨ ਦੀ ਫਲੋਰ ਨੂੰ ਜਾਣ ਬੁਝ ਕੇ ਕਰਾਸ ਕਰਨਾ, ਉੱਚੀ ਉੱਚੀ ਨਾਅਰੇਬਾਜ਼ੀ, ਚੇਅਰ ਬਾਰੇ ਬਹੁਤ ਹੀ ਇਤਰਾਜ਼ਯੋਗ ਅਤੇ ਅਨਪਾਰਲੀਮੈਂਟਰੀ ਸ਼ਬਦਾਵਲੀ ਦਾ ਪ੍ਰਯੋਗ, ਚੇਅਰ ਵੱਲ ਪੇਪਰ ਸੁੱਟਣੇ ਅਤੇ ਡਿਊਟੀ ਨਿਭਾਅ ਰਹੇ ਸਟਾਫ ਦੀ ਮਾਰ-ਕੁਟਾਈ ਕਰਨਾ, ਇਹੋ ਜਿਹੀਆਂ ਘਟਨਾਵਾਂ ਹਨ, ਜਿਨ੍ਹਾਂ ਨੇ ਸਾਡਾ ਸਾਰਿਆਂ ਦਾ ਸਿਰ ਸ਼ਰਮ ਨਾਲ ਝੁਕਾਅ ਦਿੱਤਾ ਹੈ। ਇਨ੍ਹਾਂ ਸ਼ਰਮਨਾਕ ਘਟਨਾਵਾਂ ਨੂੰ ਵਾਪਰਨ ਤੋਂ ਰੋਕਣ ਲਈ ਮਾਨਯੋਗ ਸਪੀਕਰ ਵੱਲੋਂ ਹਰ ਸੰਭਵ ਕੋਸ਼ਿਸ਼ ਕੀਤੀ ਗਈ ਅਤੇ ਇਨ੍ਹਾਂ ਘਟਨਾਵਾਂ ਕਰਕੇ ਹੀ ਮਾਨਯੋਗ ਸਪੀਕਰ ਵੱਲੋਂ ਤਿੰਨ ਵਾਰ ਸਦਨ ਨੂੰ ਸਥਗਿਤ ਕਰਨ ਲਈ ਮਜਬੂਰ ਹੋਣਾ ਪਿਆ। ਇਸ ਦੌਰਾਨ ਸਦਨ ਦੇ ਮੈਂਬਰਾਂ ਵੱਲੋਂ ਮਾਨਯੋਗ ਸਪੀਕਰ ਦੀ ਚੇਅਰ ਨੂੰ ਨਿਸ਼ਾਨਾ ਬਣਾ ਕੇ ਬਹੁਤ ਹੀ ਮਾੜੀ ਸ਼ਬਦਾਵਲੀ ਦਾ ਇਸਤੇਮਾਲ ਕੀਤਾ ਗਿਆ। ਇਹ ਮਸਲਾ ਉਸ ਸਮੇਂ ਅਤਿ ਗੰਭੀਰ ਹੋ ਜਾਂਦਾ ਹੈ ਜਦੋਂ ਇੱਕ ਜ਼ਿੰਮੇਵਾਰ ਪਾਰਟੀ ਦੇ ਪ੍ਰਧਾਨ ਅਤੇ ਇਸ ਸਦਨ ਦੇ ਮੈਂਬਰ ਸਰਦਾਰ ਸੁਖਬੀਰ ਸਿੰਘ ਬਾਦਲ ਵੱਲੋਂ ਚੇਅਰ ਨੂੰ ਨਿਸ਼ਾਨਾ ਬਣਾ ਕੇ ਉਨ੍ਹਾਂ ਤੇ ਨਿੱਜੀ ਦੂਸ਼ਣਬਾਜ਼ੀ ਕੀਤੀ ਜਾਵੇ।

ਇਹ ਸਦਨ ਇੱਕ ਬਹੁਤ ਹੀ ਪਵਿੱਤਰ ਸਥਾਨ ਹੈ। ਮਾਨਯੋਗ ਸਪੀਕਰ ਵੱਲੋਂ ਸਦਨ ਨੂੰ ਨਿਰਪੱਖ ਢੰਗ ਨਾਲ ਚਲਾਉਣ ਲਈ ਨਿਯਮਾਂ ਅਨੁਸਾਰ ਕੰਮ ਕੀਤਾ ਜਾਂਦਾ ਹੈ ਅਤੇ ਉਨ੍ਹਾਂ ਵੱਲੋਂ ਸਰਕਾਰ ਅਤੇ ਵਿਰੋਧੀ ਧਿਰਾਂ ਨੂੰ ਬਰਾਬਰ ਦਾ ਸਤਿਕਾਰ ਦਿੱਤਾ ਜਾਂਦਾ ਹੈ। ਉਨ੍ਹਾਂ ਤੇ ਪੱਖਪਾਤ ਕਰਨ ਦੇ ਇਲਜ਼ਾਮ ਲਗਾਉਣੇ ਇਸ ਸਦਨ ਅਤੇ ਮਾਨਯੋਗ ਸਪੀਕਰ ਦੀ ਚੇਅਰ ਦੀ ਬਹੁਤ ਵੱਡੀ ਹੱਤਕ ਹੈ ਅਤੇ ਸਦਨ ਦੀ ਅਵਮਾਨਨਾ (contempt) ਹੈ।

ਕੱਲ੍ਹ ਮਿਤੀ 22.6.2017 ਨੂੰ ਸਦਨ ਦੇ ਇੱਕ ਮੈਂਬਰ ਸਰਦਾਰ ਸੁਖਬੀਰ ਸਿੰਘ ਬਾਦਲ ਵੱਲੋਂ ਮਾਨਯੋਗ ਸਪੀਕਰ ਨੂੰ ਇਹ ਕਹਿਣਾ -ਤੁਸੀਂ ਇਥੇ ਪੱਗਾਂ ਲੁਹਾਉਣੀਆਂ ਹਨ, ਇਥੇ ਕੋਈ ਅਖਾੜਾ ਨਹੀਂ ਹੈ, You are acting like dictator- ਅਤੇ ਇਸ ਤੋਂ ਇਲਾਵਾ ਇਲੈਕਟ੍ਰਾਨਿਕ ਮੀਡੀਆ ਅਤੇ ਸ਼ੋਸਲ ਮੀਡੀਆ ਤੇ ਵੀ ਮਾਨਯੋਗ ਸਪੀਕਰ ਬਾਰੇ ਬਹੁਤ ਹੀ ਅਨਪਾਰਲੀਮੈਂਟਰੀ ਅਤੇ ਇਤਰਾਜ਼ਯੋਗ ਸ਼ਬਦਾਂ ਦਾ ਇਸਤੇਮਾਲ ਕੀਤਾ ਗਿਆ ਹੈ ਜੋ ਕਿ ਇਸ ਪਵਿੱਤਰ ਸਦਨ ਅਤੇ ਚੇਅਰ ਦੀ ਬਹੁਤ ਵੱਡੀ ਤੌਹੀਨ ਅਤੇ ਅਵਮਾਨਨਾ ਦਾ ਮਾਮਲਾ ਬਣਦਾ ਹੈ, ਜਿਸ ਦੀ ਇਹ ਸਦਨ ਭਰਪੂਰ ਸ਼ਬਦਾਂ ਵਿੱਚ ਨਿੰਦਾ ਕਰਦਾ ਹੈ।

ਇਹ ਜੋ ਕੁਝ ਵੀ ਵਾਪਰਿਆ ਹੈ, ਇਸ ਤੋਂ ਲਗਦਾ ਹੈ ਕਿ ਸਦਨ ਦੇ ਮੈਂਬਰ ਸਰਦਾਰ ਸੁਖਬੀਰ ਸਿੰਘ ਬਾਦਲ ਵੱਲੋਂ ਜਾਣ ਬੁੱਝ ਕੇ ਸਦਨ ਦੇ ਨਿਯਮਾਂ ਦੀ ਉਲੰਘਣਾ ਕੀਤੀ ਗਈ ਹੈ ਤੇ ਸਦਨ ਅਤੇ ਮਾਨਯੋਗ ਸਪੀਕਰ ਦੀ ਚੇਅਰ ਦੀ ਮਾਣ ਮਰਿਆਦਾ ਨੂੰ ਠੇਸ ਪਹੁੰਚਾਈ ਗਈ ਹੈ।

ਮਾਨਯੋਗ ਸਪੀਕਰ ਸਾਹਿਬ, ਇਹ ਸਦਨ ਜ਼ੋਰਦਾਰ ਮੰਗ ਕਰਦਾ ਹੈ ਕਿ ਸਦਨ ਦੇ ਮੈਂਬਰ, ਸਰਦਾਰ ਸੁਖਬੀਰ ਸਿੰਘ ਬਾਦਲ ਵੱਲੋਂ ਕੀਤੀਆਂ ਗਈਆਂ ਉਪਰੋਕਤ ਕਾਰਵਾਈਆਂ ਦਾ ਮਾਮਲਾ ਨਿਯਮਾਂ ਅਧੀਨ ਯੋਗ ਕਾਰਵਾਈ ਕਰਨ ਲਈ ਸਦਨ ਦੀ ਵਿਸ਼ੇਸ਼ ਅਧਿਕਾਰ ਕਮੇਟੀ ਨੂੰ ਸੌਂਪਿਆ ਜਾਵੇ।"

ਬਹਿਸ।

**ਸਰਦਾਰ ਗੁਰਕੀਰਤ ਸਿੰਘ :** ਸਪੀਕਰ ਸਾਹਿਬ, ਮੈਂ ਕਹਿਣਾ ਚਾਹੁੰਦਾ ਹਾਂ...

**ਮਾਨਯੋਗ ਸਪੀਕਰ :** ਕੋਟਲੀ ਸਾਹਿਬ, ਕੀ ਤੁਸੀਂ ਇਸ ਮਤੇ ਤੇ ਬੋਲਣਾ ਹੈ? ਜਿਸ ਨੇ ਇਸ ਮਤੇ ਤੇ ਬੋਲਣਾ ਹੈ ਉਹੀ ਇਸ ਮਤੇ ਤੇ ਬੋਲੇ।

**ਸਰਦਾਰ ਗੁਰਕੀਰਤ ਸਿੰਘ :** ਸਰ, ਮੈਂ ਤਾਂ ਜ਼ੀਰੋ ਆਵਰ ਤੇ ਗੱਲ ਕਰਨੀ ਸੀ।

**ਸਰਦਾਰ ਨਵਤੇਜ ਸਿੰਘ ਚੀਮਾ :** ਸਪੀਕਰ ਸਾਹਿਬ, ਮੈਂ ਇਸ ਮਤੇ ਤੇ ਬੋਲਣਾ ਹੈ।

**ਮਾਨਯੋਗ ਸਪੀਕਰ :** ਹਾਂ ਜੀ। ਤੁਸੀਂ ਬੋਲੋ। ਉਹ ਗੱਲ ਪਿਛੇ ਰਹਿ ਗਈ ਹੈ।

**ਸਰਦਾਰ ਨਵਤੇਜ ਸਿੰਘ ਚੀਮਾ (ਸੁਲਤਾਨਪੁਰ ਲੋਧੀ) :** ਸਪੀਕਰ ਸਾਹਿਬ, ਬਹੁਤ ਧੰਨਵਾਦ ਜੀ। ਇਸ ਮਸਲੇ ਤੇ ਮੈਂ ਕੱਲ੍ਹ ਦੀ ਗੱਲ ਕਰਨੀ ਚਾਹੁੰਦਾ ਹਾਂ ਕਿ ਜਦੋਂ ਪਾਰਲੀਮੈਂਟ ਵਿੱਚ ਜਾਂਦੇ ਹਾਂ ਤਾਂ ਉਥੇ ਉਹ ਹੈੱਡ ਫੋਨ ਕੰਨਾਂ ਨੂੰ ਲਗਾ ਦਿੰਦੇ ਹਨ ਜਿਸ ਨਾਲ ਕਲੀਅਰ ਸੁਣਾਈ ਦਿੰਦਾ ਹੈ । ਮੈਂ ਕਹਿੰਦਾ ਹਾਂ ਕਿ ਜਿਹੋ ਜਿਹੀ ਆਪਣੇ ਸਾਹਮਣੇ ਪਾਰਟੀ ਆ ਗਈ ਹੈ ਜਾਂ ਮੈਂਬਰ ਸਾਹਿਬਾਨ ਆ ਗਏ ਹਨ, ਆਪਾਂ ਅੱਗੇ ਤੋਂ ਵੀ ਸੈਸ਼ਨ ਚਲਾਉਣਾ ਹੈ ਤੇ ਕਾਰਵਾਈ ਚਲਾਉਣੀ ਹੈ, ਕੁਐਸਚਨ ਆਵਰ ਵਿਚ ਸਾਨੂੰ ਪਤਾ ਹੀ ਨਹੀਂ ਲੱਗਦਾ ਕਿ ਮੰਤਰੀ ਸਾਹਿਬ ਕੀ ਜਵਾਬ ਦਿੰਦੇ ਹਨ..

**ਮਾਨਯੋਗ ਸਪੀਕਰ :** ਤੁਸੀਂ ਪਹਿਲਾਂ ਇਸ ਮਤੇ ਤੇ ਗੱਲ ਕਰੋ।

**ਸਰਦਾਰ ਨਵਤੇਜ ਸਿੰਘ ਚੀਮਾ :** ਮੈਂ ਮਤੇ ਤੇ ਪਹਿਲਾਂ ਇਹੋ ਗੱਲ ਕਹਿਣੀ ਚਾਹੁੰਦਾ ਹਾਂ ਕਿ ਇੱਕ ਆਪਣੇ ਕੋਲੋਂ ਗੱਲ ਰਹਿ ਗਈ ਉਹ ਇਹ ਹੈ ਕਿ ਜਦੋਂ ਅੱਜ ਮੈਂ ਗੇਟ ਤੇ ਆਇਆ ਤਾਂ ਮੈਂ ਉਥੇ ਕੱਲ੍ਹ ਦੀਆਂ ਵੀਡਿਓਜ਼ ਵੇਖੀਆਂ ਤਾਂ ਉਥੇ ਪੁਲਿਸ ਇੰਸਪੈਕਟਰ ਨੂੰ ਵਰਦੀ ਵਿੱਚ ਜਿਸ ਹਿਸਾਬ ਨਾਲ ਸਾਡੇ ਮਾਨਯੋਗ ਮੈਂਬਰਾਂ ਨੇ ਫੜ੍ਹ ਕੇ ਸੁੱਟਿਆ ਜਾਂ ਉਨ੍ਹਾਂ ਨੂੰ ਜਿੰਨਾ ਡਿਮਾਰਲਾਈਜ਼ ਕੀਤਾ ਉਸ ਬਾਰੇ ਵੀ ਆਪਾਂ ਨੂੰ ਧਿਆਨ ਕਰਨਾ ਚਾਹੀਦਾ ਹੈ, ਇਸ ਮਤੇ ਵਿੱਚ ਉਸ ਨੂੰ ਵੀ ਪਾਇਆ ਜਾਣਾ ਚਾਹੀਦਾ ਹੈ। ਇਸ ਮਤੇ ਵਿੱਚ ਜੋ ਲਫਜ਼ ਯੂਜ਼ ਕੀਤੇ ਹਨ

[ ਸਰਦਾਰ ਨਵਤੇਜ ਸਿੰਘ ਚੀਮਾ ]

ਉਸ ਨਾਲ ਮਨ ਨੂੰ ਬਹੁਤ ਦੁੱਖ ਲੱਗਾ ਹੈ। ਇਹ ਚੇਅਰ ਲਈ ਬਹੁਤ ਮਾੜਾ ਹੋਇਆ ਹੈ...

**ਮਾਨਯੋਗ ਸਪੀਕਰ :** ਤੁਸੀਂ ਬੈਠੋ। ਬੈਠੋ ਪਲੀਜ਼। ਹਾਂ ਜੀ, ਸਰਦਾਰ ਕੁਸ਼ਲਦੀਪ ਸਿੰਘ ਜੀ।

**ਸਰਦਾਰ ਕੁਸ਼ਲਦੀਪ ਸਿੰਘ ਕਿੱਕੀ ਢਿੱਲੋਂ (ਫਰੀਦਕੋਟ) :** ਸਪੀਕਰ ਸਾਹਿਬ, ਇਸ ਮਤੇ ਬਾਰੇ ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਕੱਲ੍ਹ ਜੋ ਵੀ ਹਾਊਸ ਵਿਚ ਹੋਇਆ, ਉਹ ਬਹੁਤ ਮੰਦਭਾਗਾ ਹੋਇਆ ਹੈ ਪਰ ਅਖਬਾਰਾਂ ਵਿੱਚ ਅੱਜ ਪੜ੍ਹਿਆ, ਸ਼ੋਸ਼ਲ ਮੀਡੀਏ ਉਤੇ ਅੱਜ ਸੁਣਿਆ (ਵਿਘਨ) ਜੋ ਸੁਣਿਆ ਉਸ ਨਾਲ ਮੈਂਬਰਜ਼ ਦੇ ਜਿਹੜੇ ਪ੍ਰਿਵਲਿਜ਼ਿਜ਼ ਹਨ, ਉਹ ਹਰਟ ਹੋਏ ਹਨ ਪਰ, ਸਪੀਕਰ ਸਾਹਿਬ, ਪ੍ਰਿਵਿਲਜ ਤੋਂ ਪਹਿਲਾਂ ਡਿਊਟੀ ਵੀ ਆਉਂਦੀ ਹੈ, ਜ਼ਿੰਮੇਵਾਰੀ ਵੀ ਆਉਂਦੀ ਹੈ ਜੇ ਕੋਈ ਇਲੈਕਟਿਡ ਰਿਪ੍ਰਜੈਂਟੇਟਿਵ ਆਇਆ ਹੈ ਅਤੇ ਉਸ ਨੇ ਆਪ ਦੀ ਜਿਹੜੀ ਗੱਲ ਕਹਿਣੀ ਹੈ, ਉਹ ਹਾਊਸ ਦੇ ਰੂਲਜ਼ ਤੇ ਪ੍ਰੋਸੀਜ਼ਰ ਵਿਚ ਕਹਿਣੀ ਹੈ । ਇਹ ਨਹੀਂ ਕਿ ਕੋਈ ਜਿਹੜਾ ਮਰਜ਼ੀ, ਜਦੋਂ ਮਰਜ਼ੀ ਉਠ ਕੇ, ਜੋ ਮਰਜ਼ੀ ਕਹਿ ਦੇਵੇ। ਸੋ, ਮੇਰੀ ਇਹ ਬੇਨਤੀ ਹੈ ਕਿ ਇਹੋ ਜਿਹਾ ਐਕਸ਼ਨ ਲਿਆ ਜਾਵੇ ਤਾਂ ਕਿ ਹਰੇਕ ਮੈਂਬਰ ਨੂੰ ਇਹ ਪਤਾ ਲੱਗ ਜਾਵੇ ਕਿ ਹਾਊਸ ਦੇ ਰੂਲਜ਼ ਅਤੇ ਪ੍ਰਿਵਿਲਜ਼ਿਜ ਕੀ ਹਨ । ਜੇ ਕੋਈ ਗੱਲ ਕਹਿਣੀ ਹੈ ਤਾਂ ਉਹ ਡੈਕੋਰਮ ਵਿਚ ਕਹੀ ਜਾਵੇ ਤੇ ਹਾਊਸ ਦਾ ਡੈਕੋਰਮ ਹਰ ਇੱਕ ਗੱਲ ਵਿਚ ਮੇਨਟੇਨ ਕਰਨਾ ਚਾਹੀਦਾ ਹੈ। ਮੇਰੀ ਇਹ ਤੁਹਾਨੂੰ ਰਿਕੁਐਸਟ ਹੈ।

**ਮਾਨਯੋਗ ਸਪੀਕਰ :** ਹਾਂ ਜੀ। ਤੁਸੀਂ ਬੈਠੋ। ਪਲੀਜ਼ ਬੈਠੋ।

**ਮਾਨਯੋਗ ਸਪੀਕਰ:** ਪ੍ਰਸ਼ਨ ਹੈ ਕਿ-

"ਕੱਲ੍ਹ ਮਿਤੀ 22.6.2017 ਨੂੰ ਸਦਨ ਵਿੱਚ ਅਜਿਹੀਆਂ ਨਮੋਸ਼ੀ ਵਾਲੀਆਂ ਘਟਨਾਵਾਂ ਜਿਵੇਂ ਪ੍ਰਸ਼ਨ ਕਾਲ ਵਿਚ ਵਾਰ ਵਾਰ ਵਿਘਨ ਪਾਉਣਾ, ਸਦਨ ਦੀ ਫਲੋਰ ਨੂੰ ਜਾਣ ਬੁੱਝ ਕੇ ਕਰਾਸ ਕਰਨਾ, ਉੱਚੀ ਉੱਚੀ ਨਾਅਰੇਬਾਜ਼ੀ, ਚੇਅਰ ਬਾਰੇ ਬਹੁਤ ਹੀ ਇਤਰਾਜ਼ਯੋਗ ਅਤੇ ਅਨਪਾਰਲੀਮੈਂਟਰੀ ਸ਼ਬਦਾਵਲੀ ਦਾ ਪ੍ਰਯੋਗ, ਚੇਅਰ ਵੱਲ ਪੇਪਰ ਸੁੱਟਣੇ ਅਤੇ ਡਿਊਟੀ ਨਿਭਾਅ ਰਹੇ ਸਟਾਫ ਦੀ ਮਾਰ-ਕੁਟਾਈ ਕਰਨਾ, ਇਹੋ ਜਿਹੀਆਂ ਘਟਨਾਵਾਂ ਹਨ, ਜਿਨ੍ਹਾਂ ਨੇ ਸਾਡਾ ਸਾਰਿਆਂ ਦਾ ਸਿਰ ਸ਼ਰਮ ਨਾਲ ਝੁਕਾਅ ਦਿੱਤਾ ਹੈ। ਇਨ੍ਹਾਂ ਸ਼ਰਮਨਾਕ ਘਟਨਾਵਾਂ ਨੂੰ ਵਾਪਰਨ ਤੋਂ ਰੋਕਣ ਲਈ ਮਾਨਯੋਗ ਸਪੀਕਰ ਵੱਲੋਂ ਹਰ ਸੰਭਵ ਕੋਸ਼ਿਸ਼ ਕੀਤੀ ਗਈ ਅਤੇ ਇਨ੍ਹਾਂ ਘਟਨਾਵਾਂ ਕਰਕੇ ਹੀ ਮਾਨਯੋਗ ਸਪੀਕਰ ਵੱਲੋਂ ਤਿੰਨ ਵਾਰ ਸਦਨ ਨੂੰ ਸਥਗਿਤ ਕਰਨ ਲਈ ਮਜਬੂਰ ਹੋਣਾ ਪਿਆ। ਇਸ ਦੌਰਾਨ ਸਦਨ ਦੇ ਮੈਂਬਰਾਂ ਵੱਲੋਂ ਮਾਨਯੋਗ ਸਪੀਕਰ ਦੀ ਚੇਅਰ ਨੂੰ ਨਿਸ਼ਾਨਾ ਬਣਾ ਕੇ ਬਹੁਤ ਹੀ ਮਾੜੀ ਸ਼ਬਦਾਵਲੀ ਦਾ ਇਸਤੇਮਾਲ ਕੀਤਾ ਗਿਆ। ਇਹ ਮਸਲਾ ਉਸ ਸਮੇਂ ਅਤਿ ਗੰਭੀਰ ਹੋ ਜਾਂਦਾ ਹੈ ਜਦੋਂ ਇੱਕ ਜ਼ਿੰਮੇਵਾਰ

ਪਾਰਟੀ ਦੇ ਪ੍ਰਧਾਨ ਅਤੇ ਇਸ ਸਦਨ ਦੇ ਮੈਂਬਰ ਸਰਦਾਰ ਸੁਖਬੀਰ ਸਿੰਘ ਬਾਦਲ ਵੱਲੋਂ ਚੇਅਰ ਨੂੰ ਨਿਸ਼ਾਨਾ ਬਣਾ ਕੇ ਉਨ੍ਹਾਂ ਤੇ ਨਿੱਜੀ ਦੂਸ਼ਣਬਾਜ਼ੀ ਕੀਤੀ ਜਾਵੇ।

ਇਹ ਸਦਨ ਇੱਕ ਬਹੁਤ ਹੀ ਪਵਿੱਤਰ ਸਥਾਨ ਹੈ। ਮਾਨਯੋਗ ਸਪੀਕਰ ਵੱਲੋਂ ਸਦਨ ਨੂੰ ਨਿਰਪੱਖ ਢੰਗ ਨਾਲ ਚਲਾਉਣ ਲਈ ਨਿਯਮਾਂ ਅਨੁਸਾਰ ਕੰਮ ਕੀਤਾ ਜਾਂਦਾ ਹੈ ਅਤੇ ਉਨ੍ਹਾਂ ਵੱਲੋਂ ਸਰਕਾਰ ਅਤੇ ਵਿਰੋਧੀ ਧਿਰਾਂ ਨੂੰ ਬਰਾਬਰ ਦਾ ਸਤਿਕਾਰ ਦਿੱਤਾ ਜਾਂਦਾ ਹੈ। ਉਨ੍ਹਾਂ ਤੇ ਪੱਖਪਾਤ ਕਰਨ ਦੇ ਇਲਜ਼ਾਮ ਲਗਾਉਣੇ ਇਸ ਸਦਨ ਅਤੇ ਮਾਨਯੋਗ ਸਪੀਕਰ ਦੀ ਚੇਅਰ ਦੀ ਬਹੁਤ ਵੱਡੀ ਹੱਤਕ ਹੈ ਅਤੇ ਸਦਨ ਦੀ ਅਵਮਾਨਨਾ (contempt) ਹੈ।

ਕੱਲ੍ਹ ਮਿਤੀ 22.6.2017 ਨੂੰ ਸਦਨ ਦੇ ਇੱਕ ਮੈਂਬਰ ਸਰਦਾਰ ਸੁਖਬੀਰ ਸਿੰਘ ਬਾਦਲ ਵੱਲੋਂ ਮਾਨਯੋਗ ਸਪੀਕਰ ਨੂੰ ਇਹ ਕਹਿਣਾ -ਤੁਸੀਂ ਇਥੇ ਪੱਗਾਂ ਲੁਹਾਉਣੀਆਂ ਹਨ, ਇਥੇ ਕੋਈ ਅਖਾੜਾ ਨਹੀਂ ਹੈ, You are acting like dictator- ਅਤੇ ਇਸ ਤੋਂ ਇਲਾਵਾ ਇਲੈਕਟ੍ਰਾਨਿਕ ਮੀਡੀਆ ਅਤੇ ਸ਼ੋਸਲ ਮੀਡੀਆ ਤੇ ਵੀ ਮਾਨਯੋਗ ਸਪੀਕਰ ਬਾਰੇ ਬਹੁਤ ਹੀ ਅਨਪਾਰਲੀਮੈਂਟਰੀ ਅਤੇ ਇਤਰਾਜ਼ਯੋਗ ਸ਼ਬਦਾਂ ਦਾ ਇਸਤੇਮਾਲ ਕੀਤਾ ਗਿਆ ਹੈ ਜੋ ਕਿ ਇਸ ਪਵਿੱਤਰ ਸਦਨ ਅਤੇ ਚੇਅਰ ਦੀ ਬਹੁਤ ਵੱਡੀ ਤੌਹੀਨ ਅਤੇ ਅਵਮਾਨਨਾ ਦਾ ਮਾਮਲਾ ਬਣਦਾ ਹੈ, ਜਿਸ ਦੀ ਇਹ ਸਦਨ ਭਰਪੂਰ ਸ਼ਬਦਾਂ ਵਿੱਚ ਨਿੰਦਾ ਕਰਦਾ ਹੈ।

ਇਹ ਜੋ ਕੁਝ ਵੀ ਵਾਪਰਿਆ ਹੈ, ਇਸ ਤੋਂ ਲਗਦਾ ਹੈ ਕਿ ਸਦਨ ਦੇ ਮੈਂਬਰ ਸਰਦਾਰ ਸੁਖਬੀਰ ਸਿੰਘ ਬਾਦਲ ਵੱਲੋਂ ਜਾਣ ਬੁੱਝ ਕੇ ਸਦਨ ਦੇ ਨਿਯਮਾਂ ਦੀ ਉਲੰਘਣਾ ਕੀਤੀ ਗਈ ਹੈ ਤੇ ਸਦਨ ਅਤੇ ਮਾਨਯੋਗ ਸਪੀਕਰ ਦੀ ਚੇਅਰ ਦੀ ਮਾਣ ਮਰਿਆਦਾ ਨੂੰ ਠੇਸ ਪਹੁੰਚਾਈ ਗਈ ਹੈ।

ਮਾਨਯੋਗ ਸਪੀਕਰ ਸਾਹਿਬ, ਇਹ ਸਦਨ ਜ਼ੋਰਦਾਰ ਮੰਗ ਕਰਦਾ ਹੈ ਕਿ ਸਦਨ ਦੇ ਮੈਂਬਰ, ਸਰਦਾਰ ਸੁਖਬੀਰ ਸਿੰਘ ਬਾਦਲ ਵੱਲੋਂ ਕੀਤੀਆਂ ਗਈਆਂ ਉਪਰੋਕਤ ਕਾਰਵਾਈਆਂ ਦਾ ਮਾਮਲਾ ਨਿਯਮਾਂ ਅਧੀਨ ਯੋਗ ਕਾਰਵਾਈ ਕਰਨ ਲਈ ਸਦਨ ਦੀ ਵਿਸ਼ੇਸ਼ ਅਧਿਕਾਰ ਕਮੇਟੀ ਨੂੰ ਸੌਂਪਿਆ ਜਾਵੇ।"

***ਪ੍ਰਸਤਾਵ ਸਰਬਸੰਮਤੀ ਨਾਲ ਪ੍ਰਵਾਨ ਹੋਇਆ।***

----

## PAPERS LAID ON THE TABLE OF THE HOUSE

**ਮਾਨਯੋਗ ਸਪੀਕਰ:** ਅਗਲੀ ਆਈਟਮ, ਮੇਜ਼ ਤੇ ਰੱਖੇ ਜਾਣ ਵਾਲੇ ਕਾਗਜ਼ ਪੱਤਰ।

**ਸੰਸਦੀ ਮਾਮਲੇ ਮੰਤਰੀ (ਸ਼੍ਰੀ ਬ੍ਰਹਮ ਮਹਿੰਦਰਾ) :** ਸ਼੍ਰੀਮਾਨ ਜੀ, ਮੈਂ ਹੇਠ ਲਿਖੇ ਕਾਗਜ਼ ਪੱਤਰ ਸਦਨ ਦੀ ਮੇਜ਼ ਤੇ ਰੱਖਦਾ ਹਾਂ:-

[ ਸੰਸਦੀ ਮਾਮਲੇ ਮੰਤਰੀ ]

(i) ਸਾਲ 2015-16 ਲਈ ਪੰਜਾਬ ਰਾਜ ਟ੍ਰਾਂਸਮਿਸ਼ਨ ਕਾਰਪੋਰੇਸ਼ਨ ਦੀ 6ਵੀਂ ਸਲਾਨਾ ਰਿਪੋਰਟ ਜਿਵੇਂ ਕਿ ਕੰਪਨੀਜ਼ ਐਕਟ, 1956 ਦੀ ਧਾਰਾ 619 ਅਧੀਨ ਲੋੜੀਂਦਾ ਹੈ।

(ii) ਸਾਲ 2014-15 ਲਈ ਪੰਜਾਬ ਰਾਜ ਤਕਨੀਕੀ ਸਿੱਖਿਆ ਅਤੇ ਉਦਯੋਗਿਕ ਸਿਖਲਾਈ ਬੋਰਡ ਦੀ ਸਲਾਨਾ ਰਿਪੋਰਟ ਜਿਵੇਂ ਕਿ ਪੰਜਾਬ ਰਾਜ ਤਕਨੀਕੀ ਸਿੱਖਿਆ ਅਤੇ ਉਦਯੋਗਿਕ ਸਿਖਲਾਈ ਐਕਟ, 1992 ਦੀ ਧਾਰਾ 28 (4) ਅਧੀਨ ਲੋੜੀਂਦਾ ਹੈ।

(iii) 1.4.2016 ਤੋਂ 31.3.2017 ਤੱਕ ਬਜਟ ਦੇ ਸਬੰਧ ਵਿੱਚ (2016-17) ਪ੍ਰਾਪਤੀਆਂ ਅਤੇ ਖਰਚਿਆਂ ਵਿੱਚ ਰੁਝਾਨ ਦਾ ਵਿਵਰਣ ਜਿਵੇਂ ਕਿ ਪੰਜਾਬ ਵਿੱਤੀ ਜ਼ਿੰਮੇਵਾਰੀ ਅਤੇ ਬਜਟ ਪ੍ਰਬੰਧ ਐਕਟ, 2003 ਅਧੀਨ ਲੋੜੀਂਦਾ ਹੈ।

-----

## MOTION UNDER RULE 16

**ਮਾਨਯੋਗ ਸਪੀਕਰ :** ਸੰਸਦੀ ਮਾਮਲੇ ਮੰਤਰੀ ਪ੍ਰਸਤਾਵ ਪੇਸ਼ ਕਰਨਗੇ।

**ਸੰਸਦੀ ਮਾਮਲੇ ਮੰਤਰੀ (ਸ਼੍ਰੀ ਬ੍ਰਹਮ ਮਹਿੰਦਰਾ) :** ਸ਼੍ਰੀਮਾਨ ਜੀ, ਮੈਂ ਪ੍ਰਸਤਾਵ ਕਰਦਾ ਹਾਂ-

"ਕਿ ਵਿਧਾਨ ਸਭਾ ਅੱਜ ਇਸ ਦੇ ਉਠ ਜਾਣ ਤੇ ਅਣਮਿੱਥੇ ਸਮੇਂ ਲਈ ਸਥੱਗਿਤ ਹੋ ਜਾਵੇਗੀ।"

**ਮਾਨਯੋਗ ਸਪੀਕਰ :** ਪ੍ਰਸਤਾਵ ਕੀਤਾ-

"ਕਿ ਵਿਧਾਨ ਸਭਾ ਅੱਜ ਇਸ ਦੇ ਉਠ ਜਾਣ ਤੇ ਅਣਮਿੱਥੇ ਸਮੇਂ ਲਈ ਸਥੱਗਿਤ ਹੋ ਜਾਵੇਗੀ।"

**ਮਾਨਯੋਗ ਸਪੀਕਰ:** ਪ੍ਰਸ਼ਨ ਹੈ-

"ਕਿ ਵਿਧਾਨ ਸਭਾ ਅੱਜ ਇਸ ਦੇ ਉਠ ਜਾਣ ਤੇ ਅਣਮਿੱਥੇ ਸਮੇਂ ਲਈ ਸਥੱਗਿਤ ਹੋ ਜਾਵੇਗੀ।"

***ਪ੍ਰਸਤਾਵ ਸਰਬਸੰਮਤੀ ਨਾਲ ਪ੍ਰਵਾਨ ਹੋਇਆ।***

-----

## LEGISLATIVE BUSINESS

**1.THE KHALSA UNIVERSITY (REPEAL) BILL, 2017** (*Replacing Ordinance*)

**ਮਾਨਯੋਗ ਸਪੀਕਰ :** ਅਗਲੀ ਆਈਟਮ, ਵਿਧਾਨਕ ਕੰਮ-ਕਾਰ। ਮੰਤਰੀ ਜੀ ਬਿਲ ਪੇਸ਼ ਕਰਨ।

**ਉਚੇਰੀ ਸਿੱਖਿਆ ਅਤੇ ਸਕੂਲ ਸਿੱਖਿਆ ਰਾਜ ਮੰਤਰੀ (ਸ਼੍ਰੀਮਤੀ ਅਰੁਨਾ ਚੌਧਰੀ) :** ਸ਼੍ਰੀਮਾਨ ਜੀ, ਮੈਂ ਖਾਲਸਾ ਯੂਨੀਵਰਸਿਟੀ (ਮਨਸੂਖੀ) ਬਿਲ, 2017 ਪੇਸ਼ ਕਰਦੀ ਹਾਂ।

ਸ਼੍ਰੀਮਾਨ ਜੀ, ਮੈਂ ਇਹ ਵੀ ਪ੍ਰਸਤਾਵ ਕਰਦੀ ਹਾਂ -

ਕਿ ਖਾਲਸਾ ਯੂਨੀਵਰਸਿਟੀ (ਮਨਸੂਖੀ) ਬਿਲ, 2017 ਤੇ ਤੁਰੰਤ ਵਿਚਾਰ ਕੀਤਾ ਜਾਵੇ।

**ਮਾਨਯੋਗ ਸਪੀਕਰ :** ਪ੍ਰਸਤਾਵ ਕੀਤਾ -

ਕਿ ਖਾਲਸਾ ਯੂਨੀਵਰਸਿਟੀ (ਮਨਸੂਖੀ) ਬਿਲ, 2017 ਤੇ ਤੁਰੰਤ ਵਿਚਾਰ ਕੀਤਾ ਜਾਵੇ।

ਬਹਿਸ, ਹਾਂ ਜੀ, ਸਰਕਾਰੀਆ ਜੀ।

**ਸਰਦਾਰ ਸੁਖਬਿੰਦਰ ਸਿੰਘ ਸਰਕਾਰੀਆ (ਰਾਜਾ ਸਾਂਸੀ) :** ਸਪੀਕਰ ਸਾਹਿਬ, ਤੁਹਾਡਾ ਬਹੁਤ ਬਹੁਤ ਧੰਨਵਾਦ। ਇਹ ਜਿਹੜਾ ਖਾਲਸਾ ਯੂਨੀਵਰਸਿਟੀ ਨੂੰ ਤੋੜਨ ਵਾਲਾ ਬਿਲ ਮੰਤਰੀ ਜੀ ਲੈ ਕੇ ਆਏ ਹਨ, ਇਹ ਸਿੱਖਾਂ ਦੀਆਂ ਅਨੇਕਾਂ ਭਾਵਨਾਵਾਂ ਨਾਲ ਜੁੜਿਆ ਹੋਇਆ ਸੀ। ਜਿਥੇ ਮੈਂ ਇਸ ਬਿਲ ਦੀ ਪ੍ਰੋੜ੍ਹਤਾ ਕਰਨ ਲਈ ਖੜ੍ਹਾ ਹੋਇਆ ਹਾਂ, ਉਥੇ ਤੁਸੀਂ ਮੈਨੂੰ ਇਸ ਬਿਲ ਤੇ ਬੋਲਣ, ਉਸ ਤੇ ਗੱਲ ਕਰਨ ਦਾ ਮੌਕਾ ਦਿੱਤਾ ਹੈ, ਤੁਹਾਡਾ ਬਹੁਤ ਬਹੁਤ ਧੰਨਵਾਦ। ਖਾਲਸਾ ਯੂਨੀਵਰਸਿਟੀ ਦਾ ਸਬੰਧ ਖਾਲਸਾ ਕਾਲਜ ਨਾਲ ਬਹੁਤ ਡੂੰਘਾ ਹੈ ਕਿਉਂਕਿ ਉਸ ਦੀ ਪ੍ਰਿਮਿਸਿਜ਼ ਵਿੱਚ ਹੀ ਖਾਲਸਾ ਯੂਨੀਵਰਸਿਟੀ ਬਣਾਉਣ ਦਾ ਯਤਨ ਕੀਤਾ ਸੀ। ਇਸੇ ਕਰਕੇ ਮੈਂ 2-4 ਗੱਲਾਂ ਕਰਨੀਆਂ ਚਾਹੁੰਦਾ ਹਾਂ। ਜਿਹੜੀ ਇਨ੍ਹਾਂ ਨੇ ਯੂਨੀਵਰਸਿਟੀ ਬਣਾਈ ਸੀ, ਮੈਂ ਉਸ ਤੋਂ ਪਹਿਲਾਂ ਖਾਲਸਾ ਕਾਲਜ ਬਾਰੇ ਕੁਝ ਗੱਲਾਂ ਕਰਨੀਆਂ ਚਾਹੁੰਦਾ ਹਾਂ। ਸੰਨ 1839 ਵਿੱਚ ਮਹਾਰਾਜਾ ਰਣਜੀਤ ਸਿੰਘ ਦੇ ਰਾਜ ਤੋਂ ਬਾਅਦ ਸਿੱਖਾਂ ਦੇ ਵਿੱਚ ਕਈ ਥਾਵਾਂ ਤੇ ਆਪਸ ਵਿੱਚ ਲੜਾਈਆਂ-ਝਗੜੇ ਹੋਏ। ਸੰਨ 1849 ਵਿੱਚ ਇੱਥੇ ਅੰਗਰੇਜ਼ ਆ ਕੇ ਕਾਬਜ਼ ਹੋ ਗਏ। ਉਸ ਤੋਂ ਬਾਅਦ ਅੰਗਰੇਜ਼ ਸਰਕਾਰ ਨੇ ਸਾਡੇ ਧਾਰਮਿਕ ਮਸਲਿਆਂ ਵਿੱਚ ਅਤੇ ਜਿਹੜੇ ਹੋਰ ਧਰਮ ਦੇ ਲੋਕ ਇੱਥੇ ਵਸਦੇ ਸਨ, ਉਨ੍ਹਾਂ ਦੇ ਮਸਲਿਆਂ ਵਿੱਚ ਦਖਲ ਦੇਣਾ ਸ਼ੁਰੂ ਕੀਤਾ। ਉਸ ਵੇਲੇ ਬਹੁਤ ਸਾਰੇ ਸਿਆਣੇ ਲੋਕ, ਸਾਰੇ ਧਰਮਾਂ ਦੇ ਸਨ, ਉਨ੍ਹਾਂ ਨੇ ਇਹ ਫੈਸਲਾ ਕੀਤਾ ਅਤੇ ਉਸ ਵਿਚੋਂ ਕਈ ਧਾਰਮਿਕ, ਸ਼ੋਸ਼ਲ ਆਰਗੇਨਾਈਜੇਸ਼ਨਾਂ ਨੇ ਜਨਮ ਲਿਆ। ਸੰਨ 1873 ਵਿੱਚ ਸ਼੍ਰੀ ਗੁਰੂ ਸਿੰਘ ਸਭਾ ਲਹਿਰ ਬਣੀ ਅਤੇ ਸੰਨ 1879 ਵਿੱਚ ਆਰੀਆ ਸਮਾਜ, ਸੰਨ 1883 ਵਿੱਚ ਚੀਫ ਖਾਲਸਾ ਦੀਵਾਨ ਅਤੇ ਸੰਨ 1889 ਵਿੱਚ ਅਹਿਮਦੀਆ ਮੂਵਮੈਂਟ ਨੇ ਜਨਮ ਲਿਆ। ਉਸ ਵੇਲੇ ਸ਼੍ਰੀ ਗੁਰੂ ਸਿੰਘ

[ ਸਰਦਾਰ ਸੁਖਬਿੰਦਰ ਸਿੰਘ ਸਰਕਾਰੀਆ ]

ਸਭਾ ਲਹਿਰ ਵਿੱਚ ਬਹੁਤ ਹੀ ਸਤਿਕਾਰਯੋਗ ਹਸਤੀਆਂ, ਜਿਹੜੇ ਆਪੋ ਆਪਣੇ ਖੇਤਰ ਵਿੱਚ ਚੰਗੀ ਸੂਝ-ਬੂਝ ਰੱਖਦੇ ਸਨ, ਜਿਨ੍ਹਾਂ ਵਿੱਚ ਸਰਦਾਰ ਠਾਕਰ ਸਿੰਘ ਸੰਧਾਵਾਲੀਆ, ਸਰਦਾਰ ਖੇਮ ਸਿੰਘ ਬੇਦੀ, ਗਿਆਨੀ ਗਿਆਨ ਸਿੰਘ, ਪ੍ਰੋਫੈਸਰ ਭਾਈ ਗੁਰਮੁਖ ਸਿੰਘ, ਭਾਈ ਜਵਾਹਰ ਸਿੰਘ ਅਤੇ ਭਾਈ ਗੁਰਦਿੱਤ ਸਿੰਘ ਅਤੇ ਹੋਰ ਵੀ ਅਨੇਕਾਂ ਅਜਿਹੇ ਲੋਕ ਸਨ। ਉਨ੍ਹਾਂ ਦਾ ਅਤੇ ਖਾਸ ਕਰਕੇ ਸ਼੍ਰੀ ਗੁਰੂ ਸਿੰਘ ਸਭਾ ਦਾ ਜਿਹੜਾ ਉਦੇਸ਼ ਸੀ, ਉਹ ਇਹੀ ਸੀ ਕਿ ਧਰਮ ਵਿੱਚ ਫੈਲ ਰਹੀਆਂ ਕੁਰੀਤੀਆਂ ਨੂੰ ਦੂਰ ਕਰਨਾ, ਸਿੱਖੀ ਸਿਧਾਂਤਾਂ ਦਾ ਪ੍ਰਚਾਰ ਕਰਨਾ ਅਤੇ ਸਿੱਖਿਆ ਦਾ ਪ੍ਰਸਾਰ ਕਰਨਾ। ਸੰਨ 1883 ਵਿੱਚ ਜਦੋਂ ਚੀਫ ਖਾਲਸਾ ਦੀਵਾਨ ਬਣਿਆ ਸੀ, ਉਸ ਵਿੱਚ ਇਹ ਮਤਾ ਪਾਸ ਕੀਤਾ ਗਿਆ ਕਿ ਬੱਚਿਆਂ ਦੇ ਲਈ ਸਸਤੀ ਵਿੱਦਿਆ ਲਈ ਖਾਲਸਾ ਕਾਲਜ ਸਥਾਪਿਤ ਕੀਤਾ ਜਾਵੇ । ਇਸੇ ਤਰ੍ਹਾਂ ਜਦੋਂ ਉਹ ਮਤਾ ਪਾਸ ਹੋਇਆ, ਇਸ ਵਿਚ ਕੋਈ ਸ਼ੱਕ ਨਹੀਂ ਕਿ ਉਸ ਵੇਲੇ ਦੇ ਜਿਹੜੇ ਲੈਫਟੀਨੈਂਟ ਗਵਰਨਰ ਸਨ, ਉਨ੍ਹਾਂ ਤੱਕ ਵੀ ਪਹੁੰਚ ਕੀਤੀ ਗਈ। ਉਨ੍ਹਾਂ ਨੇ ਇਹ ਗੱਲ ਮੰਨੀ ਕਿ ਠੀਕ ਹੈ ਜੇ ਤੁਸੀਂ ਵਿੱਦਿਆ ਦੇ ਖੇਤਰ ਵਿਚ ਕੋਈ ਕੰਮ ਕਰਨਾ ਚਾਹੁੰਦੇ ਹੋ ਤਾਂ ਸਾਨੂੰ ਕੋਈ ਇਤਰਾਜ਼ ਨਹੀਂ ਹੈ। ਸੋ, ਖਾਲਸਾ ਕਾਲਜ ਬਣਾਉਣ ਦਾ ਫੈਸਲਾ ਕੀਤਾ ਗਿਆ। ਸਪੀਕਰ ਸਾਹਿਬ, ਸੰਨ 1887 ਵਿਚ ਇਕ ਕਮੇਟੀ ਬਣਾਈ ਗਈ। ਕਿਉਂਕਿ ਖਾਲਸਾ ਕਾਲਜ ਕੋਈ ਐਵੇਂ ਨਹੀਂ ਬਣ ਜਾਣਾ ਸੀ, ਉਸ ਦੇ ਲਈ ਫੰਡਜ਼ ਦੀ ਵੀ ਜ਼ਰੂਰਤ ਸੀ ਅਤੇ ਜਗ੍ਹਾ ਦੀ ਵੀ ਬਹੁਤ ਜ਼ਰੂਰਤ ਸੀ। ਸੋ, ਉਸ ਕਮੇਟੀ ਨੇ ਅੰਮ੍ਰਿਤਸਰ ਸ਼ਹਿਰ ਤੋਂ ਜਿਹੜੇ ਮੈਂਬਰ ਸਨ, ਕਿਉਂਕਿ ਉਦੋਂ ਸ਼ਹਿਰ ਚਾਰਦੀਵਾਰੀ ਦੇ ਅੰਦਰ ਵਸਦਾ ਸੀ ਤਾਂ ਉਨ੍ਹਾਂ ਨੇ ਉਥੇ ਤਿੰਨ-ਚਾਰ ਕਿਲੋਮੀਟਰ ਦੇ ਘੇਰੇ ਵਿਚ ਇਕ ਜਗ੍ਹਾ ਦੇਖੀ। ਉਹ ਜਗ੍ਹਾ ਜੀ.ਟੀ. ਰੋਡ ਦੇ ਉਤੇ ਸੀ ਅਤੇ ਉਸ ਦੇ ਪਿਛਲੇ ਬੰਨੇ ਵੀ ਇਕ ਸੜਕ ਜਾਂਦੀ ਸੀ, ਉਨ੍ਹਾਂ ਦੇ ਸੈਂਟਰ ਦੇ ਵਿੱਚ ਜਗ੍ਹਾ ਆਉਂਦੀ ਸੀ। ਉਸ ਜਗ੍ਹਾ ਦਾ ਪਤਾ ਲਗਾਇਆ ਕਿ ਉਹ ਜਗ੍ਹਾ ਕਿਸ ਦੀ ਹੈ। ਉਸ ਦਾ ਪਤਾ ਲੱਗਾ ਕਿ ਉਹ ਜਗ੍ਹਾ ਕੋਟ ਸੈਦ ਮਹਿਬੂਦ ਪਿੰਡ ਦੇ ਲੋਕਾਂ ਦੀ ਸੀ। ਮੈਨੂੰ ਇਸ ਗੱਲ ਦਾ ਵੀ ਮਾਣ ਪ੍ਰਾਪਤ ਹੈ ਕਿ ਮੈਂ ਉਸੇ ਪਿੰਡ ਤੋਂ ਹਾਂ। ਉਹ ਸਾਡੇ ਪੁਰਖਿਆਂ ਦਾ ਪਿੰਡ ਸੀ। ਜਦੋਂ ਇਹ ਕਮੇਟੀ ਉਸ ਪਿੰਡ ਦੇ ਮੋਹਤਬਰ ਵਿਅਕਤੀਆਂ ਕੋਲ ਗਈ, ਉਦੋਂ ਸਾਡੇ ਸਵਰਗਵਾਸੀ ਰਾਜਾ ਖੁਸ਼ਹਾਲ ਸਿੰਘ ਜੀ ਜਿਉਂਦੇ ਸੀ, ਉਨ੍ਹਾਂ ਦੇ ਕੋਲ ਕਮੇਟੀ ਨੇ ਪਹੁੰਚ ਕੀਤੀ। ਉਨ੍ਹਾਂ ਨੇ ਆਪਣੇ ਪਿੰਡ ਦੇ ਹੋਰ ਸਾਥੀਆਂ ਨੂੰ ਇਕੱਠਾ ਕਰਕੇ ਖੁਸ਼ੀ ਨਾਲ ਫੈਸਲਾ ਕੀਤਾ ਕਿ ਅਸੀਂ ਇਹ ਜ਼ਮੀਨ ਜਿਹੜੀ ਕਿ 350 ਏਕੜ ਦੇ ਕਰੀਬ ਸੀ, ਤੁਹਾਨੂੰ ਦਾਨ ਦੇ ਰੂਪ ਵਿਚ ਦੇ ਦੇਵਾਂਗੇ ਕਿਉਂਕਿ ਤੁਸੀਂ ਇਕ ਚੰਗੇ ਕਾਜ਼ ਲਈ ਇਹ ਕੰਮ ਕਰ ਰਹੇ ਹੋ। ਇਸ ਦੇ ਕਾਰਨ ਸਾਰਿਆਂ ਨੂੰ ਬੜੀ ਖੁਸ਼ੀ ਮਹਿਸੂਸ ਹੋਈ। ਉਸ ਕਮੇਟੀ ਦੁਆਰਾ ਸੰਨ 1892 ਵਿਚ ਖਾਲਸਾ ਕਾਲਜ ਬਣਾਉਣ ਦਾ ਫੈਸਲਾ ਕੀਤਾ ਗਿਆ, ਜਦੋਂ ਸਾਰੇ ਫੰਡਜ਼ ਵੀ ਇਕੱਠੇ ਹੋ ਗਏ। ਇਸ ਦੇ ਵਿਚ ਰਿਆਸਤਾਂ ਨੇ ਵੀ ਬਹੁਤ ਵੱਡਾ ਯੋਗਦਾਨ ਪਾਇਆ। ਮਹਾਰਾਜਾ ਸਾਹਿਬ ਅੱਜ ਆਏ ਨਹੀਂ ਹਨ। ਪਟਿਆਲਾ ਰਿਆਸਤ ਨੇ ਸਭ ਤੋਂ ਵੱਧ ਯੋਗਦਾਨ ਪਾਇਆ। ਨਾਭਾ ਸਟੇਟ ਨੇ ਬਹੁਤ

ਪੈਸੇ ਦਿੱਤੇ। ਕਪੂਰਥਲਾ ਸਟੇਟ ਅਤੇ ਫਰੀਦਕੋਟ ਸਟੇਟ ਨੇ ਵੀ ਬਹੁਤ ਪੈਸੇ ਦਿੱਤੇ। ਇਸੇ ਤਰ੍ਹਾਂ ਹੋਰ ਲੋਕਾਂ ਨੇ ਵੀ ਜਿੰਨਾ ਜਿੰਨਾ ਯੋਗਦਾਨ ਬਣਦਾ ਸੀ, ਉਸ ਵਿਚ ਆਪਣਾ ਹਿੱਸਾ ਪਾਇਆ। ਜਦੋਂ ਇਸ ਕਮੇਟੀ ਦੀ ਪਹਿਲੀ ਰਜਿਸਟ੍ਰੇਸ਼ਨ ਕੀਤੀ ਹੈ, ਉਸ ਵਿਚ ਜਦੋਂ 1892 ਨੂੰ ਖਾਲਸਾ ਕਾਲਜ ਬਣਾਉਣ ਦਾ ਨੀਂਹ ਪੱਥਰ ਰੱਖਿਆ ਗਿਆ, ਇਸ ਵਾਸਤੇ ਸੁਸਾਇਟੀ ਰਜਿਸਟਰ ਕਰਵਾਈ ਗਈ। ਸੰਵਿਧਾਨ ਵਿੱਚ ਇਸ ਸੁਸਾਇਟੀ ਲਈ 100 ਮੈਂਬਰਜ਼ ਨੂੰ ਫਿਕਸ ਕੀਤਾ ਗਿਆ। ਜਿਹੜੇ ਪਹਿਲੇ ਪ੍ਰਧਾਨ ਸੀ, ਜਦੋਂ ਗਵਰਨਿੰਗ ਪਾਲਿਸੀ/ਬਾਡੀ ਬਣੀ ਹੈ, ਉਨ੍ਹਾਂ ਨੇ ਐਗਜ਼ੈਕਟਿਵ ਕਮੇਟੀ ਬਣਾਉਣੀ ਸੀ, ਉਹ ਅੰਗਰੇਜ਼ ਸੀ ਔਰ ਭਾਈ ਜਵਾਹਰ ਸਿੰਘ ਉਸ ਦੇ ਪਹਿਲੇ ਆਨਰੇਰੀ ਸੈਕਟਰੀ ਬਣੇ। ਉਪ ਪ੍ਰਧਾਨ ਉਹ ਪਹਿਲੋਂ ਬਣੇ ਸੀ। ਸੋ, ਉਸ ਕਮੇਟੀ ਨੇ ਜਦੋਂ ਪਹਿਲੀ ਮੀਟਿੰਗ ਕੀਤੀ ਤਾਂ ਇਹ ਫੈਸਲਾ ਕੀਤਾ, ਕਿਉਂਕਿ ਕੋਟ ਸੈਦ ਮਹਿਬੂਦ ਪਿੰਡ ਦਾ ਨਾਮ ਬਾਅਦ ਵਿਚ ਕੋਟ ਖਾਲਸਾ ਰੱਖਿਆ ਗਿਆ ਸੀ । ਇਹ ਵੀ ਕੀਤਾ ਗਿਆ ਕਿ ਆਉਣ ਵਾਲੇ ਸਮੇਂ ਵਿਚ ਜਿਹੜੇ ਇਥੋਂ ਦੇ ਬੱਚੇ ਹੋਣਗੇ, ਉਹ ਇਸ ਕਾਲਜ ਵਿਚ ਫਰੀ ਪੜ੍ਹਿਆ ਕਰਨਗੇ ਕਿਉਂਕਿ ਇਸ ਪਿੰਡ ਨੇ ਸਾਨੂੰ ਦਾਨ ਵਿਚ ਜਗ੍ਹਾ ਦਿੱਤੀ ਹੈ। ਇਸ ਖਾਲਸਾ ਕਾਲਜ ਵਿਚ ਜਿੰਨੇ ਵੀ ਆਉਣ ਵਾਲੇ ਸਮੇਂ ਵਿਚ ਇੰਸਟੀਚਿਊਸ਼ਨਜ਼ ਬਣਨਗੇ ਇਥੋਂ ਦੇ ਬੱਚਿਆਂ ਨੂੰ ਉਥੋਂ ਮੁਫ਼ਤ ਵਿੱਦਿਆ ਮਿਲਿਆ ਕਰੇਗੀ। ਅੱਜ ਸਰਦਾਰ ਬਿਕਰਮ ਸਿੰਘ ਮਜੀਠੀਆ ਜਿਹੜੇ ਕਿ ਇਸ ਹਾਊਸ ਦੇ ਮੈਂਬਰ ਹਨ, ਉਹ ਅੱਜ ਇੱਥੇ ਆਏ ਨਹੀਂ। ਸਪੀਕਰ ਸਾਹਿਬ, ਇਸ ਕਾਲਜ ਦੇ ਨਾਲ ਉਨ੍ਹਾਂ ਦਾ ਬਹੁਤ ਗਹਿਰਾ ਸਬੰਧ ਹੈ ਕਿਉਂਕਿ ਇਨ੍ਹਾਂ ਦੇ ਪੜਦਾਦਾ ਜੀ। ਸਪੀਕਰ ਸਾਹਿਬ, ਕੀ ਮੈਂ ਕਹਿ ਸਕਦਾ ਹਾਂ ਜੀ ਜਾਂ ਨਹੀਂ ਕਹਿ ਸਕਦਾ।

**ਮਾਨਯੋਗ ਸਪੀਕਰ :** ਨਾਮ ਨਾ ਲਓ ਜੀ।

**ਸਰਦਾਰ ਸੁਖਬਿੰਦਰ ਸਿੰਘ ਸਰਕਾਰੀਆ:** ਚਲੋ ਨਾਂ ਨਹੀਂ ਲੈਂਦਾ, ਪੜਦਾਦਾ ਕਹਿ ਦਿੰਦਾ ਹਾਂ। ਪਰ ਜਿਹੜੇ ਚੰਗੇ ਕੰਮਾਂ ਦਾ ਮੈਂ ਜ਼ਿਕਰ ਕਰਨਾ ਹੈ, ਉਸ ਵਿਚ ਤਾਂ ਮੈਂ ਨਾਮ ਲੈ ਸਕਦਾ ਹਾਂ ਕਿਉਂਕਿ ਉਨ੍ਹਾਂ ਨੇ ਚੰਗੇ ਕੰਮ ਵੀ ਕੀਤੇ ਹਨ, ਮੈਂ ਉਹ ਵੀ ਦੱਸਾਂਗਾ।

**ਮਾਨਯੋਗ ਸਪੀਕਰ:** ਚੰਗੇ ਕੰਮਾਂ ਵਿਚ ਨਾਂ ਲੈ ਸਕਦੇ ਹੋ।

**ਸਰਦਾਰ ਸੁਖਬਿੰਦਰ ਸਿੰਘ ਸਰਕਾਰੀਆ:** ਮਾੜੇ ਕੰਮਾਂ ਵਿਚ ਨਾਮ ਨਾ ਲਵਾਂ (ਹਾਸਾ), ਚਲੋ ਠੀਕ ਹੈ ਜੀ। ਸਪੀਕਰ ਸਾਹਿਬ, ਜਦੋਂ ਖਾਲਸਾ ਕਾਲਜ ਬਣਾਉਣਾ ਸ਼ੁਰੂ ਕੀਤਾ, ਜਦੋਂ ਸੋਸਾਇਟੀ ਬਣ ਗਈ ਤਾਂ ਇਨ੍ਹਾਂ ਨੇ ਪਿੰਡ ਵਾਲਿਆਂ ਨੂੰ ਬੇਨਤੀ ਕਰਕੇ 101 ਏਕੜ ਦੀ ਰਜਿਸਟਰੀ ਖਾਲਸਾ ਕਾਲਜ ਸੋਸਾਇਟੀ ਦੇ ਨਾਂ ਤੇ ਕਰਵਾਈ ਅਤੇ ਜਿਹੜੀ ਬਾਕੀ ਜ਼ਮੀਨ ਸੀ, ਕਿਸੇ ਦੀ ਇਕ ਕਿੱਲਾ, ਕਿਸੇ ਦੀ ਦੋ ਕਿੱਲੇ, ਉਹ ਅੱਜ ਵੀ ਪੁਰਾਣੇ ਨਾਵਾਂ ਤੇ ਹੀ ਬੋਲਦੀ ਹੈ। ਜਦੋਂ ਖਾਲਸਾ ਕਾਲਜ ਦੀ ਸ਼ੁਰੂਆਤ ਕੀਤੀ ਗਈ ਤਾਂ ਤਕਰੀਬਨ 101 ਏਕੜ ਦੀ ਬਾਊਂਡਰੀ ਵਾਲ ਕਰਕੇ ਅੰਦਰ ਸਭ ਕੁਝ ਬਣਾਉਣ ਦਾ ਫੈਸਲਾ ਕੀਤਾ ਗਿਆ ਕਿਉਂਕਿ

[ ਸਰਦਾਰ ਸੁਖਬਿੰਦਰ ਸਿੰਘ ਸਰਕਾਰੀਆ ]

ਉਸ ਦੇ ਅੰਦਰ ਸਕੂਲ, ਕਾਲਜ, ਗਰਾਊਂਡ ਅਤੇ ਹੋਸਟਲ ਵੀ ਬਣਨੇ ਸਨ, ਜਿਹੜੇ ਰਿਆਸਤਾਂ ਨੇ ਦਾਨ ਕੀਤੇ ਸੀ, ਉਨ੍ਹਾਂ ਦੇ ਨਾਂ ਬਣਨੇ ਸੀ। ਸਪੀਕਰ ਸਾਹਿਬ, ਮੈਂ ਸਦਨ ਦੀ ਮਾਣ ਮਰਿਆਦਾ ਨੂੰ ਸਮਝਦਾ, ਜਾਣਦਾ ਹਾਂ। ਜੇਕਰ ਉਹ ਅੱਜ ਇਥੇ ਹੁੰਦੇ ਤਾਂ ਮੈਂ ਜ਼ਰੂਰ ਗੱਲ ਕਰਦਾ ਕਿਉਂਕਿ ਇਸ ਗੱਲ ਨਾਲ ਇਨ੍ਹਾਂ ਦੇ ਖਾਨਦਾਨ ਦਾ ਸਬੰਧ ਹੈ। ਸਪੀਕਰ ਸਾਹਿਬ, 1919 ਵਿਚ ਜਦੋਂ ਜਲਿਆਂ ਵਾਲੇ ਬਾਗ ਦਾ ਸਾਕਾ ਹੋਇਆ, ਮੈਂ ਇਹ ਜ਼ਿਕਰ ਨਹੀਂ ਕਰਾਂਗਾ ਕਿ ਉਸ ਵੇਲੇ ਜਨਰਲ ਡਾਇਰ ਰਾਤ ਨੂੰ ਕਿਥੇ ਖਾਣਾ ਖਾ ਕੇ ਆਇਆ ਸੀ। ਸਪੀਕਰ ਸਾਹਿਬ, ਮੈਂ ਇਹ ਵੀ ਜ਼ਿਕਰ ਨਹੀਂ ਕਰਾਂਗਾ ਕਿ 1994 ਵਿਚ ਜਿਸ ਨੂੰ ਇਹ ਪੁਰਾਣੀ ਰਿਆਸਤ ਕਹਿੰਦੇ ਹਨ ਸੁੰਦਰ ਸਰਦਾਰ ਨਗਰ, ਗੋਰਖਪੁਰ ਦੇ ਲਾਗੇ ਹੈ। ਮੈਂ ਉਸ ਵੇਲੇ ਇਨ੍ਹਾਂ ਨੇ ਸਾਰੇ ਹਾਲਾਤ ਦੇਖ ਕੇ ਆਇਆ ਸੀ ਪਰ ਉਸ ਬਾਰੇ ਮੈਂ ਕੋਈ ਜ਼ਿਕਰ ਨਹੀਂ ਕਰਾਂਗਾ ਪਰ ਜਿਹੜੀ ਗੱਲ ਖਾਲਸਾ ਕਾਲਜ ਨਾਲ ਸਬੰਧਤ ਹੈ, ਉਸ ਦਾ ਜ਼ਿਕਰ ਜ਼ਰੂਰ ਕਰਾਂਗਾ। ਖਾਲਸਾ ਕਾਲਜ ਤੇ ਇਸ ਪਰਿਵਾਰ ਦੇ ਸ਼ੁਰੂ ਤੋਂ ਹੀ ਬਹੁਤ ਸਾਰੇ ਵਿਅਕਤੀ ਕਾਬਜ਼ ਰਹੇ। ਸਭ ਤੋਂ ਪਹਿਲਾਂ ਸਰਦਾਰ ਸੁੰਦਰ ਸਿੰਘ ਮਜੀਠੀਆ, ਫਿਰ ਸਰਦਾਰ ਸੁਰਜੀਤ ਸਿੰਘ ਮਜੀਠੀਆ ਅਤੇ ਹੁਣ ਸਰਦਾਰ ਸਤਿਆਜੀਤ ਸਿੰਘ ਮਜੀਠੀਆ । ਜਿਹੜੇ ਉਹ ਮੈਂਬਰ ਸਾਹਿਬ, ਪਿਛਲੇ 10 ਸਾਲਾਂ ਵਿਚ ਕਾਰਨਾਮੇ ਕਰਕੇ ਗਏ ਹਨ। ਮੈਂ ਸਮਝਦਾ ਹਾਂ ਕਿ ਇਨ੍ਹਾਂ ਨੇ ਕੋਈ ਗਲਤ ਕੰਮ ਨਹੀਂ ਕੀਤਾ ਕਿਉਂਕਿ ਜੇਕਰ ਪੁਰਾਣੀ ਹਿਸਟਰੀ ਵੇਖੀ ਜਾਵੇ ਤਾਂ ਇਹ ਇਨ੍ਹਾਂ ਦੀ ਖਾਨਦਾਨੀ ਰਵਾਇਤ ਸੀ। ਮੈਂ ਜ਼ਿਕਰ ਕਰਦਾ ਹਾਂ ਕਿ ਇਨ੍ਹਾਂ ਦੇ ਪੜਦਾਦਾ ਜੀ, ਉਹ ਖਾਲਸਾ ਕਾਲਜ ਦੇ ਪਹਿਲਾਂ ਆਨਰੇਰੀ ਸੈਕਟਰੀ ਬਣੇ ਅਤੇ 1920 ਵਿਚ ਉਹ ਖਾਲਸਾ ਕਾਲਜ ਕਮੇਟੀ ਦੇ ਪ੍ਰਧਾਨ ਬਣ ਗਏ। ਪ੍ਰਧਾਨ ਬਣਦਿਆਂ ਹੀ ਪਹਿਲਾ ਕੰਮ ਉਨ੍ਹਾਂ ਨੇ ਇਹ ਕੀਤਾ ਕਿ ਗਵਰਨਿੰਗ ਕੌਂਸਲ ਸੋਸਾਇਟੀ ਦਾ ਜਿਹੜਾ ਸੰਵਿਧਾਨ ਸੀ ਉਹ ਬਦਲ ਦਿੱਤਾ ਅਤੇ ਆਪਣੇ ਪਰਿਵਾਰ ਦੇ 10 ਲਾਈਫ ਮੈਂਬਰਾਂ ਦੀ ਮੱਦ ਲੈ ਕੇ ਆਏ ਤੇ ਉਸ ਵਿਚ ਪੁਆ ਦਿੱਤੀ। ਸਪੀਕਰ ਸਾਹਿਬ, ਹੋਰ ਬਹੁਤ ਕੁਝ ਹੋਇਆ। ਫਿਰ ਸਰਦਾਰ ਸੁਰਜੀਤ ਸਿੰਘ ਮਜੀਠੀਆ ਆਏ, ਜੋ ਇਨ੍ਹਾਂ ਦੇ ਦਾਦਾ ਜੀ ਸਨ। ਉਨ੍ਹਾਂ ਨੇ ਵੀ ਬੜੀ ਸਿਆਣਪ ਨਾਲ ਜਿਥੇ ਚੰਗੇ ਕੰਮ ਵੀ ਕੀਤੇ ਹਨ। ਉਨ੍ਹਾਂ ਦਾ ਵਿੱਦਿਆ ਦੇ ਖੇਤਰ ਵਿਚ ਵੀ ਯੋਗਦਾਨ ਹੋਵੇਗਾ ਪਰ ਉਨ੍ਹਾਂ ਦੀ ਇਕ ਗੱਲ ਮੈਂ ਜ਼ਰੂਰ ਕਹਿਣਾ ਚਾਹੁੰਦਾ ਹਾਂ ਕਿ 1969 ਦੇ ਵਿਚ ਜਦੋਂ ਸ੍ਰੀ ਗੁਰੂ ਨਾਨਕ ਦੇਵ ਜੀ ਦਾ 500 ਸਾਲਾ ਗੁਰਪੁਰਬ ਮਨਾਉਣਾ ਸੀ, ਉਸ ਵੇਲੇ ਸਰਦਾਰ ਗੁਰਨਾਮ ਸਿੰਘ ਪੰਜਾਬ ਦੇ ਮੁੱਖ ਮੰਤਰੀ ਸਨ। ਉਸ ਵੇਲੇ ਸਰਕਾਰ ਨੇ ਫੈਸਲਾ ਕੀਤਾ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਜਨਮ ਦਿਨ ਤੇ ਗੁਰੂ ਨਾਨਕ ਦੇਵ ਯੂਨੀਵਰਸਿਟੀ ਬਣਾ ਕੇ ਦੇਣੀ ਹੈ ਤਾਂ ਉਸਦੇ ਵਾਸਤੇ ਜਿਹੜੀ ਗੱਲ ਪਹਿਲੋਂ ਸੋਚੀ ਗਈ ਕਿ ਇਹ ਜਗ੍ਹਾ ਜੰਡਿਆਲੇ ਦੇ ਆਸ ਪਾਸ ਜਾਂ ਰਾਮ ਤੀਰਥ ਦੇ ਕੋਲ ਕਿਤੇ ਸੋਚ ਰੱਖੀ ਸੀ ਪਰ ਇਨ੍ਹਾਂ ਦੇ ਦਾਦਾ ਜੀ ਵੀ ਇਨ੍ਹਾਂ ਵਾਂਗ ਬੜੇ ਹੁਸ਼ਿਆਰ ਸਨ। ਉਸ ਵੇਲੇ ਉਨ੍ਹਾਂ ਦਾ ਕੁਝ ਹੋਰ

ਮਕਸਦ ਸੀ। ਜਦੋਂ ਖਾਲਸਾ ਕਾਲਜ ਲਈ 350 ਏਕੜ ਜ਼ਮੀਨ ਦਾਨ ਵਿੱਚ ਮਿਲੀ ਅਤੇ ਉਦੋਂ ਫੰਡ ਬਹੁਤ ਇਕੱਠੇ ਹੋ ਗਏ ਤਾਂ ਉਸ ਵੇਲੇ ਹੋਰ ਜ਼ਮੀਨ ਕਾਲੇ, ਘਨੂਪੁਰ ਔਰ ਮਾਹਲ ਪਿੰਡ ਦੀ ਵੀ 300 ਏਕੜ ਜ਼ਮੀਨ ਇਕੱਠੀ ਨਾਲ ਲੈ ਲਈ ਗਈ। ਸੋ ਇਸ ਵੇਲੇ ਇਥੇ ਯੂਨੀਵਰਸਿਟੀ ਬਣਨ ਤੋਂ ਪਹਿਲਾਂ 650 ਏਕੜ ਜਗ੍ਹਾ ਸੀ। ਇਹ ਸਾਰੀ ਜਗ੍ਹਾ ਜਿਹੜੀ ਖਾਲਸਾ ਕਾਲਜ ਵਾਸਤੇ ਲਈ ਗਈ ਅਤੇ ਜਦੋਂ ਇਹ ਯੂਨੀਵਰਸਿਟੀ ਬਣਾਉਣ ਦਾ ਪ੍ਰਸਤਾਵ ਆਇਆ, ਗੱਲ-ਬਾਤ ਚੱਲੀ ਤਾਂ ਸਰਦਾਰ ਸੁਰਜੀਤ ਸਿੰਘ ਮਜੀਠੀਆ ਨੇ ਬੜੀ ਹੁਸ਼ਿਆਰੀ ਨਾਲ ਮੁੱਖ ਮੰਤਰੀ ਸਾਹਿਬ ਕੋਲ ਪਹੁੰਚ ਕੀਤੀ । ਇਹ ਉਸ ਵੇਲੇ ਦੇ ਫੰਡਾਂ ਦੀ ਜਿਹੜੀ ਗੱਲ ਕਰਨ ਲੱਗਿਆਂ ਜੁੜਦੇ ਮਿਲਦੇ ਹਨ, ਚਲੋ ਚੰਗੀ ਗੱਲ ਸੀ, ਸ੍ਰੀ ਗੁਰੂ ਨਾਨਕ ਦੇਵ ਜੀ ਦੇ ਨਾਂ ਤੇ ਯੂਨੀਵਰਸਿਟੀ ਬਣਨੀ ਵੀ ਚਾਹੀਦੀ ਸੀ ਔਰ ਉਨ੍ਹਾਂ ਨੇ ਆਫਰ ਕਰ ਦਿੱਤੀ ਕਿ ਸਾਡੇ ਕੋਲ ਜਿਹੜੀ 300 ਏਕੜ ਜ਼ਮੀਨ ਹੈ, ਯਾਨੀ ਕਿ ਅਸੀਂ 320 ਏਕੜ ਦੇ ਕਰੀਬ ਜ਼ਮੀਨ ਦੇਣ ਨੂੰ ਤਿਆਰ ਹਾਂ। ਇਸ ਵਿੱਚ ਇਨ੍ਹਾਂ ਦੀਆਂ ਗੱਲਾਂ-ਬਾਤਾਂ ਤੈਅ ਹੋਈਆਂ ਹੋਣਗੀਆਂ। ਉਸ ਵੇਲੇ ਇਹ ਮਹਿੰਗੀ 320 ਏਕੜ ਜ਼ਮੀਨ ਜਿਹੜੀ ਸ਼ਹਿਰ ਦੇ ਨਾਲ ਸੀ ਇਹ 50 ਲੱਖ ਰੁਪਏ ਵਿੱਚ ਸਰਕਾਰ ਨੂੰ ਦਿੱਤੀ। ਉਨ੍ਹਾਂ ਦਿਨਾਂ ਦੇ ਵਿੱਚ ਹੀ ਜਿਹੜੀ ਇਨ੍ਹਾਂ ਦੀ ਧੂਰੀ ਮਿੱਲ ਹੈ, ਇਸ ਦਾ ਸੌਦਾ ਹੋਇਆ। ਜਿਹੜੀਆਂ 50 ਲੱਖ ਰੁਪਏ ਦੀਆਂ ਐਫ.ਡੀਜ਼ ਸਨ, ਉਹ ਬੈਂਕਾਂ ਕੋਲ ਰਖਵਾ ਕੇ ਇਹ ਧੂਰੀ ਮਿੱਲ ਲਈ, ਜਦੋਂ ਬਾਕੀ ਮੈਂਬਰ ਸਾਹਿਬਾਨ ਨੂੰ ਕੁਝ ਸਮੇਂ ਬਾਅਦ ਪਤਾ ਲੱਗਿਆ, ਫਿਰ ਇਨ੍ਹਾਂ ਨੂੰ ਐਫ.ਡੀਜ਼ ਵਾਪਸ ਲਿਆਉਣੀਆਂ ਪਈਆਂ। ਉੰਨਾ ਚਿਰ ਇਨ੍ਹਾਂ ਨੇ ਆਪਣਾ ਕਾਰਜ ਪੂਰਾ ਕਰ ਲਿਆ ਸੀ। (ਟਰੈਜ਼ਰੀ ਬੈਂਚਿਜ਼ ਵੱਲੋਂ ਸ਼ੇਮ ਸ਼ੇਮ ਦੀਆਂ ਅਵਾਜ਼ਾਂ) ਫਿਰ ਇਨ੍ਹਾਂ ਦੇ ਪਿਤਾ ਜੀ ਆ ਗਏ। ਉਹ ਵੀ ਕਿਸੇ ਗੱਲ ਤੋਂ ਪਿੱਛੇ ਨਹੀਂ ਰਹੇ, ਉਨ੍ਹਾਂ ਨੇ ਵੀ ਇਸੇ ਤਰ੍ਹਾਂ ਸੋਚਿਆ ਜਿਸ ਤਰ੍ਹਾਂ ਸਰਦਾਰ ਸੁਖਬੀਰ ਸਿੰਘ 25 ਸਾਲਾਂ ਦੀਆਂ ਗੱਲਾਂ ਕਰਦੇ ਹਨ ਕਿ ਸਾਡੀ ਸਰਕਾਰ ਇਥੇ ਰਹਿਣੀ ਹੈ। ਖਾਲਸਾ ਕਾਲਜ ਤੇ ਨਜ਼ਰਾਂ ਉਨ੍ਹਾਂ ਦੀਆਂ ਵੀ ਪਈਆਂ ਸਨ। ਉਨ੍ਹਾਂ ਨੇ 2008 ਵਿੱਚ ਜਿਹੜੀ ਖਾਲਸਾ ਕਾਲਜ ਸੁਸਾਇਟੀ ਸੀ, ਜਿਸ ਦੇ ਨਾਮ ਤੇ ਇਸ ਦੀ ਰਜਿਸਟ੍ਰੇਸ਼ਨ ਸੀ, ਉਸ ਦਾ ਨਾਮ ਬਦਲ ਕੇ ਖਾਲਸਾ ਚੈਰੀਟੇਬਲ ਸੁਸਾਇਟੀ ਰੱਖ ਦਿੱਤਾ। ਇਸ ਦਾ ਸਿਰਫ ਮਕਸਦ ਇਹੀ ਸੀ ਕਿ ਗੌਰਮਿੰਟ ਤੋਂ ਫਾਇਦੇ ਲਏ ਜਾਣਗੇ ਪਰ ਚੈਰਿਟੀ ਦਾ ਕੰਮ ਅਜੇ ਤੱਕ ਕੋਈ ਨਹੀਂ ਕੀਤਾ ਕਿਉਂਕਿ ਉਨ੍ਹਾਂ ਦੇ ਮਨਸੂਬੇ ਹੋਰ ਸੀ ਕਿ ਜਿਹੜੀ ਦਾਨ ਦੀ ਚੀਜ਼ ਦਿੱਤੀ ਹੈ, ਇਸ ਤੇ ਆਪਾਂ ਜਦੋਂ ਵੀ ਕੋਈ ਗੱਲ ਕਰਨ ਲੱਗਾਂਗੇ ਤਾਂ ਇਸ ਦਾ ਰੌਲਾ ਪੈਣਾ ਹੈ। ਉਸ ਵੇਲੇ ਇਕ ਸ਼ੋਸ਼ਾ ਉਡਾ ਦਿੱਤਾ ਕਿ ਕੋਟ ਖਾਲਸਾ ਵਾਲਿਆਂ ਨੇ ਜ਼ਮੀਨ ਦਾਨ ਤੇ ਨਹੀਂ ਸੀ ਦਿੱਤੀ, ਇਸ ਦੀ ਪੈਸੇ ਲੈ ਕੇ ਰਜਿਸਟਰੀ ਕੀਤੀ ਹੈ। ਉਸ ਵੇਲੇ ਵੀ ਬੜਾ ਵਿਵਾਦ ਖੜ੍ਹਾ ਹੋਇਆ ਸੀ। ਅਖਬਾਰਾਂ ਵਿੱਚ ਵੀ ਆਇਆ ਸੀ।ਬੱਚਿਆਂ ਦੀ ਜਿਹੜੀ ਫੀਸ ਦੀ ਮੁਆਫੀ ਸੀ ਉਹ ਵੀ ਖਤਮ ਕਰ ਦਿੱਤੀ ਕਿਉਂਕਿ ਮੇਰੇ ਫਾਦਰ ਪਹਿਲਾਂ ਇਸ ਕਮੇਟੀ ਵਿੱਚ ਰਹੇ ਹਨ। ਸਾਲ 2006 ਵਿੱਚ ਉਹ ਸਵਰਗਵਾਸ ਹੋ ਗਏ। ਉਥੇ ਇਨ੍ਹਾਂ ਨੇ ਫੀਸ ਲਗਾ ਦਿੱਤੀ। ਸਰਦਾਰ

[ ਸਰਦਾਰ ਸੁਖਬਿੰਦਰ ਸਿੰਘ ਸਰਕਾਰੀਆ ]
ਸੁਖਬੀਰ ਸਿੰਘ ਬਾਦਲ ਇਥੇ ਬੈਠੇ ਨਹੀਂ ਹਨ। ਮੈਂ ਉਨ੍ਹਾਂ ਦੀ ਇੱਕ ਨੀਅਤ ਦੀ ਗੱਲ ਜ਼ਰੂਰ ਦੱਸਣੀ ਚਾਹਾਂਗਾ। ਮੈਨੂੰ ਉਥੋਂ ਦੇ ਇੱਕ ਸੀਨੀਅਰ ਪ੍ਰੋਫੈਸਰ ਸਾਹਿਬ ਨੇ ਦੱਸੀ ਹੈ। ਸਾਲ 2010 ਦੇ ਵਿੱਚ ਰਾਸ਼ਟਰਪਤੀ, ਸ਼੍ਰੀਮਤੀ ਪ੍ਰਤਿਭਾ ਪਾਟਿਲ ਜੀ, ਮਹਿਲਾ ਦਿਵਸ ਉਤੇ ਖਾਲਸਾ ਕਾਲਜ ਫਾਰ ਵੂਮੈਨ ਵਿੱਚ ਗਏ ਤਾਂ ਉਨ੍ਹਾਂ ਨੂੰ as a ਪ੍ਰੋਟੋਕੋਲ ਡਿਪਟੀ ਸੀ.ਐਮ., ਸਰਦਾਰ ਸੁਖਬੀਰ ਸਿੰਘ ਬਾਦਲ ਜੀ ਨੇ ਰਿਸੀਵ ਕੀਤਾ। ਮੈਂ ਸਾਰੇ ਹਾਊਸ ਨੂੰ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਇਨ੍ਹਾਂ ਦੀ ਲਾਲਸਾ ਬਾਰੇ ਬੜੇ ਧਿਆਨ ਨਾਲ ਇਹ ਗੱਲ ਸੁਣਿਉ।। ਸਿੱਧੂ ਸਾਹਿਬ, ਮੈਂ 2010 ਦੀ ਗੱਲ ਕਰ ਰਿਹਾ ਹਾਂ ਕਿ ਸਰਦਾਰ ਸੁਖਬੀਰ ਸਿੰਘ ਬਾਦਲ ਜਦੋਂ ਪ੍ਰਤਿਭਾ ਪਾਟਿਲ ਨੂੰ ਰਿਸੀਵ ਕਰਨ ਆਏ, ਉਨ੍ਹਾਂ ਨੇ ਉਥੇ ਅੰਦਰ ਨਹੀਂ ਸੀ ਜਾਣਾ ਕਿਉਂਕਿ ਉਥੇ ਸਿਰਫ ਮਹਿਲਾਵਾਂ ਵਾਸਤੇ ਪ੍ਰਬੰਧ ਕੀਤਾ ਗਿਆ ਸੀ ਤਾਂ ਉਹ ਖਾਲਸਾ ਕਾਲਜ ਚਲੇ ਗਏ। ਸ਼ਾਇਦ ਉਨ੍ਹਾਂ ਨੇ ਪਹਿਲਾਂ ਵੀ ਦੇਖਿਆ ਹੋਵੇਗਾ। ਉਥੋਂ ਦੇ ਮੈਂਬਰ ਸਾਹਿਬਾਨਾਂ ਨੇ ਮੈਨੂੰ ਇਹ ਗੱਲ ਦੱਸੀ ਹੈ, ਬੜੇ ਸਤਿਕਾਰਯੋਗ ਮੈਂਬਰ ਹਨ, ਜਿਹੜੇ ਉਸ ਵੇਲੇ ਕਮੇਟੀ ਦੇ ਮੈਂਬਰ ਸਨ, ਉਨ੍ਹਾਂ ਨੇ ਡਿਪਟੀ ਸੀ.ਐਮ. ਸਾਹਿਬ ਨੂੰ ਰਿਸੀਵ ਵੀ ਕੀਤਾ, ਸਤਿਕਾਰ ਕੀਤਾ ਹੋਵੇਗਾ ਪਰ ਉਹ ਜਦੋਂ ਅੰਦਰ ਆਏ ਅਤੇ ਜਦੋਂ ਉਨ੍ਹਾਂ ਦੀਆਂ ਨਜ਼ਰਾਂ ਦੇਖੀਆਂ ਤਾਂ ਹੱਕੇ ਬੱਕੇ ਰਹਿ ਗਏ ਅਤੇ ਇੱਕ ਦਮ ਉਨ੍ਹਾਂ ਮੈਂਬਰਾਂ ਦੇ ਸਾਹਮਣੇ ਉਨ੍ਹਾਂ ਨੇ ਮੂੰਹ ਵਿੱਚੋਂ ਜ਼ਬਾਨ ਕੱਢੀ ਕਿ ਇੱਥੇ ਤਾਂ seven star ਹੋਟਲ ਬਣ ਸਕਦਾ ਹੈ। ਮੈਨੂੰ ਅੱਜ ਵੀ ਸ਼ੱਕ ਹੈ, ਉਸ ਵੇਲੇ ਜਦੋਂ ਮੈਂਬਰਾਂ ਨੇ ਕਿਹਾ ਕਿ ਨਹੀਂ ਜੀ ਇਹ ਤਾਂ ਇੰਨੀ ਵੱਡੀ ਇੰਸਟੀਚਿਊਸ਼ਨ ਹੈ, ਇੱਥੇ ਇਹੋ ਜਿਹੀਆਂ ਗੱਲਾਂ ਕਿਉਂ ਸੋਚਦੇ ਹੋ ਤਾਂ ਉਹ ਕਹਿਣ ਲੱਗੇ ਕਿ ਖਾਲਸਾ ਕਾਲਜ ਨੂੰ ਪਿੱਛੇ ਲੈ ਜਾਵਾਂਗੇ। ਮੈਂ ਇਹੋ ਸਮਝਦਾ ਹਾਂ ਕਿ ਇਸ ਯੂਨੀਵਰਸਿਟੀ ਨੂੰ ਬਣਾਉਣ ਦੇ ਮਨਸੂਬੇ ਪਿੱਛੇ ਕਈ ਹੋਰ ਗੱਲਾਂ ਸਨ। ਇਸ ਦੀ ਸਰਦਾਰ ਸੱਤਿਆਜੀਤ ਸਿੰਘ ਮਜੀਠੀਆ ਨੇ ਕੁਝ ਮੈਂਬਰਾਂ ਨੂੰ ਨਾਲ ਲੈ ਕੇ ਪਹਿਲੀ ਅਟੈਂਪਟ 2011 ਵਿੱਚ ਕੀਤੀ। ਜਿਹੜੇ ਖਾਲਸਾ ਕਾਲਜ ਦੇ 330 ਏਕੜ ਬਚੇ ਸਨ, ਉਸ ਲਈ ਪ੍ਰਸਤਾਵ ਭੇਜਿਆ। ਉਦੋਂ ਉਥੇ ਐਜੀਟੇਸ਼ਨ ਹੋਈ ਅਤੇ ਰੌਲਾ ਪਿਆ। ਮੇਰਾ ਖਿਆਲ ਉਦੋਂ ਮੁੱਖ ਮੰਤਰੀ, ਸਰਦਾਰ ਪਰਕਾਸ਼ ਸਿੰਘ ਬਾਦਲ ਹੋਰੀਂ ਨਾ ਮੰਨੇ ਕਿ ਖਾਲਸਾ ਕਾਲਜ ਨੂੰ ਤੁਸੀਂ ਖਤਮ ਕਰਨ ਲੱਗੇ ਹੋ। ਉਸ ਵੇਲੇ ਉਹ ਮਸਲਾ ਥੋੜ੍ਹਾ ਠੰਡੇ ਬਸਤੇ ਵਿੱਚ ਪੈ ਗਿਆ ਪਰ ਇਨ੍ਹਾਂ ਨੇ ਛੱਡਿਆ ਨਹੀਂ ਅਤੇ ਆਪਣੀ ਸੋਚ ਨੂੰ ਬਦਲਿਆ ਨਹੀਂ। 2015 ਵਿੱਚ ਦੁਬਾਰਾ.....

**ਮਾਨਯੋਗ ਸਪੀਕਰ :** ਪਲੀਜ਼ ਕਨਕਲੂਡ ਕਰੋ।

**ਸਰਦਾਰ ਸੁਖਬਿੰਦਰ ਸਿੰਘ ਸਰਕਾਰੀਆ :** ਮੈਂ ਕਰਨ ਲੱਗਾ ਹਾਂ ਜੀ। 2015 ਵਿੱਚ ਦੁਬਾਰਾ ਇਹ ਇਸੇ ਯੂਨੀਵਰਸਿਟੀ ਦਾ ਮਸਲਾ ਲੈ ਕੇ ਆਏ ਅਤੇ ਉਸ ਵਿਚ 58 ਏਕੜ, ਜਿਸ ਵਿੱਚ 36 ਏਕੜ ਖਾਲਸਾ ਕਾਲਜ ਨਾਲ ਦੱਸੇ ਅਤੇ 22 ਏਕੜ ਸਕੂਲਾਂ ਨਾਲ ਦੱਸੇ ਅਤੇ ਕਿਹਾ ਕਿ ਇਹ ਅਸੀਂ ਇਸ ਵਿੱਚੋਂ ਕੱਢ ਦਿੱਤੇ ਹਨ ਅਤੇ ਅਸੀਂ ਬਾਕੀ 272 ਏਕੜ ਤੇ

ਯੂਨੀਵਰਸਿਟੀ ਬਣਾਵਾਂਗੇ। ਜਦੋਂ ਉਹ ਕਾਗਜ਼ ਪੱਤਰ ਫਰੋਲੇ ਗਏ ਤਾਂ ਅੱਜ ਵੀ ਉਹ ਜ਼ਮੀਨ ਪੁਰਾਣੇ ਨਾਵਾਂ ਤੇ ਸੀ ਜਿਸ ਤਰ੍ਹਾਂ ਮੈਂ ਤੁਹਾਨੂੰ ਪਹਿਲਾਂ ਬੇਨਤੀ ਕੀਤੀ ਹੈ ਪਰ ਇੱਕ ਖਸਰਾ ਨੰਬਰ 220, ਸਪੀਕਰ ਸਾਹਿਬ ਕਾਨੂੰਨੀ ਗੱਲ ਹੈ ਅਤੇ ਤੁਸੀਂ ਕਾਨੂੰਨ ਨੂੰ ਬੜਾ ਚੰਗੀ ਤਰ੍ਹਾਂ ਜਾਣਦੇ ਹੋ। ਇਸ ਵਿੱਚ ਵੀ ਹੇਰਾਫੇਰੀ ਕੀਤੀ, ਮੈਂ ਉਸ ਤੇ ਆਉਣਾ ਚਾਹੁੰਦਾ ਹਾਂ। ਖਸਰਾ ਨੰਬਰ 220 ਵਿੱਚ 72 ਏਕੜ ਜ਼ਮੀਨ ਸੀ ਅਤੇ ਉਦੋਂ ਚੁਣ ਲਿਆ ਗਿਆ ਕਿ ਇਹ ਸਾਫ ਹੈ। ਇਹ ਉਦੋਂ ਹੀ ਖਾਲਸਾ ਕਾਲਜ ਸੋਸਾਇਟੀ ਦੇ ਨਾਮ ਹੋਈ ਸੀ। ਜਦੋਂ ਉਹ ਵੇਖੀ ਗਈ ਕਿ ਇਹ 72 ਏਕੜ ਕਿਹੜੇ ਹਨ, ਉਸ ਵਿੱਚ ਖਾਲਸਾ ਕਾਲਜ, ਖਾਲਸਾ ਕਾਲਜ ਫਾਰ ਵੂਮੈਨ, ਖਾਲਸਾ ਕਾਲਜ ਫਾਰ ਐਜੂਕੇਸ਼ਨ, ਕੁੜੀਆਂ ਅਤੇ ਮੁੰਡਿਆਂ ਦਾ ਸਕੂਲ, ਸਾਰੇ ਹੋਸਟਲ ਜਿਹੜੇ ਰਿਆਸਤਾਂ ਨੇ ਬਣਾ ਕੇ ਦਿੱਤੇ ਸਨ ਔਰ ਪਿੱਛੇ ਸਵਿਮਿੰਗ ਪੂਲ ਹੈ, ਨਰਸਿੰਗ ਸੀ, ਗੁਰਦੁਆਰਾ ਸਾਹਿਬ, ਡਿਸਪੈਂਸਰੀ ਅਤੇ ਪਿੱਛੇ ਇੱਕ ਗਰਾਊਂਡ ਤੇ ਉਸ ਤੋਂ ਮਗਰ ਜਿੱਥੇ ਐਗਰੀਕਲਚਰ ਦੀਆਂ ਕਲਾਸਾਂ ਲੱਗਦੀਆਂ ਹਨ। ਇਹ ਉਹ 72 ਏਕੜ ਵਿੱਚ ਸਾਰੀ ਜਗ੍ਹਾ ਆਉਂਦੀ ਹੈ। ਇਨ੍ਹਾਂ ਨੂੰ ਪਤਾ ਸੀ ਕਿ ਖਾਲਸਾ ਕਾਲਜ ਦਾ ਰੌਲਾ ਪੈਣਾ ਹੈ, ਜਿਹੜੇ ਖਾਲਸਾ ਕਾਲਜ ਨੂੰ ਇਨ੍ਹਾਂ ਨੇ ਪਹਿਲੀਆਂ ਪਰਪੋਜ਼ਲਾਂ ਵਿੱਚ 36 ਏਕੜ ਦੱਸਿਆ, ਸਕੂਲਾਂ ਨੂੰ 22 ਏਕੜ ਵਿਚ ਦੱਸ ਕੇ, ਇਨ੍ਹਾਂ ਨੇ ਪਰਪੋਜ਼ਲ ਵਿੱਚ ਖਾਲਸਾ ਕਾਲਜ ਨੂੰ ਸਿਰਫ 16 ਏਕੜ ਵਿੱਚ ਰਹਿਣ ਦਿੱਤਾ। 72 ਵਿਚੋਂ 16 ਕੱਢ ਕੇ 56 ਏਕੜ ਦੀ ਪਰਪੋਜ਼ਲ ਸਰਕਾਰ ਨੂੰ ਭੇਜ ਕੇ ਯੂਨੀਵਰਸਿਟੀ ਪੂਰੀ ਕਰਨ ਦੀ ਆਪਣੀ ਖਾਹਿਸ਼ ਨੂੰ ਪੂਰਾ ਕਰਨ ਦਾ ਯਤਨ ਕੀਤਾ ਅਤੇ ਪੂਰੀ ਕਰ ਵੀ ਲਈ। ਸਪੀਕਰ ਸਾਹਿਬ, ਕਹਿਣ ਤੋਂ ਮੇਰਾ ਭਾਵ ਇਹ ਹੈ ਕਿ ਅੱਜ ਵੀ ਜੇ ਤੁਸੀਂ ਉਸ ਤੇ ਨਜ਼ਰ ਮਾਰੋਗੇ, ਕਿਉਂਕਿ ਪਰਪੋਜ਼ਲਾਂ ਸਰਕਾਰ ਕੋਲ ਹਨ, ਮੰਤਰੀ ਸਾਹਿਬ ਨੂੰ ਵੀ ਬੇਨਤੀ ਕਰਾਂਗਾ, ਸੀ.ਐਮ. ਸਾਹਿਬ ਆਏ ਨਹੀਂ, ਉਸ ਖਸਰੇ ਨੰਬਰ ਵਿੱਚ ਹੀ ਬੜੀ ਵੱਡੀ ਹੇਰਾ-ਫੇਰੀ ਨਜ਼ਰ ਆਵੇਗੀ। ਮੈਂ ਸਮਝਦਾ ਹਾਂ ਕਿ ਜੇ ਉਸ ਦੀ ਚੰਗੀ ਤਰ੍ਹਾਂ ਘੋਖ ਕੀਤੀ ਜਾਵੇ, ਵੇਖੋ, ਮੇਰੇ ਕੋਲ ਇਹ ਸਾਰੇ ਸਬੂਤ ਕਿੱਥੋਂ ਆਏ? ਉਹ ਲੋਕ ਜਿਨ੍ਹਾਂ ਨੂੰ ਸੱਦ ਕੇ, ਅੱਜ ਆਏ ਨਹੀਂ, ਉਸ ਵੇਲੇ ਰੈਵੇਨਿਊ ਮਨਿਸਟਰ ਸਨ, ਇੱਥੇ ਚੰਡੀਗੜ੍ਹ ਵਿੱਚ ਬੁਲਾਇਆ ਗਿਆ ਅਤੇ ਉਨ੍ਹਾਂ ਨੂੰ ਮਜਬੂਰ ਕੀਤਾ ਗਿਆ ਕਿ ਅਸੀਂ ਯੂਨੀਵਰਸਿਟੀ ਬਣਾਉਣੀ ਹੈ, ਇਸ ਖਸਰੇ ਨੰਬਰ ਵਿੱਚ ਪੂਰੀ ਜਗ੍ਹਾ ਕਰੋ ਕਿਉਂਕਿ ਘੱਟੋ-ਘੱਟ 35 ਏਕੜ ਜ਼ਮੀਨ ਯੂਨੀਵਰਸਿਟੀ ਬਣਾਉਣ ਲਈ ਚਾਹੀਦੀ ਹੁੰਦੀ ਹੈ। ਉਸ ਖਸਰੇ ਨੰਬਰ ਵਿੱਚ ਹੇਰਾ-ਫੇਰੀ ਕਰਕੇ 56 ਏਕੜ ਦੀ ਜ਼ਮੀਨ ਦੀ ਪ੍ਰਪੋਜ਼ਲ ਸਰਕਾਰ ਨੂੰ ਭੇਜ ਕੇ ਮਨਜ਼ੂਰ ਕਰਵਾਈ ਗਈ। ਸਪੀਕਰ ਸਾਹਿਬ, ਮੇਰੀ ਬੇਨਤੀ ਹੈ ਕਿ ਉਹ ਵਿਦਿਅਕ ਅਦਾਰਾ ਜਿਹੜਾ ਸਮੁੱਚੇ ਸਿੱਖ ਜਗਤ ਦੀਆਂ ਭਾਵਨਾਵਾਂ ਨਾਲ ਬਣਿਆ ਸੀ ਉਸ ਨੂੰ ਖਤਮ ਕਰਨਾ ਇਨ੍ਹਾਂ ਦਾ ਮਨਸੂਬਾ ਸੀ। ਤੁਸੀਂ ਵੀ ਜਾਣਦੇ ਹੋ ਕਿ ਪ੍ਰਾਈਵੇਟ ਯੂਨੀਵਰਸਿਟੀ ਵਿੱਚ ਜਿਹੜਾ ਚਾਂਸਲਰ ਹੁੰਦਾ ਹੈ ਉਹ ਯੂਨੀਵਰਸਿਟੀ ਦਾ ਮਾਲਕ ਹੁੰਦਾ ਹੈ ਤੇ ਉਸ ਕੋਲ ਸਾਰੀਆਂ ਪਾਵਰਾਂ ਹੁੰਦੀਆਂ ਹਨ। ਇਸ ਯੂਨੀਵਰਸਿਟੀ ਦਾ ਚਾਂਸਲਰ ਇਨ੍ਹਾਂ ਦੇ ਪਿਤਾ ਜੀ ਬਣੇ। (ਟਰੈਜ਼ਰੀ

ਬੈਂਚਿਜ਼ ਵੱਲੋਂ ਸ਼ੇਮ-ਸ਼ੇਮ ਦੀਆਂ ਅਵਾਜ਼ਾਂ) ਇਹ ਪ੍ਰਾਈਵੇਟ ਯੂਨੀਵਰਸਿਟੀ ਦੇ ਮਾਲਕ ਬਣ ਗਏ। ਪ੍ਰਾਈਵੇਟ ਯੂਨੀਵਰਸਿਟੀ ਵਿੱਚ ਚਾਂਸਲਰ ਦੀ ਇਜਾਜ਼ਤ ਤੋਂ ਬਿਨਾਂ ਪੱਤਾ ਵੀ ਨਹੀਂ ਹਿੱਲ ਸਕਦਾ ਚਾਹੇ ਉੱਥੇ ਗਵਰਨਰ ਸਾਹਿਬ ਨੇ ਵੀ ਜਾਣਾ ਹੋਵੇ ਤਾਂ ਉਨ੍ਹਾਂ ਨੂੰ ਪਹਿਲਾਂ ਇਨਫਾਰਮ ਕਰਨਾ ਪੈਂਦਾ ਹੈ ਕਿਉਂਕਿ ਉਹ ਪ੍ਰਾਈਵੇਟ ਯੂਨੀਵਰਸਿਟੀ ਦੇ ਵਿਜ਼ਟਰ ਹਨ। ਉਸ ਵਿੱਚ ਇਨ੍ਹਾਂ ਨੇ ਸਾਰੇ ਅਧਿਕਾਰ ਆਪਣੇ ਕੋਲ ਲੈ ਲਏ ਔਰ ਪ੍ਰਾਈਵੇਟ ਯੂਨੀਵਰਸਿਟੀ ਵਿੱਚ ਪ੍ਰੋ-ਚਾਂਸਲਰ ਦੀ ਐਕਟ ਵਿੱਚ ਪ੍ਰੋਵੀਜ਼ਨ ਨਹੀਂ ਹੁੰਦੀ ਤੇ ਉਸ ਵਿੱਚ ਵੀ ਕਿਸ ਨੂੰ ਲਿਆ ਗਿਆ? ਉਸ ਵਿੱਚ ਲਿਆ ਗਿਆ ** ** ਜਿਹੜੇ ਆਰ.ਐਸ.ਐਸ. ਦੇ ਮੈਂਬਰ ਹਨ। ਉਨ੍ਹਾਂ ਨੂੰ ਐਕਟ ਦੀ ਪ੍ਰੋਵੀਜ਼ਨ ਤੋਂ ਬਿਨਾਂ ਹੀ ਪਾ ਲਿਆ ਗਿਆ ਕਿਉਂਕਿ ਉਹ ਸਾਰੇ ਘਪਲੇ ਰਲ ਮਿਲ ਕੇ ਹੋਏ ਸਨ। ਸਪੀਕਰ ਸਾਹਿਬ, ਇਸ ਵੇਲੇ ਜਿਹੜੀ ਖਾਲਸਾ ਕਾਲਜ ਦੀ ਸੁਸਾਇਟੀ ਹੈ, ਜਿਹੜਾ ਉਸ ਸੁਸਾਇਟੀ ਦਾ ਪ੍ਰਧਾਨ ਹੋਇਆ ਕਰੇਗਾ, ਉਸ ਗਵਰਨਿੰਗ ਕੌਂਸਲ ਦਾ ਪ੍ਰਧਾਨ ਹੋਇਆ ਕਰੇਗਾ ਉਹ ਯੂਨੀਵਰਸਿਟੀ ਦਾ ਚਾਂਸਲਰ ਹੋਇਆ ਕਰੇਗਾ। ਇਹ ਲੋਕਾਂ ਨੂੰ ਤਾਂ ਕਹਿੰਦੇ ਹਨ ਕਿ ਅਸੀਂ ਕਿਸ ਤਰ੍ਹਾਂ ਕਬਜ਼ਾ ਕਰ ਲੈਣਾ ਸੀ। ਮੈਂ ਉਸ ਬਾਰੇ ਦੱਸ ਦਿਆਂ ਕਿ ਇਸ ਵੇਲੇ ਖਾਲਸਾ ਸੁਸਾਇਟੀ ਜੋ ਕਿ ਇਨ੍ਹਾਂ ਨੇ ਬਾਅਦ ਵਿੱਚ ਚੈਰੀਟੇਬਲ ਸੁਸਾਇਟੀ ਬਣਾ ਦਿੱਤੀ ਹੈ ਇਸ ਦੇ 101 ਮੈਂਬਰ ਹਨ, ਉਨ੍ਹਾਂ ਵਿੱਚੋਂ 24 ਮੈਂਬਰ ਮਜੀਠੀਆ ਪਰਿਵਾਰ ਜਾਂ ਉਨ੍ਹਾਂ ਦੇ ਰਿਸ਼ਤੇਦਾਰਾਂ ਨਾਲ ਸਬੰਧਤ ਹਨ। (ਟਰੈਜ਼ਰੀ ਬੈਂਚਿਜ਼ ਵੱਲੋਂ ਸ਼ੇਮ-ਸ਼ੇਮ ਦੀਆਂ ਅਵਾਜ਼ਾਂ) ਔਰ 27 ਮੈਂਬਰ ** ਦੇ ਅਤੇ 13 ਮੈਂਬਰ ** ** ਦੇ ਪਰਿਵਾਰਕ ਮੈਂਬਰ ਹਨ।

**ਸਥਾਨਕ ਸਰਕਾਰ ਮੰਤਰੀ (ਬੈਠੇ-ਬੈਠੇ) :** ** **

**ਮਾਨਯੋਗ ਸਪੀਕਰ:** ** ** ** ਸ਼ਬਦ ਐਕਸਪੰਜ ਕੀਤਾ ਜਾਵੇ।

**ਸਰਦਾਰ ਸੁਖਬਿੰਦਰ ਸਿੰਘ ਸਰਕਾਰੀਆ :** ਮਤਲਬ ਕਿ 101 ਵਿੱਚੋਂ 64 ਮੈਂਬਰ ਇਨ੍ਹਾਂ ਤਿੰਨਾਂ ਪਰਿਵਾਰਾਂ ਦੇ ਹਨ ਫਿਰ 101 ਦੇ ਵਿੱਚੋਂ ਬਾਕੀ ਕੀ ਬਚਿਆ? ਸਿੱਧੂ ਸਾਹਿਬ, ਉਹੀ ਜੋ ਤੁਸੀਂ ਕਹਿੰਦੇ ਹੁੰਦੇ ਹੋ, ਮੈਂ ਨਹੀਂ ਕਹਿਣਾ। ਕਹਿਣ ਤੋਂ ਭਾਵ ਹੈ ਕਿ ਸਿੱਖ ਜਗਤ ਦੇ ਬੜੇ-ਬੜੇ ਸੂਝਵਾਨ ਲੋਕਾਂ ਨੇ ਇਸ ਵਿੱਚ ਆਪਣਾ ਯੋਗਦਾਨ ਪਾਇਆ ਸੀ, ਬੜੇ ਵੱਡੇ ਵੱਡੇ ਧਾਰਮਿਕ ਖੇਤਰ ਦੇ ਲੋਕ, ਆਰਮੀ ਵਾਲੇ ਜਿਹੜੇ ਇਸ ਸੁਸਾਇਟੀ ਦੇ ਮੈਂਬਰ ਹੁੰਦੇ ਸਨ ਤੇ ਅੱਜ ਇਹ ਸੁਸਾਇਟੀ ਇਨ੍ਹਾਂ ਦੇ ਪਰਿਵਾਰਕ ਮੈਂਬਰਾਂ ਦੀ ਬਣ ਕੇ ਰਹਿ ਗਈ ਹੈ। ਇਨ੍ਹਾਂ ਨੇ ਆਪਸ ਵਿੱਚ ਵੰਡ ਵੇਖੋ ਕਿਸ ਤਰ੍ਹਾਂ ਕੀਤੀ ਹੈ। ** ** ਨੇ ਸੋਚ ਲਿਆ ਕਿ ਅਸੀਂ ਇੱਥੇ ਕਬਜ਼ਾ ਕਰਨਾ ਹੈ ਔਰ ** ** ਦੇ ਹਵਾਲੇ ਚੀਫ ਖਾਲਸਾ ਦੀਵਾਨ ਕਰ ਦਿੱਤਾ ਗਿਆ, ਉਸ ਦੀ ਤਾਂ ਵੱਖਰੀ ਗੱਲ ਹੈ। ਤੀਜੇ, ਸ਼੍ਰੀਮਾਨ ਜੀ.....

**ਮਾਨਯੋਗ ਸਪੀਕਰ :** ਜਿਹੜੇ ਬੰਦੇ ਹਾਜ਼ਰ ਨਹੀਂ ਹਨ, ਉਨ੍ਹਾਂ ਦਾ ਨਾਂ ਨਾ ਲਓ।

**ਸਰਦਾਰ ਸੁਖਬਿੰਦਰ ਸਿੰਘ ਸਰਕਾਰੀਆ :** ਨਹੀਂ ਮੈਂ ਨਾਂ ਨਹੀਂ ਲਿਆ, ਮੈਂ ਤੀਜਾ ਬੰਦਾ ਕਿਹਾ ਹੈ ਜੀ ...

---

** Expunged as ordered by the Chair.

**ਮਾਨਯੋਗ ਸਪੀਕਰ:** ਨਹੀਂ ਲੈ ਲਿਆ ਹੈ, ਪਹਿਲਾਂ ਲੈ ਲਿਆ ਹੈ। ਉਹ ਫਿਰ ਮੈਨੂੰ ਐਕਸਪੰਜ ਕਰਵਾਉਣੇ ਪੈਂਦੇ ਹਨ।

**ਸਰਦਾਰ ਸੁਖਬਿੰਦਰ ਸਿੰਘ ਸਰਕਾਰੀਆ:** ਚਲੋ ਠੀਕ ਹੈ ਜੀ। ਸਪੀਕਰ ਸਾਹਿਬ, ਕਿਉਂਕਿ ਉਨ੍ਹਾਂ ਦਾ ਇਸ ਨਾਲ ਸਬੰਧ ਬੜਾ ਹੈ। ਸਪੀਕਰ ਸਾਹਿਬ, ਤੁਸੀਂ ਵੀ ਦੇਖਿਆ ਹੋਵੇਗਾ ਕਿ ਜਿੰਨਾ ਵੀ ਟੂਰਿਸਟ ਆਉਂਦਾ ਹੈ, ਸ੍ਰੀ ਦਰਬਾਰ ਸਾਹਿਬ ਆਉਂਦਾ ਹੈ ਤਾਂ ਦੁਰਗਿਆਨਾ ਮੰਦਿਰ ਜਾਂਦਾ ਹੈ, ਜਲ੍ਹਿਆਂ ਵਾਲੇ ਬਾਗ ਜਾਂਦਾ ਹੈ, ਬਾਰਡਰ ਤੇ ਜਾਂਦਾ ਹੈ ਤੇ ਮੇਰਾ ਘਰ ਵੀ ਉੱਧਰ ਹੀ ਹੈ, ਮੈਂ ਵੀ ਜਦੋਂ ਲੰਘਦਾ ਹਾਂ ਤਾਂ ਮੈਂ ਦੇਖਦਾ ਹਾਂ ਕਿਉਂਕਿ ਜਿਹੜੀ ਖਾਲਸਾ ਕਾਲਜ ਦੀ ਬਿਲਡਿੰਗ ਹੈ ਉਸਦਾ ਆਰਕੀਟੈਕਚਰ ਇਹੋ ਜਿਹਾ ਹੋਣ ਕਰਕੇ ਇਹ ਦੁਨੀਆਂ ਭਰ ਵਿੱਚ ਮਸ਼ਹੂਰ ਹੈ। ਸਪੀਕਰ ਸਾਹਿਬ, ਪਿਛਲੇ ਪਾਸਿਓਂ ਵੀ, ਜਿਹੜੀ ਰਾਮ ਤੀਰਥ ਰੋਡ ਸੀ, ਉਥੋਂ ਵੀ ਇਸੇ ਤਰ੍ਹਾਂ ਹੀ ਦਿਸਦਾ ਸੀ ਪਰ ਉਹ ਸ਼੍ਰੀਮਾਨ ਜੀ ਨੇ ਬਗੈਰ ਵਜ੍ਹਾ ਤੋਂ ਖਾਲਸਾ ਕਾਲਜ ਪਿੱਛੇ ਇਮਾਰਤਾਂ ਬਣਾ ਦਿੱਤੀਆਂ, ਉਨ੍ਹਾਂ ਦੀ ਲੋੜ ਨਹੀਂ ਸੀ। ਅੱਜ ਉਹ ਖਾਲਸਾ ਕਾਲਜ ਪਿਛਲੇ ਪਾਸਿਓਂ ਦਿਖਦਾ ਨਹੀਂ ਹੈ। ਐਵੇਂ ਥੋੜ੍ਹਾ ਜਿਹਾ ਨਜ਼ਰ ਆਉਂਦਾ ਹੈ ਜਿਸ ਦੀ ਲੁੱਕ ਦੋਵੇਂ ਸਾਈਡਾਂ ਤੋਂ ਇੱਕੋ ਜਿਹੀ ਦਿਸਦੀ ਸੀ। ਉਸ ਦਾ ਮਕਸਦ ਕੀ ਸੀ, ਉਥੇ ਜਿਹੜੀ ਇੱਟ ਲੱਗੀ ਹੈ, ਉਹ ਸਾਰੀ ਦੀ ਸਾਰੀ ਉਸ ਭੱਠੇ ਦੀ ਲੱਗੀ । ਆਪੇ ਭੱਠੇ ਦਾ ਮਾਲਕ, ਆਪੇ ਬਿਲ ਕੱਟਣ ਵਾਲਾ । ਫਿਰ ਕਿਸੇ ਨੇ ਸਲਾਹ ਦਿੱਤੀ, ਤੂੰ ਇਹ ਕੀ ਕਰ ਰਿਹਾ ਹੈ। ਸਾਰੀ ਇੱਟ ਤੇਰੀ ਆਉਂਦੀ ਹੈ ਤੇ ਬਿਲ ਦੂਜਿਆਂ ਭੱਠਿਆਂ ਦੇ ਕਟਵਾ ਲੈ ।

**ਮਾਨਯੋਗ ਸਪੀਕਰ :** ਤੁਸੀਂ ਕਨਕਲੂਡ ਕਰੋ ਜੀ ।

**ਸਰਦਾਰ ਸੁਖਬਿੰਦਰ ਸਿੰਘ ਸਰਕਾਰੀਆ :** ਸਪੀਕਰ ਸਾਹਿਬ, ਕਨਕਲੂਡ ਹੀ ਕਰਨ ਲੱਗਾ ਹਾਂ ਪਰ ਇਸ ਬਾਰੇ ਦੱਸਣਾ ਬੜਾ ਜ਼ਰੂਰੀ ਹੈ ਜੀ । ਉਸ ਨੇ ਕੀ ਕੀਤਾ ? ਤਿੰਨ ਚਾਰ ਥਾਂ ਤੋਂ ਬਿਲ ਲਏ ਪਰ ਉਹ ਇਹ ਭੁੱਲ ਗਿਆ ਕਿ ਜਿਹੜਾ ਇੱਕ ਇੱਟ ਤੇ ਮਾਅਰਕਾ ਹੁੰਦਾ ਹੈ, ਉਸ ਨੂੰ ਤਾਂ ਬਦਲ ਲਈਏ । ਉਹ ਉਹੀ ਰਿਹਾ ਕਿਉਂਕਿ ਇੱਟ ਉਸੇ ਹੀ, ਇੱਕੋ ਹੀ ਭੱਠੇ ਤੋਂ ਆਉਂਦੀ ਸੀ । ਸਪੀਕਰ ਸਾਹਿਬ, ਇਹ ਮੈਂ ਇਸ ਕਰਕੇ ਗੱਲ ਕੀਤੀ ਹੈ ਕਿ ਇਸ ਵਿੱਚ ਬੜੀਆਂ ਊਣਤਾਈਆਂ ਹਨ। ਇਸ ਵਿੱਚੋਂ ਬੜੇ ਘਪਲੇ ਨਿਕਲਣੇ ਹਨ । ਇਹ ਬਿਲ ਤਾਂ ਆਪਾਂ ਪਾਸ ਕਰ ਦੇਣਾ ਹੈ ਪਰ ਇਸ ਵਿੱਚ ਇਨਕੁਆਰੀ ਕਰਵਾਉਣ ਦੀ ਵੀ ਜ਼ਰੂਰਤ ਹੈ । ਸਪੀਕਰ ਸਾਹਿਬ, ਮੈਂ ਜਿੱਥੇ ਇਸ ਬਿਲ ਦੇ ਲਿਆਉਣ ਲਈ ਸੀ.ਐਮ. ਸਾਹਿਬ ਨੂੰ ਵਧਾਈ ਦਿੰਦਾ ਹਾਂ, ਮੰਤਰੀ ਸਾਹਿਬ ਨੂੰ ਵਧਾਈ ਦਿੰਦਾ ਹਾਂ ਕਿਉਂਕਿ ਇਹ ਬਿਲ ਤਮਾਮ ਸਿੱਖ ਜਗਤ ਦੀ ਜਿਹੜੀ ਮੰਗ ਸੀ ਕਿ ਉਸ ਖਾਲਸਾ ਕਾਲਜ ਦੀ ਹੋਂਦ ਨੂੰ ਬਰਕਰਾਰ ਰੱਖਣਾ, ਖਾਲਸਾ ਕਾਲਜ ਦੇ ਹੈਰੀਟੇਜ ਨੂੰ ਬਰਕਰਾਰ ਰੱਖਣਾ, ਉਹ ਬਿਲ ਸਰਕਾਰ ਲੈ ਕੇ ਆਈ ਹੈ। ਇਸ ਨੂੰ ਹਾਊਸ ਨੇ ਪਾਸ ਵੀ ਕਰਨਾ ਹੈ । ਮੈਂ ਇਸ ਦੇ ਨਾਲ ਇੱਕ-ਦੋ ਬੇਨਤੀਆਂ ਵੀ ਕਰਾਂਗਾ ਕਿ ਉਸ ਵੇਲੇ ਦੇ ਰੈਵੀਨਿਊ ਰਿਕਾਰਡ ਵਿੱਚ ਜਿਵੇਂ ਇਨ੍ਹਾਂ ਦੇ

[ ਸਰਦਾਰ ਸੁਖਬਿੰਦਰ ਸਿੰਘ ਸਰਕਾਰੀਆ ]

ਸ੍ਰੀਮਾਨ ਜੀ ਨੇ ਗਲਤ ਕੰਮ ਕਰਵਾਏ ਹਨ, ਉਸ ਬਾਰੇ ਵੀ ਮੰਤਰੀ ਜੀ ਇਨਕੁਆਰੀ ਕਰਵਾਉਣ । ਉਸ ਵੇਲੇ ਸਾਲ, 2011 ਵਿੱਚ ਜਦੋਂ ਪਹਿਲੀ ਵਾਰ ਯੂਨੀਵਰਸਿਟੀ ਦੀ ਪਰਪੋਜ਼ਲ ਆਈ ਸੀ, ਉਸ ਵਿੱਚ 22 ਪ੍ਰੋਫੈਸਰਾਂ ਤੇ ਇਨ੍ਹਾਂ ਨੇ ਪਰਚੇ ਦਰਜ ਕੀਤੇ ਗਏ ਸਨ ਕਿਉਂਕਿ ਪਹਿਲਾਂ ਸਾਰਾ ਕੰਮ ਉਨ੍ਹਾਂ ਨੇ ਹੀ ਚੁੱਕਿਆ ਸੀ । ਉਹ ਵਿਚਾਰੇ ਅੱਜ ਵੀ ਤਰੀਕਾਂ ਭੁਗਤ ਰਹੇ ਹਨ । ਦੋ ਮਹਿਲਾਵਾਂ ਵੀ ਉਸ ਵਿੱਚ ਹਨ ਔਰ ਉਨ੍ਹਾਂ ਨੂੰ ਵੀ ਕਨੂੰਨੀ ਰਾਏ ਲੈ ਕੇ ਉਸ ਕੇਸ ਵਿੱਚੋਂ ਕੱਢਿਆ ਜਾਵੇ ਕਿਉਂਕਿ ਜਦੋਂ ਯੂਨੀਵਰਸਿਟੀ ਖਤਮ ਹੋ ਗਈ ਤਾਂ ਕੋਈ ਲਿੰਕ ਨਹੀਂ ਰਹਿ ਜਾਂਦਾ । ਸੋ, ਇਹ ਮੇਰੀਆਂ ਬੇਨਤੀਆਂ ਹਨ । ਸੋ, ਇੱਥੇ ਅੱਜ ਇਹ ਜਿਹੜਾ ਬਿਲ ਲਿਆਂਦਾ ਹੈ, ਇਹ ਸਰਬਸੰਮਤੀ ਨਾਲ ਪਾਸ ਕੀਤਾ ਜਾਵੇ । ਕੈਪਟਨ ਅਮਰਿੰਦਰ ਸਿੰਘ ਜੀ ਜਦੋਂ ਸਾਡੇ ਪ੍ਰਧਾਨ ਸਨ, ਜਦੋਂ ਉਥੇ ਐਜੀਟੇਸ਼ਨ ਚੱਲੀ ਸੀ, ਉਹ ਉਥੇ ਵੀ ਵਾਅਦਾ ਕਰਕੇ ਆਏ ਸੀ, ਮੈਂ ਸਮਝਦਾ ਹਾਂ ਕਿ ਅੱਜ ਇਸ ਬਿਲ ਨਾਲ ਤਮਾਮ ਜਗਤ ਵਿੱਚ ਖੁਸ਼ੀਆਂ ਹੋਣਗੀਆਂ, ਸਿੱਖ ਜਗਤ ਵਿੱਚ ਖੁਸ਼ੀਆਂ ਹੋਣਗੀਆਂ, ਮੈਂ ਚਾਹੁੰਦਾ ਹਾਂ ਕਿ ਹਾਊਸ ਵੀ ਇਸ ਬਿਲ ਨੂੰ ਸਰਬਸੰਮਤੀ ਨਾਲ ਪਾਸ ਕਰੇ । ਧੰਨਵਾਦ ।

**ਸਰਦਾਰ ਕੁਲਜੀਤ ਸਿੰਘ ਨਾਗਰਾ (ਫਤਹਿਗੜ੍ਹ ਸਾਹਿਬ) :** ਸਪੀਕਰ ਸਾਹਿਬ, ਮੈਂ ਤੁਹਾਡਾ ਧੰਨਵਾਦ ਕਰਦਾ ਹਾਂ ਕਿ ਤੁਸੀਂ ਮੈਨੂੰ ਅੱਜ ਇਹ ਜੋ ਬਹਿਸ ਖਾਲਸਾ ਹੈਰੀਟੇਜ ਕਾਲਜ ਔਰ ਆਪੇ ਬਣਾਈ ਜਾਅਲੀ ਯੂਨੀਵਰਸਿਟੀ ਤੇ ਕੀਤੀ ਜਾ ਰਹੀ ਹੈ ਉਸ ਉਤੇ ਬੋਲਣ ਦਾ ਮੌਕਾ ਦਿੱਤਾ ਹੈ । ਸਪੀਕਰ ਸਾਹਿਬ, ਯੂਨੀਵਰਸਿਟੀਆਂ ਨਾਲ ਮੇਰਾ ਬੜਾ ਲੰਮਾ ਚੌੜਾ ਬਤੌਰ ਵਿਦਿਆਰਥੀ, ਬਤੌਰ ਸਟੂਡੈਂਟ ਲੀਡਰ, ਬਤੌਰ ਸੈਨੇਟ ਮੈਂਬਰ, ਬਤੌਰ ਸਿੰਡੀਕੇਟ ਮੈਂਬਰ ਦੇ ਰੂਪ ਵਿੱਚ ਤਾਅਲੁਕਾਤ ਰਿਹਾ ਹੈ । ਸਪੀਕਰ ਸਾਹਿਬ, ਮੈਨੂੰ ਬਹੁਤ ਸਾਰੀਆਂ ਸਟੇਟਾਂ ਵਿੱਚ, ਬਹੁਤ ਸਾਰੀਆਂ ਯੂਨੀਵਰਸਿਟੀਆਂ ਵਿੱਚ ਜਾਣ ਦਾ ਮੌਕਾ ਮਿਲਿਆ । ਬਹੁਤ ਸਾਰੀਆਂ ਯੂਨੀਵਰਸਿਟੀਆਂ ਦੇ ਕਾਂਸਟੀਚਿਊਸ਼ਨਲ ਰੂਲਜ਼, ਪ੍ਰੋਸੀਜਰ, ਉਨ੍ਹਾਂ ਵਿੱਚ ਜਾ ਕੇ ਉਨ੍ਹਾਂ ਨੂੰ ਘੋਖਣ ਦਾ ਮੌਕਾ ਮਿਲਿਆ ਹੈ ਪਰ ਬੜੇ ਦੁੱਖ ਨਾਲ ਕਹਿਣਾ ਪੈਂਦਾ ਹੈ ਕਿ ਪਿਛਲੇ ਦਸ ਸਾਲ ਪੰਜਾਬ ਵਿੱਚ ਜਿੰਨਾ ਵੱਡਾ ਧੱਕਾ ਉੱਚ ਵਿਦਿਆ ਨਾਲ ਪਿਛਲੀ ਸਰਕਾਰ ਨੇ ਕੀਤਾ ਹੈ, ਉਹ ਨਿੰਦਣਯੋਗ ਹੈ । ਜੋ ਉੱਚ ਵਿਦਿਆ ਸੀ, ਜਿਸ ਦਾ ਇੱਕ ਸਟੈਂਡਰਡ ਸੀ, ਸਾਡੀ ਪੰਜਾਬ ਦੀ ਉੱਚ ਵਿਦਿਆ ਦਾ ਜੋ ਸਟੈਂਡਰਡ ਸੀ ....

**ਮਾਨਯੋਗ ਸਪੀਕਰ :** ਤੁਸੀਂ ਇਸ ਬਿਲ ਤੇ ਬੋਲੋ ।

**ਸਰਦਾਰ ਕੁਲਜੀਤ ਸਿੰਘ ਨਾਗਰਾ :** ਸਪੀਕਰ ਸਾਹਿਬ, ਮੈਂ ਉਸ ਤੇ ਹੀ ਬੋਲ ਰਿਹਾ ਹਾਂ । ਸਪੀਕਰ ਸਾਹਿਬ, ਜਿਹੜਾ ਉੱਚ ਵਿਦਿਆ ਦਾ ਸਟੈਂਡਰਡ ਸੀ, ਉਹ ਖਤਮ ਕਰ ਦਿੱਤਾ। ਇਨ੍ਹਾਂ ਨੇ 15 ਪ੍ਰਾਈਵੇਟ ਯੂਨੀਵਰਸਿਟੀਆਂ ਆਪਣੇ ਦਸ ਸਾਲਾਂ ਦੇ ਰਾਜ ਵਿੱਚ ਬਣਾਈਆਂ, ਰਿਉੜੀਆਂ ਵਾਂਗ ਵੰਡ ਦਿੱਤੀਆਂ ਔਰ ਉਸ ਤੇ ਕੋਈ ਚੈੱਕ ਨਹੀਂ ਰੱਖਿਆ। ਹੁਣ ਸਾਡੀ ਸਰਕਾਰ ਉਨ੍ਹਾਂ ਤੇ ਰੈਗੂਲੇਟਰੀ ਬਾਡੀ ਬਣਾਉਣ ਜਾ ਰਹੀ ਹੈ। ਇਨ੍ਹਾਂ ਨੇ ਕੋਈ ਰੈਗੂਲੇਟਰੀ

ਬਾਡੀ ਨਹੀਂ ਬਣਾਈ ਔਰ ਉਸ ਵਿੱਚ ਇਹ ਯੂਨੀਵਰਸਿਟੀ, ਜਿਸ ਦੀ ਆਪਾਂ ਅੱਜ ਗੱਲ ਕਰ ਰਹੇ ਹਾਂ, ਇਸ ਦਾ ਜਿਹੜਾ ਇਤਿਹਾਸ ਹੈ, ਮੇਰੇ ਤੋਂ ਪਹਿਲਾਂ ਸਾਡੇ ਮਾਨਯੋਗ ਮੈਂਬਰ ਸਾਹਿਬਾਨ ਨੇ ਦੱਸਿਆ, ਮੈਂ ਉਸ ਵਿੱਚ ਜਿਆਦਾ ਡਿਟੇਲ ਵਿਚ ਜਾਣਾ ਨਹੀਂ ਚਾਹੁੰਦਾ, ਉਸ ਨੂੰ ਦੁਹਰਾਉਣਾ ਨਹੀਂ ਚਾਹੁੰਦਾ। ਸਪੀਕਰ ਸਾਹਿਬ, ਜਿਸ ਤਰੀਕੇ ਨਾਲ ਪੰਜਾਬੀਆਂ ਦੀਆਂ ਭਾਵਨਾਵਾਂ, ਸਿੱਖ ਕੌਮ ਦੀਆਂ ਭਾਵਨਾਵਾਂ ਦੇ ਨਾਲ ਇਨ੍ਹਾਂ ਨੇ ਖੇਡਣ ਦੀ ਕੋਸ਼ਿਸ਼ ਕੀਤੀ ਔਰ ਖੇਡ ਵੀ ਗਏ ਔਰ ਇੰਨੇ ਵੱਡੇ ਹੈਰੀਟੇਜ ਨੂੰ, ਇੰਨੀ ਵੱਡੀ ਸਾਡੀ ਵਿਰਾਸਤ ਨੂੰ ਆਪਣੀ ਘਰ ਦੀ ਦੁਕਾਨ ਦੇ ਵਿੱਚ ਤਬਦੀਲ ਕਰ ਦਿੱਤਾ ਗਿਆ ....

**ਮਾਨਯੋਗ ਸਪੀਕਰ :** ਬੈਠੋ, ਬੈਠੋ, ਗੱਲ ਹੋ ਗਈ ਜੀ ।

**ਸਰਦਾਰ ਕੁਲਜੀਤ ਸਿੰਘ ਨਾਗਰਾ :** ਨਹੀਂ, ਸਪੀਕਰ ਸਾਹਿਬ, ਇੱਕ ਮਿੰਟ ਪਲੀਜ਼।

**ਮਾਨਯੋਗ ਸਪੀਕਰ :** ਗੱਲ ਹੋ ਗਈ ਜੀ।

**ਸਰਦਾਰ ਕੁਲਜੀਤ ਸਿੰਘ ਨਾਗਰਾ :** ਇੱਕ ਮਿੰਟ ਪਲੀਜ਼, ਸਪੀਕਰ ਸਾਹਿਬ।

**ਮਾਨਯੋਗ ਸਪੀਕਰ :** ਤੁਸੀਂ ਯੂਨੀਵਰਸਿਟੀ ਦੀ ਗੱਲ ਕਰੋ।

**ਸਰਦਾਰ ਕੁਲਜੀਤ ਸਿੰਘ ਨਾਗਰਾ :** ਸਪੀਕਰ ਸਾਹਿਬ, ਮੈਂ ਯੂਨੀਵਰਸਿਟੀ ਤੇ ਹੀ ਆ ਰਿਹਾ ਹਾਂ ਜੀ। ਅੱਜ ਇਹ ਜਿੰਨੀਆਂ ਗੱਲਾਂ ਸਾਡੇ ਮੈਂਬਰ ਸਾਹਿਬਾਨ ਨੇ ਕੀਤੀਆਂ ਹਨ, ਸਪੀਕਰ ਸਾਹਿਬ, ਇਹ ਪੰਜਾਬ ਦੇ ਲੋਕਾਂ ਦੇ ਅੰਦਰ ਇਸ ਪ੍ਰਤੀ ਇੰਨਾ ਵੱਡਾ ਰੋਸ ਹੈ, ਜਿਸ ਰੋਸ ਨੂੰ ਸਾਡੇ ਮਾਨਯੋਗ ਮੁੱਖ ਮੰਤਰੀ, ਕੈਪਟਨ ਅਮਰਿੰਦਰ ਸਿੰਘ ਜੀ ਜਦੋਂ ਵੀ ਕਿਤੇ ਗਏ, ਲੋਕਾਂ ਨੇ ਜਿਹੜਾ ਰੋਸ ਕੀਤਾ, ਚੋਣਾਂ ਤੋਂ ਪਹਿਲਾਂ ਕਿਹਾ ਕਿ ਆਹ ਸਾਡੇ ਨਾਲ ਧੋਖਾ ਹੋਇਆ ਹੈ, ਉਸ ਦੇ ਤਹਿਤ ਇਸ ਯੂਨੀਵਰਸਿਟੀ ਦਾ ਅੱਜ ਬਿਲ ਲੈ ਕੇ ਆਏ ਕਿ ਇਸ ਨੂੰ ਕੈਂਸਲ ਕੀਤਾ ਜਾਵੇ। ਮੈਂ ....

**ਮਾਨਯੋਗ ਸਪੀਕਰ :** ਬੈਠੋ ਹੁਣ ਪਲੀਜ਼।

**ਸਰਦਾਰ ਕੁਲਜੀਤ ਸਿੰਘ ਨਾਗਰਾ :** ਸਪੀਕਰ ਸਾਹਿਬ, ਇੱਕ ਮਿੰਟ ਦੇ ਦਿਉ। ਪਤਾ ਕੀ ਹੈ ਜੀ, ਇਹ ਐਜੂਕੇਸ਼ਨ ਨਾਲ ਜੁੜਿਆ ਮੁੱਦਾ ਹੈ। ਮੈਂ ਸਿਰਫ ਤੁਹਾਡੇ ਕੋਲੋਂ ਮੰਗ ਕੇ ਦੋ ਮਿੰਟ ਲੈਣ ਲੱਗਿਆ ਹਾਂ, ਮੈਂ ਦੋ ਮਿੰਟ ਬਾਅਦ ਬੈਠ ਜਾਵਾਂਗਾ। ਸਪੀਕਰ ਸਾਹਿਬ, ਇਹ ਇਕੱਲੀ ਇਸ ਯੂਨੀਵਰਸਿਟੀ ਨਾਲ ਨਹੀਂ ਹੋਇਆ, ਇਸ ਅਦਾਰੇ ਨਾਲ ਨਹੀਂ ਹੋਇਆ। ਸਪੀਕਰ ਸਾਹਿਬ, ਐਸ.ਜੀ.ਪੀ.ਸੀ. ਦੇ ਜਿੰਨੇ ਅਦਾਰੇ ਹਨ, ਉਨ੍ਹਾਂ ਦੇ ਟਰੱਸਟ ਬਣਾ ਦਿੱਤੇ ਗਏ ਅਤੇ ਟਰੱਸਟਾਂ ਦੇ ਮੈਂਬਰ ਸਾਡੇ ਬਿਜ਼ਨਸ ਸਕੂਲ ਆਫ ਇਕਨਾਮਿਕਸ ਦੇ ਜਿਹੜੇ ਸਾਡੇ ਵੱਡੇ ਭਰਾ ਹਨ, ਉਨ੍ਹਾਂ ਦੇ ਪਿਤਾ ਜੀ ਜਾਂ ਉਹ ਜਾਂ ਉਨ੍ਹਾਂ ਦੇ ਸਾਲਾ ਸਾਹਿਬ ਜਾਂ ਉਨ੍ਹਾਂ ਦੇ ਅੱਗੇ ਪਰਿਵਾਰਾਂ ਦੇ ਮੈਂਬਰ ਹਨ ਔਰ ਇੰਨੀ ਵੱਡੀ ਉਥੇ ਵੀ ਇਨ੍ਹਾਂ ਨੇ ਰਿਸੋਰਸਿਜ਼ ਦੀ ਲੁੱਟ ਕੀਤੀ ਹੈ।

**ਮਾਨਯੋਗ ਸਪੀਕਰ :** ਬੈਠੋ ਹੁਣ, ਪਲੀਜ਼।

**ਸਰਦਾਰ ਕੁਲਜੀਤ ਸਿੰਘ ਨਾਗਰਾ :** ਉਸ ਦੀ ਵੀ ਇਨਕੁਆਇਰੀ ਹੋਣੀ ਚਾਹੀਦੀ ਹੈ।

**ਮਾਨਯੋਗ ਸਪੀਕਰ :** ਬੈਠੋ ਹੁਣ, ਪਲੀਜ਼।

**ਸਰਦਾਰ ਕੁਲਜੀਤ ਸਿੰਘ ਨਾਗਰਾ :** ਜਿਵੇਂ ਖਾਲਸਾ ਕਾਲਜ ਦੀ ਇਸ ਯੂਨੀਵਰਸਿਟੀ ਨੂੰ ਲੁੱਟਣ ਦੀ ਕੋਸ਼ਿਸ਼ ਕੀਤੀ ਹੈ। ਸਪੀਕਰ ਸਾਹਿਬ, ਇਥੇ ਹੀ ਨਹੀਂ, ਜਿੰਨੀਆਂ ਯੂਨੀਵਰਸਿਟੀਆਂ ਇਨ੍ਹਾਂ ਦੇ ਸਮੇਂ ਵਿਚ ਬਣੀਆਂ ਹਨ, ਮੈਂ ਹਾਊਸ ਤੋਂ ਮੰਗ ਕਰਦਾ ਹਾਂ, ਮਨਿਸਟਰ ਸਾਹਿਬ ਤੋਂ ਮੰਗ ਕਰਦਾ ਹਾਂ ਕਿ ਉਨ੍ਹਾਂ ਯੂਨੀਵਰਸਿਟੀਆਂ ਦੀ ਇਨਕੁਆਇਰੀ ਕਰਵਾਈ ਜਾਵੇ ਕਿ ਕੀ ਉਹ ਨਾਰਮਜ਼ ਪੂਰੀਆਂ ਕਰਦੀਆਂ ਹਨ ਕਿ ਨਹੀਂ ਕਰਦੀਆਂ ? ਕੀ ਉਨ੍ਹਾਂ ਵਿੱਚ ਵਿਦਿਆਰਥੀਆਂ ਦਾ ਭਵਿੱਖ ਸੁਰੱਖਿਅਤ ਹੈ ਕਿ ਨਹੀਂ? ਸਪੀਕਰ ਸਾਹਿਬ, ਇੱਕ-ਦੋ ਕਿੱਲੇ ਦਾ ਕਿਸਾਨ, ਪੰਜ ਕਿੱਲੇ ਦਾ ਕਿਸਾਨ, ਜਿਨ੍ਹਾਂ ਦੇ ਅਸੀਂ ਕਰਜ਼ੇ ਮੁਆਫ ਕਰ ਰਹੇ ਹਾਂ, ਉਹ ਆਪਣੇ ਦਿਲ ਦੇ ਟੁਕੜੇ ਨੂੰ, ਆਪਣਾ ਦਿਲ ਚੀਰ ਕੇ ਉਨ੍ਹਾਂ ਯੂਨੀਵਰਸਿਟੀਆਂ ਵਿੱਚ ਆਪਣੇ ਬੱਚੇ ਨੂੰ ਪੜ੍ਹਾਉਂਦਾ ਹੈ ਪਰੰਤੂ ਪੜ੍ਹਾਉਣ ਤੋਂ ਬਾਅਦ ਉਨ੍ਹਾਂ ਨੂੰ ਪੰਜ ਹਜ਼ਾਰ ਦੀ ਨੌਕਰੀ ਨਹੀਂ ਮਿਲਦੀ। ਸਪੀਕਰ ਸਾਹਿਬ, ਅੱਜ ਪੰਜਾਬ ਦੇ ਵਿੱਚ ਨੌਜਵਾਨਾਂ ਵਿੱਚ ਜਿਹੜੀ ਡਰੱਗ ਦੀ ਗੱਲ ਹੋ ਰਹੀ ਹੈ, ਉਹ ਇਸ ਕਰਕੇ ਹੈ ਕਿਉਂਕਿ ਉਨ੍ਹਾਂ ਨੂੰ ਨੌਕਰੀ ਨਹੀਂ ਮਿਲਦੀ, ਉਹ ਦੂਜੇ ਪਾਸੇ ਨੂੰ ਤੁਰਦਾ ਹੈ। ਇਹ ਬੜਾ ਜੁੜਿਆ ਹੋਇਆ ਕੰਮ ਹੈ। ਸੋ, ਕਿਰਪਾ ਕਰਕੇ ....

**ਮਾਨਯੋਗ ਸਪੀਕਰ :** ਬੈਠੋ ਹੁਣ, ਪਲੀਜ਼।

**ਸਰਦਾਰ ਕੁਲਜੀਤ ਸਿੰਘ ਨਾਗਰਾ :** ਇਨ੍ਹਾਂ ** ** ਵੱਲੋਂ ਜਿਹੜੇ ਕੰਮ ਕੀਤੇ ਗਏ ਹਨ, ਇਨ੍ਹਾਂ ** ** ਨੇ ਲੁੱਟਿਆ ਹੈ ...

**ਮਾਨਯੋਗ ਸਪੀਕਰ :** ** ** ਲਫਜ਼ ਐਕਸਪੰਜ ਕਰ ਦਿਓ। ** ** ਸ਼ਬਦ ਕੱਢ ਦਿੱਤਾ ਜਾਵੇ।

**ਸਰਦਾਰ ਕੁਲਜੀਤ ਸਿੰਘ ਨਾਗਰਾ :** ਇਨ੍ਹਾਂ ਨੂੰ ਇਨਕੁਆਇਰੀਆਂ ਕਰਵਾ ਕੇ ਨੰਗੇ ਕੀਤੇ ਜਾਣਾ ਚਾਹੀਦਾ ਹੈ।

**ਮਾਨਯੋਗ ਸਪੀਕਰ :** ਬੈਠੋ, ਬੈਠੋ, ਪਲੀਜ਼।

**ਸਰਦਾਰ ਕੁਲਜੀਤ ਸਿੰਘ ਨਾਗਰਾ :** ਬਹੁਤ ਬਹੁਤ ਧੰਨਵਾਦ।

**ਮਾਨਯੋਗ ਸਪੀਕਰ :** ਪ੍ਰਸ਼ਨ ਹੈ –

> ਕਿ ਖਾਲਸਾ ਯੂਨੀਵਰਸਿਟੀ (ਮਨਸੂਖੀ) ਬਿਲ, 2017 ਤੇ ਤੁਰੰਤ ਵਿਚਾਰ ਕੀਤਾ ਜਾਵੇ।

***ਪ੍ਰਸਤਾਵ ਸਰਬਸੰਮਤੀ ਨਾਲ ਪ੍ਰਵਾਨ ਹੋਇਆ।***

**ਮਾਨਯੋਗ ਸਪੀਕਰ :** ਹੁਣ ਸਦਨ ਬਿਲ ਤੇ ਕਲਾਜ਼-ਵਾਰ ਵਿਚਾਰ ਕਰੇਗਾ।

---

** Expunged as ordered by the Chair.

**ਕਲਾਜ਼ 1 ਦੀ ਸਬ-ਕਲਾਜ਼ (2)**

**ਮਾਨਯੋਗ ਸਪੀਕਰ :** ਪ੍ਰਸ਼ਨ ਹੈ -

ਕਿ ਕਲਾਜ਼ 1 ਦੀ ਸਬ-ਕਲਾਜ਼ (2) ਬਿਲ ਦਾ ਹਿੱਸਾ ਹੈ।

***ਪ੍ਰਸਤਾਵ ਸਰਬਸੰਮਤੀ ਨਾਲ ਪ੍ਰਵਾਨ ਹੋਇਆ।***

**ਕਲਾਜ਼ਾਂ 2 ਅਤੇ 3**

**ਮਾਨਯੋਗ ਸਪੀਕਰ :** ਕਿਉਂਜੋ ਕਲਾਜ਼ਾਂ 2 ਅਤੇ 3 ਵਿੱਚ ਕੋਈ ਸੋਧਨਾ ਨਹੀਂ ਹੈ, ਜੇਕਰ ਸਦਨ ਦੀ ਸਹਿਮਤੀ ਹੋਵੇ ਤਾਂ ਇਹ ਕਲਾਜਾਂ ਇਕੱਠੀਆਂ ਹੀ ਸਦਨ ਦੀ ਵੋਟਿੰਗ ਲਈ ਰੱਖ ਦਿੱਤੀਆਂ ਜਾਣ?

(**ਅਵਾਜ਼ਾਂ** : ਹਾਂ ਜੀ, ਹਾਂ ਜੀ।)

**ਮਾਨਯੋਗ ਸਪੀਕਰ :** ਪ੍ਰਸ਼ਨ ਹੈ -

ਕਿ ਕਲਾਜ਼ਾਂ 2 ਅਤੇ 3 ਬਿਲ ਦਾ ਹਿੱਸਾ ਹਨ।

***ਪ੍ਰਸਤਾਵ ਪ੍ਰਵਾਨ ਹੋਇਆ।***

**ਕਲਾਜ਼ 1 ਦੀ ਸਬ-ਕਲਾਜ਼ (1)**

**ਮਾਨਯੋਗ ਸਪੀਕਰ:** ਪ੍ਰਸ਼ਨ ਹੈ -

ਕਿ ਕਲਾਜ਼ 1 ਦੀ ਸਬ-ਕਲਾਜ਼ (1) ਬਿਲ ਦਾ ਹਿੱਸਾ ਹੈ।

***ਪ੍ਰਸਤਾਵ ਸਰਬਸੰਮਤੀ ਨਾਲ ਪ੍ਰਵਾਨ ਹੋਇਆ।***

**ਸਿਰਲੇਖ**

**ਮਾਨਯੋਗ ਸਪੀਕਰ:** ਪ੍ਰਸ਼ਨ ਹੈ-

ਕਿ ਸਿਰਲੇਖ ਬਿਲ ਦਾ ਸਿਰਲੇਖ ਬਣੇ।

***ਪ੍ਰਸਤਾਵ ਪ੍ਰਵਾਨ ਹੋਇਆ।***

**ਮਾਨਯੋਗ ਸਪੀਕਰ:** ਮੰਤਰੀ ਜੀ, ਬਿਲ ਪਾਸ ਕਰਨ ਲਈ ਪ੍ਰਸਤਾਵ ਪੇਸ਼ ਕਰਨ ।

**ਉਚੇਰੀ ਸਿੱਖਿਆ ਅਤੇ ਸਕੂਲ ਸਿੱਖਿਆ ਰਾਜ ਮੰਤਰੀ (ਸ਼੍ਰੀਮਤੀ ਅਰੁਨਾ ਚੌਧਰੀ) :** ਸ਼੍ਰੀਮਾਨ ਜੀ, ਮੈਂ ਪ੍ਰਸਤਾਵ ਕਰਦੀ ਹਾਂ-

ਕਿ ਖਾਲਸਾ ਯੂਨੀਵਰਸਿਟੀ (ਮਨਸੂਖੀ) ਬਿਲ, 2017 ਪਾਸ ਕੀਤਾ ਜਾਵੇ।

**ਮਾਨਯੋਗ ਸਪੀਕਰ :** ਪ੍ਰਸਤਾਵ ਕੀਤਾ-

ਕਿ ਖਾਲਸਾ ਯੂਨੀਵਰਸਿਟੀ (ਮਨਸੂਖੀ ) ਬਿਲ, 2017 ਪਾਸ ਕੀਤਾ ਜਾਵੇ।

**ਮਾਨਯੋਗ ਸਪੀਕਰ :** ਪ੍ਰਸ਼ਨ ਹੈ-

[ ਮਾਨਯੋਗ ਸਪੀਕਰ ]

ਕਿ ਖਾਲਸਾ ਯੂਨੀਵਰਸਿਟੀ (ਮਨਸੂਖੀ) ਬਿਲ, 2017 ਪਾਸ ਕੀਤਾ ਜਾਵੇ।

***ਪ੍ਰਸਤਾਵ ਸਰਬਸੰਮਤੀ ਨਾਲ ਪ੍ਰਵਾਨ ਹੋਇਆ।***

----

## 2. THE PUNJAB CO-OPERATIVE SOCIETIES (AMENDMENT) BILL, 2017

**ਮਾਨਯੋਗ ਸਪੀਕਰ :** ਅਗਲਾ ਬਿਲ, ਪੰਜਾਬ ਸਹਿਕਾਰੀ ਸਭਾਵਾਂ (ਸੋਧਨਾ) ਬਿਲ, 2017, ਸੰਸਦੀ ਮਾਮਲੇ ਮੰਤਰੀ ਪੇਸ਼ ਕਰਨ।

**Health & Family Welfare and Research & Medical Education and Parliamentary Affairs Minister (Shri Brahm Mohindra) :** Sir, I beg to introduce The Punjab Co-operative Amendment Bill, 2017.

Sir, I also beg to move-

That The Punjab Co-operative Amendment Bill, 2017 be taken into consideration at once.

**ਮਾਨਯੋਗ ਸਪੀਕਰ :** ਪ੍ਰਸਤਾਵ ਕੀਤਾ –

ਕਿ ਪੰਜਾਬ ਸਹਿਕਾਰੀ ਸਭਾਵਾਂ (ਸੋਧਨਾ) ਬਿਲ, 2017 ਤੇ ਤੁਰੰਤ ਵਿਚਾਰ ਕੀਤਾ ਜਾਵੇ।

ਬਹਿਸ, ਹਾਂ ਜੀ, ਕਿਸੇ ਨੇ ਇਸ ਬਿਲ ਤੇ ਕੁਝ ਕਹਿਣਾ ਹੈ? ਹਾਂ ਜੀ, ਸਿੱਧੂ ਸਾਹਿਬ।

**ਸਰਦਾਰ ਬਲਬੀਰ ਸਿੰਘ ਸਿੱਧੂ (ਐਸ.ਏ.ਐਸ. ਨਗਰ) :** ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਸਰਕਾਰ ਨੂੰ ਇਹ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਮੋਹਾਲੀ ਵਿਚ ਜਾਂ ਸਮੁੱਚੇ ਪੰਜਾਬ ਵਿੱਚ ਬਹੁਤ ਸਾਰੀਆਂ ਹਾਊਸਿੰਗ ਸੁਸਾਇਟੀਆਂ ਬਣੀਆਂ ਹੋਈਆਂ ਹਨ, ਉਨ੍ਹਾਂ ਦੀ ਕੀ ਪ੍ਰਾਬਲਮ ਹੈ, ਉਹ ਸਾਰੇ ਹਾਊਸਿਜ਼ ਬਕਾਇਦਾ ਇੱਕ ਬਾਊਂਡਰੀ ਵਾਲ ਅੰਦਰ ਬਣੇ ਹੋਏ ਹਨ ਅਤੇ ਉਹ ਇਨਕਮ ਟੈਕਸ ਵੀ ਪੇਅ ਕਰਦੇ ਹਨ, ਵੈਟ ਵੀ ਦਿੰਦੇ ਹਨ, ਇੰਡੀਪੈਂਡੈਂਟ ਤੌਰ ਤੇ ਬਿਜਲੀ ਦਾ ਬਿਲ ਵੀ ਦਿੰਦੇ ਹਨ ਪਰ ਜਿਹੜੀ ਇਨਡੋਰ ਡਿਵੈਲਪਮੈਂਟ ਹੈ ਉਹ ਕਾਰਪੋਰੇਸ਼ਨ ਨਹੀਂ ਕਰਦੀ । ਮੈਂ ਆਪਣੇ ਮੰਤਰੀ, ਸਰਦਾਰ ਨਵਜੋਤ ਸਿੰਘ ਜੀ ਨੂੰ ਕਹਿਣਾ ਚਾਹੁੰਦਾ ਹਾਂ ਕਿ ਕਮ –ਸੇ–ਕਮ ਜਿਹੜੀ ਇੰਟਰਨਲ ਡਿਵੈਲਪਮੈਂਟ ਹੈ ਜਿਵੇਂ ਰੋਡਜ਼ ਦੀ ਅਤੇ ਸਟਰੀਟ ਲਾਈਟਸ ਦੀ ਇੰਟਰਨਲ ਡਿਵੈਲਪਮੈਂਟ ਹੈ, ਉਹ ਕਮ–ਸੇ–ਕਮ ਇਹ ਕਰਵਾਉਣ ਤਾਂ ਕਿ ਉਨ੍ਹਾਂ ਲੋਕਾਂ ਨੂੰ ਇਹ ਵਧੀਆ ਸਹੂਲਤ ਮਿਲ ਸਕੇ।

**ਮਾਨਯੋਗ ਸਪੀਕਰ :** ਮੰਤਰੀ ਜੀ, ਤੁਸੀਂ ਇਸ ਦੇ ਉਤੇ ਕੁਝ ਕਹਿਣਾ ਹੈ?

**ਸੰਸਦੀ ਮਾਮਲੇ ਮੰਤਰੀ :** ਇਹ ਬਿਲ ਡਿਫਰੈਂਟ ਹੈ, ਇਹ ਕੋਆਪਰੇਟਿਵ ਸੁਸਾਇਟੀ ਵਾਲਾ ਬਿਲ ਹੈ।

**ਮਾਨਯੋਗ ਸਪੀਕਰ:** ਹਾਂ, ਇਹ ਬਿਲ ਉਧਰ ਹੈ।

**ਸੰਸਦੀ ਮਾਮਲੇ ਮੰਤਰੀ :** ਸਪੀਕਰ ਸਾਹਿਬ, ਤੁਸੀਂ ਮੈਨੂੰ ਕਾਲ ਅਪਾਨ ਕਰੋ।

**ਮਾਨਯੋਗ ਸਪੀਕਰ:** ਮੈਂ ਇਹ ਕਹਿ ਰਿਹਾ ਸੀ ਕਿ ਤੁਸੀਂ ਬਲਬੀਰ ਸਿੰਘ ਸਿੱਧੂ ਜੀ ਦੀ ਗੱਲ ਦਾ ਕੋਈ ਜਵਾਬ ਤਾਂ ਨਹੀਂ ਦੇਣਾ?

**ਸੰਸਦੀ ਮਾਮਲੇ ਮੰਤਰੀ :** ਨਹੀਂ ਸਰ, ਸਰਦਾਰ ਬਲਬੀਰ ਸਿੰਘ ਸਿੱਧੂ ਜੀ ਨੇ ਤਾਂ ਸਰਦਾਰ ਨਵਜੋਤ ਸਿੰਘ ਸਿੱਧੂ ਜੀ ਦੀ ਗੱਲ ਕੀਤੀ ਹੈ। ਮੈਂ ਸਮਝਿਆ ਕਿ ਸ਼ਾਇਦ ਤੁਸੀਂ ਉਧਰ ਗੱਲ ਕੀਤੀ ਹੈ।

**ਮਾਨਯੋਗ ਸਪੀਕਰ :** ਨਹੀਂ, ਇਸ ਵਿਚ ਕੀਤੀ ਹੈ।

**ਸੰਸਦੀ ਮਾਮਲੇ ਮੰਤਰੀ :** ਸਰ, ਮੈਂ ਇਸ ਦੇ ਉਤੇ ਬੋਲਣਾ ਚਾਹਾਂਗਾ।

**ਮਾਨਯੋਗ ਸਪੀਕਰ:** ਮੈਂ ਇਹ ਕਹਿ ਰਿਹਾ ਸੀ ਕਿ ਜਿਹੜਾ ਕੋਆਪਰੇਟਿਵ ਸੁਸਾਇਟੀਜ਼ ਦਾ ਅਮੈਂਡਮੈਂਟ ਬਿਲ ਆਇਆ ਹੈ ਇਸ ਵਿੱਚ ਸਰਦਾਰ ਬਲਬੀਰ ਸਿੰਘ ਸਿੱਧੂ ਜੀ ਨੇ ਕੋਆਪਰੇਟਿਵ ਸੁਸਾਇਟੀਜ਼ ਦੇ ਮੁਤੱਲਕ ਗੱਲ ਕੀਤੀ ਹੈ। ਬਿਲ ਕਿਉਂਕਿ ਤੁਸੀਂ ਪੇਸ਼ ਕੀਤਾ ਮੈਂ ਤਾਂ ਤੁਹਾਨੂੰ ਰਿਕੁਐਸਟ ਕੀਤੀ ਹੈ ਕਿ ਕੀ ਤੁਸੀਂ ਇਸ ਦੇ ਉਤੇ ਕੁਝ ਕਹਿਣਾ ਹੈ?

**ਸੰਸਦੀ ਮਾਮਲੇ ਮੰਤਰੀ (ਸ਼੍ਰੀ ਬ੍ਰਹਮ ਮਹਿੰਦਰਾ) :** ਹਾਂ ਜੀ। ਮੈਂ ਇਸ ਬਿਲ ਦੇ ਉਤੇ ਕਹਿਣਾ ਹੈ। ਸਪੀਕਰ ਸਾਹਿਬ, ਮੈਂ ਸਮਝਦਾ ਹਾਂ ਕਿ ਪੰਜਾਬ ਵਾਸਤੇ ਅੱਜ ਦੀ ਡੇਟ ਵਿਚ ਇਹ ਬੜੀ ਇੰਪਾਰਟੈਂਟ ਅਮੈਂਡਮੈਂਟ ਹੈ। ਇਹ ਅਮੈਂਡਮੈਂਟ ਉਸ ਵੇਲੇ ਆਈ ਹੈ ਜਿਸ ਵੇਲੇ ਸਾਡੀ ਪਾਰਟੀ ਦੇ ਤੇ ਸਾਡੇ ਚੋਣ ਮੈਨੀਫੈਸਟੋ ਨੇ, ਕੈਪਟਨ ਅਮਰਿੰਦਰ ਸਿੰਘ, ਸਾਡੇ ਸਤਿਕਾਰਯੋਗ ਮੁੱਖ ਮੰਤਰੀ ਜੀ ਨੇ ਜਿਹੜਾ ਕਰਜ਼ਾ ਕੁਰਕੀ ਮਾਫੀ ਦਾ ਜਿਹੜਾ ਫੈਸਲਾ ਕੀਤਾ ਹੈ, ਇਹ ਉਸ ਨਾਲ ਡੀਲ ਕਰਦਾ ਹੈ । ਇਹ ਬੜੀ ਇਤਿਹਾਸਕ ਅਮੈਂਡਮੈਂਟ ਹੈ । ਇਸ ਵਿੱਚ ਸਪੀਕਰ ਸਾਹਿਬ, ਜਿਹੜੀ ਸੈਕਸ਼ਨ 67 (ਏ) ਹੈ, ਇਹ ਸੈਕਸ਼ਨ 67 ਕੋਆਪਰੇਟਿਵ ਡਿਪਾਰਟਮੈਂਟ ਦੇ ਅਫਸਰਾਂ ਨੂੰ ਕੁਰਕੀ ਕਰਨ ਦੀ ਅਥਾਰਟੀ ਦਿੰਦੀ ਹੈ। ਇਸ ਨੂੰ ਅਬਾਲਿਸ਼ ਕਰਨ ਲਈ ਇਹ ਬਿਲ ਲਿਆਂਦਾ ਗਿਆ ਹੈ। ਮੈਂ ਸਮਝਦਾ ਹਾਂ ਕਿ ਇਹ ਇਕ ਇਤਿਹਾਸਕ ਅਮੈਂਡਮੈਂਟ ਹੈ। ਪੰਜਾਬ ਕੋਆਪਰੇਟਿਵ ਸੁਸਾਇਟੀਜ਼ ਐਕਟ, 1961 ਵਿੱਚ ਸੈਕਸ਼ਨ 67 ਵਿੱਚ recovery of sum due to the Government ਵਿੱਚ ਇਕ ਅਮੈਂਡਮੈਂਟ ਕੀਤੀ ਗਈ, ਜਿਹੜੀ 67 (ਏ) ਆਈ, ਇਹ ਉਸ ਵੇਲੇ ਆਈ, ਉਸ ਵੇਲੇ ਅਫਸਰਾਂ ਨੂੰ ਇਹ ਪਾਵਰਜ਼ ਦਿੱਤੀਆਂ ਗਈਆਂ, ਜਿਸ ਵੇਲੇ ਸਰਦਾਰ ਪਰਕਾਸ਼ ਸਿੰਘ

[ ਸੰਸਦੀ ਮਾਮਲੇ ਮੰਤਰੀ ]

ਬਾਦਲ ਦੀ ਸਰਕਾਰ ਸੀ। ਇਹ ਜਿਹੜੇ ਫਾਰਮਰਜ਼ ਦੀ, ਉਨ੍ਹਾਂ ਨੂੰ ਲੋਨ ਵੇਵਿੰਗ ਦੀ ਜ਼ਿਆਦਾ ਗੱਲ ਕਰਦੇ ਹਨ, ਜਿਹੜੇ ਕਹਿੰਦੇ ਹਨ ਕਿ ਅਸੀਂ ਕਿਸਾਨਾਂ ਦੀ ਪਾਰਟੀ ਹਾਂ, ਇਹ ਉਨ੍ਹਾਂ ਦੀ ਪਾਰਟੀ ਨੇ ਅਮੈਂਡਮੈਂਟ ਕਰਕੇ ਅਫਸਰਾਂ ਨੂੰ ਪਾਵਰਾਂ ਦਿੱਤੀਆਂ, ਜਿਸ ਨੂੰ ਅਸੀਂ ਅਬਾਲਿਸ਼ ਕਰਨ ਲੱਗੇ ਹਾਂ। ਸਪੀਕਰ ਸਾਹਿਬ, ਇਸ ਵਿੱਚ ਵੱਡੀ ਗੱਲ ਇਹ ਹੈ ਕਿ ਜਿਹੜੀ ਸਾਡੀ ਕੈਬਿਨਟ ਦੀ ਪਹਿਲੀ ਮੀਟਿੰਗ 18 ਤਰੀਕ ਨੂੰ ਹੋਈ, ਉਸ ਵਿੱਚ ਫੈਸਲਾ ਕੀਤਾ ਗਿਆ ਕਿ ਜਿਹੜੇ ਡ੍ਰੈਕੋਨੀਅਨ ਫੈਸਲੇ ਬਾਦਲ ਸਾਹਿਬ ਨੇ ਲਏ ਸੀ, ਉਨ੍ਹਾਂ ਨੂੰ ਅਬਾਲਿਸ਼ ਕੀਤਾ ਗਿਆ। ਮੈਂ ਕਹਿੰਦਾ ਹਾਂ ਕਿ ਜਿੰਨੀ ਜ਼ਿਆਦਾ ਖਰਾਬ ਯੂਜ਼ ਪਿਛਲੀ ਸਰਕਾਰ ਨੇ ਕੀਤੀ ਹੈ, ਜਿਹੜੇ ਕਿਸਾਨਾਂ ਦੇ ਸੁਸਾਈਡ ਦੀ ਗੱਲ ਕਰਦੇ ਹਨ, ਇਸ ਕਲਾਜ਼ ਨੂੰ ਅਫਸਰਾਂ ਵਲੋਂ ਜ਼ਿਆਦਾ ਯੂਜ਼ ਕੀਤਾ ਗਿਆ ਹੈ। ਮੇਜਰ ਰੋਲ ਜਿਹੜਾ ਅਫਸਰਾਂ ਦਾ ਹੈ ਉਹ ਇਸ ਐਕਟ ਵਿਚਲੀ ਕੁਰਕੀ ਵਾਲੀ ਕਲਾਜ਼ ਕਰਕੇ ਸਭ ਕੁਝ ਹੋਇਆ ਹੈ। ਮੈਂ ਆਪਣੀ ਪਾਰਟੀ ਕੈਬਿਨਟ ਦੇ ਸਾਥੀ, ਚੀਫ ਮਨਿਸਟਰ ਸਾਹਿਬ ਨੂੰ ਇਸ ਗੱਲ ਦੀ ਵਧਾਈ ਦਿੰਦਾ ਹਾਂ, ਜਿਨ੍ਹਾਂ ਨੇ ਇਹ ਲਿਆਂਦਾ ਹੈ। ਚੀਫ ਮਨਿਸਟਰ ਸਾਹਿਬ ਨੇ ਇਹ ਐਸ਼ਿਓਰ ਵੀ ਕੀਤਾ ਹੈ ਕਿ ਅਸੀਂ ਇਸ ਕਲਾਜ਼ ਨੂੰ ਖਤਮ ਕਰਾਂਗੇ ਅਤੇ ਇਹ ਸਟੈੱਪ ਉਸ ਪਾਸੇ ਹੈ। ਮੈਂ ਸਮਝਦਾ ਹਾਂ ਕਿ ਇਸ ਨੂੰ ਇਮੀਜੀਏਟਲੀ ਪਾਸ ਕੀਤਾ ਜਾਣਾ ਚਾਹੀਦਾ ਹੈ।

**ਮਾਨਯੋਗ ਸਪੀਕਰ :** ਪ੍ਰਸ਼ਨ ਹੈ -

ਕਿ ਪੰਜਾਬ ਸਹਿਕਾਰੀ ਸਭਾਵਾਂ (ਸੋਧਨਾ) ਬਿਲ, 2017 ਤੇ ਤੁਰੰਤ ਵਿਚਾਰ ਕੀਤਾ ਜਾਵੇ।

***ਪ੍ਰਸਤਾਵ ਸਰਬਸੰਮਤੀ ਨਾਲ ਪ੍ਰਵਾਨ ਹੋਇਆ।***

**ਮਾਨਯੋਗ ਸਪੀਕਰ :** ਹੁਣ ਸਦਨ ਬਿਲ ਤੇ ਕਲਾਜ਼-ਵਾਰ ਵਿਚਾਰ ਕਰੇਗਾ।

**ਕਲਾਜ਼ 1 ਦੀ ਸਬ-ਕਲਾਜ਼ (2)**

**ਮਾਨਯੋਗ ਸਪੀਕਰ :** ਪ੍ਰਸ਼ਨ ਹੈ -

ਕਿ ਕਲਾਜ਼ 1 ਦੀ ਸਬ-ਕਲਾਜ਼ (2) ਬਿਲ ਦਾ ਹਿੱਸਾ ਹੈ।

***ਪ੍ਰਸਤਾਵ ਪ੍ਰਵਾਨ ਹੋਇਆ।***

**ਕਲਾਜ਼ 2**

**ਮਾਨਯੋਗ ਸਪੀਕਰ :** ਪ੍ਰਸ਼ਨ ਹੈ -

ਕਿ ਕਲਾਜ਼ 2 ਬਿਲ ਦਾ ਹਿੱਸਾ ਹੈ।

***ਪ੍ਰਸਤਾਵ ਸਰਬਸੰਮਤੀ ਨਾਲ ਪ੍ਰਵਾਨ ਹੋਇਆ।***

**ਕਲਾਜ਼ 1 ਦੀ ਸਬ-ਕਲਾਜ਼ (1)**

**ਮਾਨਯੋਗ ਸਪੀਕਰ :** ਪ੍ਰਸ਼ਨ ਹੈ -

ਕਿ ਕਲਾਜ਼ 1 ਦੀ ਸਬ-ਕਲਾਜ਼ (1) ਬਿਲ ਦਾ ਹਿੱਸਾ ਹੈ।

***ਪ੍ਰਸਤਾਵ ਪ੍ਰਵਾਨ ਹੋਇਆ।***

**ਸਿਰਲੇਖ**

**ਮਾਨਯੋਗ ਸਪੀਕਰ :** ਪ੍ਰਸ਼ਨ ਹੈ -

ਕਿ ਸਿਰਲੇਖ ਬਿਲ ਦਾ ਸਿਰਲੇਖ ਬਣੇ।

***ਪ੍ਰਸਤਾਵ ਪ੍ਰਵਾਨ ਹੋਇਆ।***

**ਮਾਨਯੋਗ ਸਪੀਕਰ :** ਹੁਣ ਸੰਸਦੀ ਮਾਮਲੇ ਮੰਤਰੀ ਪ੍ਰਸਤਾਵ ਕਰਨਗੇ ਕਿ ਬਿਲ ਪਾਸ ਕੀਤਾ ਜਾਵੇ।

**Health & Family Welfare and Research & Medical Education and Parliamentary Affairs Minister (Shri Brahm Mohindra) :** Sir, I beg to move -

That the Punjab Co-operative Societies (Amendment) Bill, 2017 be passed.

**ਮਾਨਯੋਗ ਸਪੀਕਰ :** ਪ੍ਰਸਤਾਵ ਕੀਤਾ -

ਕਿ ਪੰਜਾਬ ਸਹਿਕਾਰੀ ਸਭਾਵਾਂ (ਸੋਧਨਾ) ਬਿਲ, 2017 ਪਾਸ ਕੀਤਾ ਜਾਵੇ।

**ਮਾਨਯੋਗ ਸਪੀਕਰ :** ਪ੍ਰਸ਼ਨ ਹੈ -

ਕਿ ਪੰਜਾਬ ਸਹਿਕਾਰੀ ਸਭਾਵਾਂ (ਸੋਧਨਾ) ਬਿਲ, 2017 ਪਾਸ ਕੀਤਾ ਜਾਵੇ।

***ਪ੍ਰਸਤਾਵ ਪ੍ਰਵਾਨ ਹੋਇਆ।***

-----

**Welcome Announcement**

**ਮਾਨਯੋਗ ਸਪੀਕਰ :** ਅੱਜ ਸਰਦਾਰ ਗੁਰਜੀਤ ਸਿੰਘ ਔਜਲਾ, ਮਾਨਯੋਗ ਮੈਂਬਰ ਪਾਰਲੀਮੈਂਟ ਸਦਨ ਦੀ ਕਾਰਵਾਈ ਵੇਖਣ ਆਏ ਹਨ। ਮੈਂ ਸਮੂਹ ਮੈਂਬਰ ਸਾਹਿਬਾਨ ਵੱਲੋਂ ਉਨ੍ਹਾਂ ਦਾ ਸਵਾਗਤ ਕਰਦਾ ਹਾਂ। (ਥੰਪਿੰਗ)।

-----

**LEGISLATIVE BUSINESS *(Resumption)***

**3. THE PUNJAB AGRICULTURAL PRODUCE MARKETS (AMENDMENT) BILL, 2017 *(Replacing Ordinance)***

**ਮਾਨਯੋਗ ਸਪੀਕਰ :** ਅਗਲਾ ਬਿਲ ਪੰਜਾਬ ਜ਼ਰਾਇਤੀ ਪੈਦਾਵਾਰ ਦੀਆਂ ਮੰਡੀਆਂ (ਸੋਧਨਾ) ਬਿਲ, 2017 ਸੰਸਦੀ ਮਾਮਲੇ ਮੰਤਰੀ ਪੇਸ਼ ਕਰਨ।

**Health & Family Welfare and Research & Medical Education and Parliamentary Affairs Minister (Shri Brahm Mohindra):** Sir, I beg to introduce The Punjab Agricultural Produce Markets (Amendment) Bill, 2017.

Sir, I also beg to move -

That The Punjab Agricultural Produce Markets (Amendment) Bill, 2017 be taken into consideration at once.

**ਮਾਨਯੋਗ ਸਪੀਕਰ:** ਪ੍ਰਸਤਾਵ ਕੀਤਾ–

ਕਿ ਪੰਜਾਬ ਜ਼ਰਾਇਤੀ ਪੈਦਾਵਾਰ ਦੀਆਂ ਮੰਡੀਆਂ (ਸੋਧਨਾ) ਬਿਲ, 2017 ਤੇ ਤੁਰੰਤ ਵਿਚਾਰ ਕੀਤਾ ਜਾਵੇ।

ਬਹਿਸ, ਮੰਤਰੀ ਜੀ, ਤੁਸੀਂ ਇਸ ਤੇ ਕੁਝ ਕਹਿਣਾ ਚਾਹੁੰਦੇ ਹੋ?

**Health & Family Welfare and Research & Medical Education and Parliamentary Affairs Minister (Shri Brahm Mohindra):** Speaker Sahib, this Bill is aimed at supersession of all the Market Committees constituted by way of nomination under section 12 of the Punjab Agricultural Produce Markets Act, 1961, for a year in order to implement government policies and programmes at a faster pace. This amendment will ensure smooth transition and functioning of the Committees till these are re-constituted. Sir, the amendment further aims at ensuring that with the amendment of the status there, I think that the policies of the present day government will be properly implemented. Thank you Sir.

**ਮਾਨਯੋਗ ਸਪੀਕਰ :** ਪ੍ਰਸ਼ਨ ਹੈ–

ਕਿ ਪੰਜਾਬ ਜ਼ਰਾਇਤੀ ਪੈਦਾਵਾਰ ਦੀਆਂ ਮੰਡੀਆਂ (ਸੋਧਨਾ) ਬਿਲ, 2017 ਤੇ ਤੁਰੰਤ ਵਿਚਾਰ ਕੀਤਾ ਜਾਵੇ।

***ਪ੍ਰਸਤਾਵ ਪ੍ਰਵਾਨ ਹੋਇਆ।***

**ਮਾਨਯੋਗ ਸਪੀਕਰ :** ਹੁਣ ਸਦਨ ਬਿਲ ਤੇ ਕਲਾਜ਼-ਵਾਰ ਵਿਚਾਰ ਕਰੇਗਾ।

**ਕਲਾਜ਼ 1 ਦੀ ਸਬ-ਕਲਾਜ਼ (2)**

**ਮਾਨਯੋਗ ਸਪੀਕਰ :** ਪ੍ਰਸ਼ਨ ਹੈ-

ਕਿ ਕਲਾਜ਼ 1 ਦੀ ਸਬ-ਕਲਾਜ਼ (2) ਬਿਲ ਦਾ ਹਿੱਸਾ ਹੈ।

***ਪ੍ਰਸਤਾਵ ਪ੍ਰਵਾਨ ਹੋਇਆ।***

**ਕਲਾਜ਼ਾਂ 2 ਅਤੇ 3**

**ਮਾਨਯੋਗ ਸਪੀਕਰ :** ਕਿਉਂਜੋ ਕਲਾਜ਼ਾਂ 2 ਅਤੇ 3 ਵਿੱਚ ਕੋਈ ਸੋਧਨਾ ਨਹੀਂ ਹੈ, ਜੇਕਰ ਸਦਨ ਦੀ ਸਹਿਮਤੀ ਹੋਵੇ ਤਾਂ ਇਹ ਕਲਾਜ਼ਾਂ ਇਕੱਠੀਆਂ ਹੀ ਸਦਨ ਦੀ ਵੋਟਿੰਗ ਲਈ ਰੱਖ ਦਿੱਤੀਆਂ ਜਾਣ?

(**ਅਵਾਜ਼ਾਂ:** ਹਾਂ ਜੀ, ਹਾਂ ਜੀ।)

**ਮਾਨਯੋਗ ਸਪੀਕਰ:** ਪ੍ਰਸ਼ਨ ਹੈ-

ਕਿ ਕਲਾਜ਼ਾਂ 2 ਅਤੇ 3 ਬਿਲ ਦਾ ਹਿੱਸਾ ਹਨ।

***ਪ੍ਰਸਤਾਵ ਸਰਬਸੰਮਤੀ ਨਾਲ ਪ੍ਰਵਾਨ ਹੋਇਆ।***

**ਕਲਾਜ਼ 1 ਦੀ ਸਬ-ਕਲਾਜ਼ (1)**

**ਮਾਨਯੋਗ ਸਪੀਕਰ :** ਪ੍ਰਸ਼ਨ ਹੈ-

ਕਿ ਕਲਾਜ਼ 1 ਦੀ ਸਬ-ਕਲਾਜ਼ (1) ਬਿਲ ਦਾ ਹਿੱਸਾ ਹੈ।

***ਪ੍ਰਸਤਾਵ ਪ੍ਰਵਾਨ ਹੋਇਆ।***

**ਸਿਰਲੇਖ**

**ਮਾਨਯੋਗ ਸਪੀਕਰ :** ਪ੍ਰਸ਼ਨ ਹੈ-

ਕਿ ਸਿਰਲੇਖ ਬਿਲ ਦਾ ਸਿਰਲੇਖ ਬਣੇ।

***ਪ੍ਰਸਤਾਵ ਪ੍ਰਵਾਨ ਹੋਇਆ।***

**ਮਾਨਯੋਗ ਸਪੀਕਰ:** ਸੰਸਦੀ ਮਾਮਲੇ ਮੰਤਰੀ ਬਿਲ ਪਾਸ ਕਰਨ ਲਈ ਪ੍ਰਸਤਾਵ ਪੇਸ਼ ਕਰਨ।

**Health & Family Welfare and Research & Medical Education and Parliamentary Affairs Minister (Shri Brahm Mohindra):** Sir, I beg to move -

That The Punjab Agricultural Produce Markets (Amendment) Bill, 2017 be passed.

**ਮਾਨਯੋਗ ਸਪੀਕਰ :** ਪ੍ਰਸਤਾਵ ਕੀਤਾ-

ਕਿ ਪੰਜਾਬ ਜ਼ਰਾਇਤੀ ਪੈਦਾਵਾਰ ਦੀਆਂ ਮੰਡੀਆਂ (ਸੋਧਨਾ) ਬਿਲ, 2017 ਪਾਸ ਕੀਤਾ ਜਾਵੇ।

**ਮਾਨਯੋਗ ਸਪੀਕਰ :** ਪ੍ਰਸ਼ਨ ਹੈ-

ਕਿ ਪੰਜਾਬ ਜ਼ਰਾਇਤੀ ਪੈਦਾਵਾਰ ਦੀਆਂ ਮੰਡੀਆਂ (ਸੋਧਨਾ) ਬਿਲ, 2017 ਪਾਸ ਕੀਤਾ ਜਾਵੇ।

***ਪ੍ਰਸਤਾਵ ਸਰਬਸੰਮਤੀ ਨਾਲ ਪ੍ਰਵਾਨ ਹੋਇਆ।***

-----

## 4. THE PUNJAB PANCHAYATI RAJ (AMENDMENT) BILL, 2017

**ਮਾਨਯੋਗ ਸਪੀਕਰ :** ਸਰਦਾਰ ਤ੍ਰਿਪਤ ਰਜਿੰਦਰ ਸਿੰਘ ਬਾਜਵਾ, ਪੰਚਾਇਤ ਮੰਤਰੀ ਜੀ ਬਿਲ ਪੇਸ਼ ਕਰਨ।

**ਦਿਹਾਤੀ ਵਿਕਾਸ ਤੇ ਪੰਚਾਇਤਾਂ, ਜਲ ਸਪਲਾਈ ਅਤੇ ਸੈਨੀਟੇਸ਼ਨ ਮੰਤਰੀ (ਸਰਦਾਰ ਤ੍ਰਿਪਤ ਰਜਿੰਦਰ ਸਿੰਘ ਬਾਜਵਾ) :** ਸ਼੍ਰੀਮਾਨ ਜੀ, ਮੈਂ ਪੰਜਾਬ ਪੰਚਾਇਤੀ ਰਾਜ (ਸੋਧਨਾ) ਬਿਲ, 2017 ਪੇਸ਼ ਕਰਦਾ ਹਾਂ।

ਸ਼੍ਰੀਮਾਨ ਜੀ, ਮੈਂ ਇਹ ਵੀ ਪ੍ਰਸਤਾਵ ਕਰਦਾ ਹਾਂ -

ਕਿ ਪੰਜਾਬ ਪੰਚਾਇਤੀ ਰਾਜ (ਸੋਧਨਾ) ਬਿਲ, 2017 ਤੇ ਤੁਰੰਤ ਵਿਚਾਰ ਕੀਤਾ ਜਾਵੇ।

**ਮਾਨਯੋਗ ਸਪੀਕਰ :** ਪ੍ਰਸਤਾਵ ਕੀਤਾ -

ਕਿ ਪੰਜਾਬ ਪੰਚਾਇਤੀ ਰਾਜ (ਸੋਧਨਾ) ਬਿਲ, 2017 ਤੇ ਤੁਰੰਤ ਵਿਚਾਰ ਕੀਤਾ ਜਾਵੇ।

ਬਹਿਸ, ਜੇਕਰ ਕੋਈ ਹੋਵੇ?

(ਇਸ ਸਮੇਂ ਕੋਈ ਮੈਂਬਰ ਬਹਿਸ ਕਰਨ ਲਈ ਖੜ੍ਹਾ ਨਹੀਂ ਹੋਇਆ।)

**ਮਾਨਯੋਗ ਸਪੀਕਰ :** ਪ੍ਰਸ਼ਨ ਹੈ -

ਕਿ ਪੰਜਾਬ ਪੰਚਾਇਤੀ ਰਾਜ (ਸੋਧਨਾ) ਬਿਲ, 2017 ਤੇ ਤੁਰੰਤ ਵਿਚਾਰ ਕੀਤਾ ਜਾਵੇ।

***ਪ੍ਰਸਤਾਵ ਪ੍ਰਵਾਨ ਹੋਇਆ।***

**ਮਾਨਯੋਗ ਸਪੀਕਰ :** ਹੁਣ ਸਦਨ ਬਿਲ ਤੇ ਕਲਾਜ਼-ਵਾਰ ਵਿਚਾਰ ਕਰੇਗਾ।

**ਕਲਾਜ਼ 1 ਦੀ ਸਬ-ਕਲਾਜ਼ (2)**

**ਮਾਨਯੋਗ ਸਪੀਕਰ :** ਪ੍ਰਸ਼ਨ ਹੈ -

ਕਿ ਕਲਾਜ਼ 1 ਦੀ ਸਬ-ਕਲਾਜ਼ (2) ਬਿਲ ਦਾ ਹਿੱਸਾ ਹੈ।

***ਪ੍ਰਸਤਾਵ ਪ੍ਰਵਾਨ ਹੋਇਆ।***

**ਕਲਾਜ਼ਾਂ 2 ਤੋਂ 7**

**ਮਾਨਯੋਗ ਸਪੀਕਰ :** ਕਿਉਂਜੋ ਕਲਾਜ਼ਾਂ 2 ਤੋਂ 7 ਤੱਕ ਕੋਈ ਸੋਧਨਾ ਨਹੀਂ ਹੈ, ਜੇਕਰ ਸਦਨ ਦੀ ਸਹਿਮਤੀ ਹੋਵੇ ਤਾਂ ਇਹ ਕਲਾਜ਼ਾਂ ਇਕੱਠੀਆਂ ਹੀ ਸਦਨ ਦੀ ਵੋਟ ਲਈ ਰੱਖ ਦਿੱਤੀਆਂ ਜਾਣ?

(**ਅਵਾਜ਼ਾਂ** : ਹਾਂ ਜੀ, ਹਾਂ ਜੀ।)

**ਮਾਨਯੋਗ ਸਪੀਕਰ :** ਪ੍ਰਸ਼ਨ ਹੈ -

ਕਿ ਕਲਾਜ਼ਾਂ 2 ਤੋਂ 7 ਬਿਲ ਦਾ ਹਿੱਸਾ ਹਨ।

***ਪ੍ਰਸਤਾਵ ਪ੍ਰਵਾਨ ਹੋਇਆ।***

**ਕਲਾਜ਼ 1 ਦੀ ਸਬ-ਕਲਾਜ਼ (1)**

**ਮਾਨਯੋਗ ਸਪੀਕਰ :** ਪ੍ਰਸ਼ਨ ਹੈ -

ਕਿ ਕਲਾਜ਼ 1 ਦੀ ਸਬ-ਕਲਾਜ਼ (1) ਬਿਲ ਦਾ ਹਿੱਸਾ ਹੈ।

***ਪ੍ਰਸਤਾਵ ਸਰਬਸੰਮਤੀ ਨਾਲ ਪ੍ਰਵਾਨ ਹੋਇਆ।***

**ਸਿਰਲੇਖ**

**ਮਾਨਯੋਗ ਸਪੀਕਰ :** ਪ੍ਰਸ਼ਨ ਹੈ -

ਕਿ ਸਿਰਲੇਖ ਬਿਲ ਦਾ ਸਿਰਲੇਖ ਬਣੇ।

***ਪ੍ਰਸਤਾਵ ਪ੍ਰਵਾਨ ਹੋਇਆ।***

**ਮਾਨਯੋਗ ਸਪੀਕਰ :** ਹੁਣ ਮੰਤਰੀ ਸਾਹਿਬ ਪ੍ਰਸਤਾਵ ਕਰਨਗੇ ਕਿ ਬਿਲ ਪਾਸ ਕੀਤਾ ਜਾਵੇ।

**ਦਿਹਾਤੀ ਵਿਕਾਸ ਤੇ ਪੰਚਾਇਤਾਂ, ਜਲ ਸਪਲਾਈ ਅਤੇ ਸੈਨੀਟੇਸ਼ਨ ਮੰਤਰੀ (ਸਰਦਾਰ ਤ੍ਰਿਪਤ ਰਜਿੰਦਰ ਸਿੰਘ ਬਾਜਵਾ) :** ਸ਼੍ਰੀਮਾਨ ਜੀ, ਮੈਂ ਪ੍ਰਸਤਾਵ ਕਰਦਾ ਹਾਂ -

ਕਿ ਪੰਜਾਬ ਪੰਚਾਇਤੀ ਰਾਜ (ਸੋਧਨਾ) ਬਿਲ, 2017 ਪਾਸ ਕੀਤਾ ਜਾਵੇ।

**ਮਾਨਯੋਗ ਸਪੀਕਰ :** ਪ੍ਰਸਤਾਵ ਕੀਤਾ -

[ ਮਾਨਯੋਗ ਸਪੀਕਰ ]

ਕਿ ਪੰਜਾਬ ਪੰਚਾਇਤੀ ਰਾਜ (ਸੋਧਨਾ) ਬਿਲ, 2017, ਪਾਸ ਕੀਤਾ ਜਾਵੇ।

**ਮਾਨਯੋਗ ਸਪੀਕਰ :** ਪ੍ਰਸ਼ਨ ਹੈ –

ਕਿ ਪੰਜਾਬ ਪੰਚਾਇਤੀ ਰਾਜ (ਸੋਧਨਾ) ਬਿਲ, 2017, ਪਾਸ ਕੀਤਾ ਜਾਵੇ।

***ਪ੍ਰਸਤਾਵ ਪ੍ਰਵਾਨ ਹੋਇਆ।***

-----

## 5. THE PUNJAB MUNICIPAL (AMENDMENT) BILL, 2017

**ਮਾਨਯੋਗ ਸਪੀਕਰ :** ਸਰਦਾਰ ਨਵਜੋਤ ਸਿੰਘ ਸਿੱਧੂ, ਸਥਾਨਕ ਸਰਕਾਰ ਮੰਤਰੀ ਜੀ ਬਿਲ ਪੇਸ਼ ਕਰਨ।

**Local Government and Tourism and Cultural Affairs, Archives and Museums Minister (Sardar Navjot Singh Sidhu):** Sir, I beg to introduce The Punjab Municipal (Amendment) Bill, 2017.

Sir, I also beg to move -

That The Punjab Municipal (Amendment) Bill, 2017 be taken into consideration at once.

**ਮਾਨਯੋਗ ਸਪੀਕਰ :** ਪ੍ਰਸਤਾਵ ਕੀਤਾ –

ਕਿ ਪੰਜਾਬ ਮਿਉਂਸਿਪਲ (ਸੋਧਨਾ) ਬਿਲ, 2017 ਤੇ ਤੁਰੰਤ ਵਿਚਾਰ ਕੀਤਾ ਜਾਵੇ।

ਬਹਿਸ, ਹਾਂ ਜੀ, ਸਿੱਧੂ ਸਾਹਿਬ ਜੀ।

**ਸਥਾਨਕ ਸਰਕਾਰ ਮੰਤਰੀ (ਸਰਦਾਰ ਨਵਜੋਤ ਸਿੰਘ ਸਿੱਧੂ):** ਸਪੀਕਰ ਸਾਹਿਬ, ਇਹ ਇਤਿਹਾਸਕ ਦਿਨ ਹੈ ਕਿਉਂਕਿ ਜਦੋਂ ਸੰਵਿਧਾਨ ਰਚਿਆ ਗਿਆ ਸੀ, ਉਸ ਦੀ ਜਿਹੜੀ ਸਪਿਰਟ ਸੀ, ਜਿਹੜਾ ਜਜ਼ਬਾ ਸੀ, ਉਹ ਇਹ ਸੀ ਕਿ ਕਿਸੇ ਨਾਲ ਕੋਈ ਪੱਖਪਾਤ ਨਹੀਂ ਹੋਵੇਗਾ No discrimination on the basis of caste, colour and creed. ਅੱਜ ਇਤਿਹਾਸ ਗਵਾਹ ਹੈ ਕਿ ਕੈਪਟਨ ਅਮਰਿੰਦਰ ਸਿੰਘ ਜੀ ਦੀ ਸਰਕਾਰ ਨੇ ਪਹਿਲੀ ਵਾਰ ਔਰਤਾਂ ਨੂੰ ਮਿਉਂਸਿਪਲ ਕਾਰਪੋਰੇਸ਼ਨਾਂ ਵਿਚ ਬਰਾਬਰੀ ਦਾ ਹਿੱਸਾ ਦਿੱਤਾ ਹੈ। (ਟਰੈਜ਼ਰੀ ਬੈਂਚਿਜ਼ ਵਲੋਂ ਥੰਪਿੰਗ) ਬਹੁਤ ਬਹੁਤ ਧੰਨਵਾਦ।

**ਸਰਦਾਰ ਕੁਲਜੀਤ ਸਿੰਘ ਨਾਗਰਾ:** ਸਪੀਕਰ ਸਾਹਿਬ......

**ਮਾਨਯੋਗ ਸਪੀਕਰ:** ਬੈਠੋ ਜੀ, ਬੈਠੋ।

**ਸਰਦਾਰ ਕੁਲਜੀਤ ਸਿੰਘ ਨਾਗਰਾ:** ਸਪੀਕਰ ਸਾਹਿਬ, ਜ਼ਰੂਰੀ ਗੱਲ ਹੈ ਜੀ, ਪਾਰਟੀ ਦੀ

ਗੱਲ ਕਰਨੀ ਹੈ।

**ਮਾਨਯੋਗ ਸਪੀਕਰ :** ਪਾਰਟੀ ਦੀ ਗੱਲ ਕਰਨੀ ਹੈ ਜਾਂ ਬਿਲ ਤੇ ਗੱਲ ਕਰਨੀ ਹੈ। ਬਿਲ ਤੇ ਗੱਲ ਕਰ ਸਕਦੇ ਹੋ, ਪਾਰਟੀ ਦੀ ਗੱਲ ਨਹੀਂ ਕਰਨੀ।

**ਸਰਦਾਰ ਕੁਲਜੀਤ ਸਿੰਘ ਨਾਗਰਾ :** ਹਾਂ ਜੀ, ਬਿਲ ਬਾਰੇ ਗੱਲ ਕਰਨੀ ਹੈ।

**ਮਾਨਯੋਗ ਸਪੀਕਰ :** ਸੇਮ ਬਿਲ ਅੱਗੇ ਆ ਰਿਹਾ ਹੈ ਤੁਸੀਂ ਉਸ ਤੇ ਬੋਲ ਲੈਣਾ।

**ਸਰਦਾਰ ਕੁਲਜੀਤ ਸਿੰਘ ਨਾਗਰਾ :** ਠੀਕ ਹੈ ਜੀ।

**ਮਾਨਯੋਗ ਸਪੀਕਰ :** ਪ੍ਰਸ਼ਨ ਹੈ –

ਕਿ ਪੰਜਾਬ ਮਿਉਂਸਿਪਲ (ਸੋਧਨਾ) ਬਿਲ, 2017 ਤੇ ਤੁਰੰਤ ਵਿਚਾਰ ਕੀਤਾ ਜਾਵੇ।

***ਪ੍ਰਸਤਾਵ ਪ੍ਰਵਾਨ ਹੋਇਆ।***

**ਮਾਨਯੋਗ ਸਪੀਕਰ:** ਹੁਣ ਸਦਨ ਬਿਲ ਤੇ ਕਲਾਜ਼-ਵਾਰ ਵਿਚਾਰ ਕਰੇਗਾ।

**ਕਲਾਜ਼ 1 ਦੀ ਸਬ-ਕਲਾਜ਼ (2)**

**ਮਾਨਯੋਗ ਸਪੀਕਰ :** ਪ੍ਰਸ਼ਨ ਹੈ-

ਕਿ ਕਲਾਜ਼ 1 ਦੀ ਸਬ-ਕਲਾਜ਼ (2) ਬਿਲ ਦਾ ਹਿੱਸਾ ਹੈ।

***ਪ੍ਰਸਤਾਵ ਪ੍ਰਵਾਨ ਹੋਇਆ।***

**ਕਲਾਜ਼ 2**

**ਮਾਨਯੋਗ ਸਪੀਕਰ:** ਪ੍ਰਸ਼ਨ ਹੈ-

ਕਿ ਕਲਾਜ਼ 2 ਬਿਲ ਦਾ ਹਿੱਸਾ ਹੈ।

***ਪ੍ਰਸਤਾਵ ਪ੍ਰਵਾਨ ਹੋਇਆ।***

**ਕਲਾਜ਼ 1 ਦੀ ਸਬ-ਕਲਾਜ਼ (1)**

**ਮਾਨਯੋਗ ਸਪੀਕਰ :** ਪ੍ਰਸ਼ਨ ਹੈ-

ਕਿ ਕਲਾਜ਼ 1 ਦੀ ਸਬ-ਕਲਾਜ਼ (1) ਬਿਲ ਦਾ ਹਿੱਸਾ ਹੈ।

***ਪ੍ਰਸਤਾਵ ਪ੍ਰਵਾਨ ਹੋਇਆ।***

**ਸਿਰਲੇਖ**

**ਮਾਨਯੋਗ ਸਪੀਕਰ:** ਪ੍ਰਸ਼ਨ ਹੈ-

ਕਿ ਸਿਰਲੇਖ ਬਿਲ ਦਾ ਸਿਰਲੇਖ ਬਣੇ।

***ਪ੍ਰਸਤਾਵ ਪ੍ਰਵਾਨ ਹੋਇਆ।***

**ਮਾਨਯੋਗ ਸਪੀਕਰ :** ਹੁਣ ਮੰਤਰੀ ਸਾਹਿਬ ਪ੍ਰਸਤਾਵ ਕਰਨਗੇ ਕਿ ਬਿਲ ਪਾਸ ਕੀਤਾ ਜਾਵੇ।

**Local Government and Tourism and Cultural Affairs, Archives and Museums Minister (Sardar Navjot Singh Sidhu):** Sir, I beg to move-

That The Punjab Municipal (Amendment) Bill, 2017 be passed.

**ਮਾਨਯੋਗ ਸਪੀਕਰ :** ਪ੍ਰਸਤਾਵ ਕੀਤਾ-

ਕਿ ਪੰਜਾਬ ਮਿਉਂਸਿਪਲ (ਸੋਧਨਾ) ਬਿਲ, 2017 ਪਾਸ ਕੀਤਾ ਜਾਵੇ।

**ਮਾਨਯੋਗ ਸਪੀਕਰ :** ਪ੍ਰਸ਼ਨ ਹੈ-

ਕਿ ਪੰਜਾਬ ਮਿਉਂਸਿਪਲ (ਸੋਧਨਾ) ਬਿਲ, 2017 ਪਾਸ ਕੀਤਾ ਜਾਵੇ।

***ਪ੍ਰਸਤਾਵ ਸਰਬਸੰਮਤੀ ਨਾਲ ਪ੍ਰਵਾਨ ਹੋਇਆ।***

-----

## 6. THE PUNJAB MUNICIPAL CORPORATION (AMENDMENT) BILL, 2017

**ਮਾਨਯੋਗ ਸਪੀਕਰ :** ਸਰਦਾਰ ਨਵਜੋਤ ਸਿੰਘ ਸਿੱਧੂ ਜੀ, ਬਿਲ ਪੇਸ਼ ਕਰਨ।

**Local Government and Tourism and Cultural Affairs, Archives and Museums Minister (Sardar Navjot Singh Sidhu):** Sir, I beg to introduce The Punjab Municipal Corporation (Amendment) Bill, 2017.

Sir, I also beg to move -

That The Punjab Municipal Corporation (Amendment) Bill, 2017 be taken into consideration at once.

**ਮਾਨਯੋਗ ਸਪੀਕਰ :** ਪ੍ਰਸਤਾਵ ਕੀਤਾ -

ਕਿ ਪੰਜਾਬ ਮਿਉਂਸਿਪਲ ਕਾਰਪੋਰੇਸ਼ਨ (ਸੋਧਨਾ) ਬਿਲ, 2017 ਤੇ ਤੁਰੰਤ ਵਿਚਾਰ ਕੀਤਾ ਜਾਵੇ।

ਬਹਿਸ, ਹਾਂ ਜੀ, ਨਾਗਰਾ ਸਾਹਿਬ ਜੀ।

**ਸਰਦਾਰ ਕੁਲਜੀਤ ਸਿੰਘ ਨਾਗਰਾ (ਫਤਹਿਗੜ੍ਹ ਸਾਹਿਬ) :** ਸਪੀਕਰ ਸਾਹਿਬ, ਮੈਂ ਤੁਹਾਡਾ ਬੜਾ ਧੰਨਵਾਦ ਕਰਦਾ ਹਾਂ ਕਿ ਤੁਸੀਂ ਮੈਨੂੰ ਪੰਜਾਬ ਮਿਉਂਸਿਪਲ ਕਾਰਪੋਰੇਸ਼ਨ ਅਮੈਂਡਮੈਂਟ ਬਿਲ, 2017 ਤੇ ਬੋਲਣ ਦਾ ਮੌਕਾ ਦਿੱਤਾ ਹੈ। ਸਪੀਕਰ ਸਾਹਿਬ, ਹਿੰਦੁਸਤਾਨ ਦੇ ਇਤਿਹਾਸ ਵਿੱਚ ਇਹ ਇੱਕ ਸੁਨਹਿਰਾ ਦਿਨ ਹੈ, ਜਦੋਂ ਕਾਂਗਰਸ ਪਾਰਟੀ ਦੇ ਸਾਡੇ

ਸਤਿਕਾਰਯੋਗ ਪ੍ਰਧਾਨ, ਸ਼੍ਰੀਮਤੀ ਸੋਨੀਆ ਗਾਂਧੀ ਜੀ ਜਿਨ੍ਹਾਂ ਨੇ ਬਹੁਤ ਪਹਿਲਾਂ ਤੋਂ ਇਹ ਗੱਲ ਕਹੀ ਸੀ ਕਿ ਅਸੀਂ ਔਰਤਾਂ ਨੂੰ ਅਧਿਕਾਰਾਂ ਦੇ ਵਿੱਚ ਇਕੱਲੀਆਂ ਗੱਲਾਂ ਦੇ ਨਾਲ ਨਹੀਂ ਬਲਕਿ ਅਮਲੀ ਰੂਪ ਵਿੱਚ ਜਦੋਂ ਤੱਕ ਨਹੀਂ ਦਿਆਂਗੇ, ਉਦੋਂ ਤੱਕ ਸਮਾਜ ਦੀ ਸੰਪੂਰਨ ਤਰੱਕੀ ਨਹੀਂ ਹੋ ਸਕਦੀ। ਇਸ ਗੱਲ ਦੀ ਮੈਂ ਸਾਡੇ ਸਤਿਕਾਰਯੋਗ ਮੁੱਖ ਮੰਤਰੀ, ਕੈਪਟਨ ਅਮਰਿੰਦਰ ਸਿੰਘ ਜੀ ਨੂੰ ਵਧਾਈ ਦੇਣੀ ਚਾਹੁੰਦਾ ਹਾਂ ਕਿ ਉਨ੍ਹਾਂ ਨੇ ਪੰਜਾਬ ਵਿੱਚ ਪਹਿਲੇ ਸੂਬੇ ਦੇ ਵਜੋਂ ਇਸ ਗੱਲ ਲਈ ਪਹਿਲ ਕੀਤੀ ਹੈ ਕਿ ਸਾਰੀਆਂ ਸੰਸਥਾਵਾਂ ਪੰਚਾਇਤੀ ਰਾਜ ਮਿਉਂਸਿਪਲ ਕਮੇਟੀਆਂ ਅਤੇ ਮਿਉਂਸਿਪਲ ਕਾਰਪੋਰੇਸ਼ਨਾਂ ਵਿੱਚ 50% ਦੀ ਰਿਜ਼ਰਵੇਸ਼ਨ ਕਰਕੇ ਇੱਕ ਸੁਚੱਜੀ ਸੋਚ ਦਾ ਪ੍ਰਮਾਣ ਦਿੱਤਾ ਹੈ। ਸਪੀਕਰ ਸਾਹਿਬ, ਮੈਂ ਸਮਝਦਾ ਹਾਂ ਕਿ ਇਹ ਪੰਜਾਬ ਮੂਹਰਲੀ ਸਟੇਟ ਹੋ ਕੇ ਹਿੰਦੁਸਤਾਨ ਵਿੱਚ ਇਸ ਗੱਲ ਦਾ ਇੱਕ ਸੁਨੇਹਾ ਦੇਵੇਗਾ ਜਿਵੇ ਂ ਕਿ ਕਰਜ਼ੇ ਮੁਆਫੀ ਦਾ ਗਿਆ ਹੈ। ਜਿਸ ਦਿਨ ਤੁਹਾਡੇ ਇਸ ਪਵਿੱਤਰ ਸਦਨ ਨੇ ਕਿਸਾਨਾਂ ਦਾ ਕਰਜ਼ਾ ਮੁਆਫ ਕੀਤਾ ਤਾਂ ਤੁਹਾਡੀਆਂ ਪੈੜ੍ਹਾਂ ਤੇ ਚੱਲਦੇ ਹੋਏ ਹੀ ਕਰਨਾਟਕ ਦੀ ਸਰਕਾਰ ਨੇ ਕਿਸਾਨਾਂ ਦੇ ਕਰਜ਼ੇ ਦੇ ਉੱਤੇ ਲੀਕ ਮਾਰੀ। ਅੱਜ ਜਿਹੜੀ ਔਰਤਾਂ ਨੂੰ ਰਿਜ਼ਰਵੇ ਸ਼ਨ ਦਿੱਤੀ ਹੈ, ਇਸ ਨਾਲ ਮੈਂ ਸਮਝਦਾ ਹਾਂ ਕਿ ਇੱਕ ਸੁਨੇਹਾ ਪੂਰੇ ਭਾਰਤ ਵਿੱਚ ਜਾਵੇਗਾ । ਮੈਂ ਇਸ ਗੱਲ ਲਈ ਮੁੱਖ ਮੰਤਰੀ ਸਾਹਿਬ, ਮੰਤਰੀ ਸਾਹਿਬ ਅਤੇ ਸਰਕਾਰ ਨੂੰ ਵਧਾਈ ਦਿੰਦਾ ਹਾਂ ਅਤੇ ਇਸ ਦਾ ਸਮਰਥਨ ਕਰਦਾ ਹਾਂ। ਧੰਨਵਾਦ।

**ਮਾਨਯੋਗ ਸਪੀਕਰ :** ਹਾਂ ਜੀ, ਸਤਕਾਰ ਕੌਰ ਜੀ।

**ਸ਼੍ਰੀਮਤੀ ਸਤਕਾਰ ਕੌਰ (ਫਿਰੋਜ਼ਪੁਰ ਦਿਹਾਤੀ, ਐਸ.ਸੀ.) :** ਧੰਨਵਾਦ ਸਪੀਕਰ ਸਾਹਿਬ। ਸਪੀਕਰ ਸਾਹਿਬ, ਮੈਂ ਸੀ.ਐਮ. ਸਾਹਿਬ ਦਾ ਅਤੇ ਮੰਤਰੀ ਜੀ ਦਾ ਦਿਲ ਦੀਆਂ ਗਹਿਰਾਈਆਂ ਤੋਂ ਧੰਨਵਾਦ ਕਰਦੀ ਹਾਂ ਅਤੇ ਇਸ ਬਿਲ ਦੀ ਪ੍ਰੋੜ੍ਹਤਾ ਕਰਦੀ ਹਾਂ, ਜਿਨ੍ਹਾਂ ਨੇ ਪੰਜਾਬ ਵਿੱਚ ਪਹਿਲੀ ਵਾਰੀ ਔਰਤਾਂ ਲਈ ਸੀਟਾਂ ਰਾਖਵੀਆਂ ਰੱਖੀਆਂ ਹਨ। ਅੱਜ ਦਾ ਦਿਨ ਔਰਤ ਜਾਤ ਵਾਸਤੇ ਬਹੁਤ ਹੀ ਇਤਿਹਾਸਕ ਦਿਨ ਹੈ। (ਥੰਪਿੰਗ) ਤੁਸੀਂ ਸਾਰੇ ਜਾਣਦੇ ਹੋ ਕਿ ਅੱਜ ਦੇ ਜ਼ਮਾਨੇ ਵਿੱਚ ਔਰਤਾਂ ਅਤੇ ਸਾਡੀਆਂ ਲੜਕੀਆਂ ਅੱਗੇ ਨਿਕਲ ਚੁੱਕੀਆਂ ਹਨ ਲੇਕਿਨ ਪਾਲੀਟਿਕਸ ਵਿੱਚ ਔਰਤਾਂ ਨੂੰ ਕੋਈ ਖਾਸ ਸਥਾਨ ਨਹੀਂ ਮਿਲਿਆ ਲੇਕਿਨ ਕੈਪਟਨ ਅਮਰਿੰਦਰ ਸਿੰਘ ਜੀ ਜਿਨ੍ਹਾਂ ਦੀ ਸੋਚ ਅਤੇ ਮਿਹਰਬਾਨੀ ਸਦਕਾ ਅੱਜ ਮੈਂ ਮਾਣ ਮਹਿਸੂਸ ਕਰਦੀ ਹਾਂ ਕਿ ਆਉਣ ਵਾਲੇ ਸਮੇਂ ਵਿੱਚ ਰਾਖਵੇਂਕਰਨ ਨਾਲ ਔਰਤਾਂ ਦਾ ਮਾਣ ਵਧੇਗਾ ਅਤੇ ਰਾਜਨੀਤੀ ਵਿੱਚ ਔਰਤਾਂ ਮਰਦਾਂ ਨਾਲ ਮੋਢੇ ਨਾਲ ਮੋਢਾ ਜੋੜ ਕੇ ਪੰਜਾਬ ਅਤੇ ਹਿੰਦੁਸਤਾਨ ਦੀ ਤਰੱਕੀ ਵਿੱਚ ਯੋਗਦਾਨ ਪਾਉਣਗੀਆਂ। ਧੰਨਵਾਦ। (ਥੰਪਿੰਗ)

**ਮਾਨਯੋਗ ਸਪੀਕਰ :** ਪ੍ਰਸ਼ਨ ਹੈ -

ਕਿ ਪੰਜਾਬ ਮਿਉਂਸਿਪਲ ਕਾਰਪੋਰੇਸ਼ਨ (ਸੋਧਨਾ) ਬਿਲ, 2017 ਤੇ ਤੁਰੰਤ ਵਿਚਾਰ ਕੀਤਾ ਜਾਵੇ।

[ ਮਾਨਯੋਗ ਸਪੀਕਰ ]

***ਪ੍ਰਸਤਾਵ ਸਰਬਸੰਮਤੀ ਨਾਲ ਪ੍ਰਵਾਨ ਹੋਇਆ।***

**ਮਾਨਯੋਗ ਸਪੀਕਰ :** ਹੁਣ ਸਦਨ ਬਿਲ ਤੇ ਕਲਾਜ਼-ਵਾਰ ਵਿਚਾਰ ਕਰੇਗਾ।

**ਕਲਾਜ਼ 1 ਦੀ ਸਬ-ਕਲਾਜ਼ (2)**

**ਮਾਨਯੋਗ ਸਪੀਕਰ :** ਪ੍ਰਸ਼ਨ ਹੈ -

ਕਿ ਕਲਾਜ਼ 1 ਦੀ ਸਬ-ਕਲਾਜ਼ (2) ਬਿਲ ਦਾ ਹਿੱਸਾ ਹੈ।

***ਪ੍ਰਸਤਾਵ ਪ੍ਰਵਾਨ ਹੋਇਆ।***

**ਕਲਾਜ਼ 2**

**ਮਾਨਯੋਗ ਸਪੀਕਰ:** ਪ੍ਰਸ਼ਨ ਹੈ-

ਕਿ ਕਲਾਜ਼ 2 ਬਿਲ ਦਾ ਹਿੱਸਾ ਹੈ।

***ਪ੍ਰਸਤਾਵ ਪ੍ਰਵਾਨ ਹੋਇਆ।***

**ਕਲਾਜ਼ 1 ਦੀ ਸਬ-ਕਲਾਜ਼ (1)**

**ਮਾਨਯੋਗ ਸਪੀਕਰ :** ਪ੍ਰਸ਼ਨ ਹੈ -

ਕਿ ਕਲਾਜ਼ 1 ਦੀ ਸਬ-ਕਲਾਜ਼ (1) ਬਿਲ ਦਾ ਹਿੱਸਾ ਹੈ।

***ਪ੍ਰਸਤਾਵ ਸਰਬਸੰਮਤੀ ਨਾਲ ਪ੍ਰਵਾਨ ਹੋਇਆ।***

**ਸਿਰਲੇਖ**

**ਮਾਨਯੋਗ ਸਪੀਕਰ :** ਪ੍ਰਸ਼ਨ ਹੈ -

ਕਿ ਸਿਰਲੇਖ ਬਿਲ ਦਾ ਸਿਰਲੇਖ ਬਣੇ।

***ਪ੍ਰਸਤਾਵ ਪ੍ਰਵਾਨ ਹੋਇਆ।***

**ਮਾਨਯੋਗ ਸਪੀਕਰ :** ਹੁਣ ਮੰਤਰੀ ਸਾਹਿਬ ਪ੍ਰਸਤਾਵ ਕਰਨਗੇ ਕਿ ਬਿਲ ਪਾਸ ਕੀਤਾ ਜਾਵੇ।

**Local Government and Tourism and Cultural Affairs, Archives and Museums Minister (Sardar Navjot Singh Sidhu) :** Sir, I beg to move-

That The Punjab Municipal Corporation (Amendment) Bill, 2017 be passed.

**ਮਾਨਯੋਗ ਸਪੀਕਰ :** ਪ੍ਰਸਤਾਵ ਕੀਤਾ -

ਕਿ ਪੰਜਾਬ ਮਿਉਂਸਿਪਲ ਕਾਰਪੋਰੇਸ਼ਨ (ਸੋਧਨਾ) ਬਿਲ, 2017 ਪਾਸ ਕੀਤਾ ਜਾਵੇ।

**ਮਾਨਯੋਗ ਸਪੀਕਰ :** ਪ੍ਰਸ਼ਨ ਹੈ –

ਕਿ ਪੰਜਾਬ ਮਿਉਂਸਿਪਲ ਕਾਰਪੋਰੇਸ਼ਨ (ਸੋਧਨਾ) ਬਿਲ, 2017 ਪਾਸ ਕੀਤਾ ਜਾਵੇ।

***ਪ੍ਰਸਤਾਵ ਸਰਬਸੰਮਤੀ ਨਾਲ ਪ੍ਰਵਾਨ ਹੋਇਆ।***

-----

## 7. THE MAHARAJA RANJIT SINGH PUNJAB TECHNICAL UNIVERSITY (AMENDMENT) BILL, 2017 *(Replacing Ordinance)*

**ਮਾਨਯੋਗ ਸਪੀਕਰ :** ਸਰਦਾਰ ਚਰਨਜੀਤ ਸਿੰਘ ਚੰਨੀ, ਤਕਨੀਕੀ ਸਿੱਖਿਆ ਮੰਤਰੀ ਜੀ ਬਿਲ ਪੇਸ਼ ਕਰਨ।

**ਤਕਨੀਕੀ ਸਿੱਖਿਆ ਅਤੇ ਉਦਯੋਗਿਕ ਸਿਖਲਾਈ ਮੰਤਰੀ (ਸਰਦਾਰ ਚਰਨਜੀਤ ਸਿੰਘ ਚੰਨੀ) :** ਸ਼੍ਰੀਮਾਨ ਜੀ, ਮੈਂ ਮਹਾਰਾਜਾ ਰਣਜੀਤ ਸਿੰਘ ਪੰਜਾਬ ਤਕਨੀਕੀ ਯੂਨੀਵਰਸਿਟੀ (ਸੋਧਨਾ) ਬਿਲ, 2017 ਪੇਸ਼ ਕਰਦਾ ਹਾਂ।

ਸ਼੍ਰੀਮਾਨ ਜੀ, ਮੈਂ ਇਹ ਵੀ ਪ੍ਰਸਤਾਵ ਕਰਦਾ ਹਾਂ–

ਕਿ ਮਹਾਰਾਜਾ ਰਣਜੀਤ ਸਿੰਘ ਪੰਜਾਬ ਤਕਨੀਕੀ ਯੂਨੀਵਰਸਿਟੀ (ਸੋਧਨਾ) ਬਿਲ, 2017 ਤੇ ਤੁਰੰਤ ਵਿਚਾਰ ਕੀਤਾ ਜਾਵੇ।

**ਮਾਨਯੋਗ ਸਪੀਕਰ :** ਪ੍ਰਸਤਾਵ ਕੀਤਾ –

ਕਿ ਮਹਾਰਾਜਾ ਰਣਜੀਤ ਸਿੰਘ ਪੰਜਾਬ ਤਕਨੀਕੀ ਯੂਨੀਵਰਸਿਟੀ (ਸੋਧਨਾ) ਬਿਲ, 2017 ਤੇ ਤੁਰੰਤ ਵਿਚਾਰ ਕੀਤਾ ਜਾਵੇ।

ਬਹਿਸ, ਹਾਂ ਜੀ, ਚੰਨੀ ਜੀ।

**ਤਕਨੀਕੀ ਸਿੱਖਿਆ ਅਤੇ ਉਦਯੋਗਿਕ ਸਿਖਲਾਈ ਮੰਤਰੀ (ਸਰਦਾਰ ਚਰਨਜੀਤ ਸਿੰਘ ਚੰਨੀ) :** ਮਾਨਯੋਗ ਸਪੀਕਰ ਸਾਹਿਬ, ਇਹ ਕਾਂਗਰਸ ਪਾਰਟੀ ਦੀ ਸਰਕਾਰ ਲੋਕਾਂ ਨੇ ਚੁਣੀ ਹੈ, ਇਹ ਲੋਕਾਂ ਦੀ ਸਰਕਾਰ ਹੈ ਤੇ ਇਸ ਬਿਲ ਦਾ ਮਨੋਰਥ ਇਹ ਹੈ ਕਿ ਇਹ ਸਰਕਾਰ ਲੋਕਾਂ ਵੱਲੋਂ ਹੀ ਚਲਾਈ ਜਾਵੇ। ਸਪੀਕਰ ਸਾਹਿਬ, ਪਿਛਲੇ ਦਸ ਸਾਲਾਂ ਵਿੱਚ ਜਿੰਨੇ ਵੀ ਫੈਸਲੇ ਹੁੰਦੇ ਸਨ ਉਹ ਮੁੱਖ ਮੰਤਰੀ ਜੀ ਦੀ ਟੇਬਲ ਤੇ ਹੁੰਦੇ ਸੀ। ਸਾਰੀਆਂ ਪਾਵਰਾਂ ਸੈਂਟਰੇਲਾਈਜ਼ਡ ਕੀਤੀਆਂ ਹੋਈਆਂ ਸਨ। ਇੱਥੋਂ ਤੱਕ ਕਿ ਮੰਤਰੀਆਂ ਨੂੰ ਵੀ ਪੂਰਾ ਅਧਿਕਾਰ ਨਹੀਂ ਸੀ, ਉਨ੍ਹਾਂ ਦੇ ਜਿਹੜੇ ਅੱਗੇ ਅਫਸਰ ਲੱਗੇ ਹੁੰਦੇ ਸਨ ਉਨ੍ਹਾਂ ਰਾਹੀਂ ਹੀ ਸਰਕਾਰ ਮੁੱਖ ਮੰਤਰੀ ਦੁਆਰਾ ਚਲਾਈ ਜਾਂਦੀ ਸੀ। ਲੇਕਿਨ ਸਾਡੇ ਮਾਨਯੋਗ ਮੁੱਖ ਮੰਤਰੀ ਜੀ ਦੀ ਸੋਚ ਇਹ ਹੈ ਕਿ ਲੋਕਾਂ ਦੀ ਸਰਕਾਰ ਵਿੱਚ ਲੋਕਾਂ ਨੂੰ ਵੀ ਪਾਵਰਾਂ ਦਿੱਤੀਆਂ ਜਾਣ।

[ ਤਕਨੀਕੀ ਸਿੱਖਿਆ ਅਤੇ ਉਦਯੋਗਿਕ ਸਿਖਲਾਈ ਮੰਤਰੀ ]

ਉਨ੍ਹਾਂ ਦੀ ਸੋਚ ਦੇ ਤਹਿਤ ਜਿਹੜੀਆਂ ਦੋ ਪੰਜਾਬ ਤਕਨੀਕੀ ਯੂਨੀਵਰਸਿਟੀਆਂ ਹਨ ਉਹ ਬਹੁਤ ਹੀ ਵਿਸ਼ੇਸ਼ ਅਦਾਰੇ ਹਨ, ਇਨ੍ਹਾਂ ਨੇ ਹੀ ਪੰਜਾਬ ਦੇ ਲੋਕਾਂ ਨੂੰ ਸਿੱਖਿਆ ਦੇਣੀ ਹੈ। ਜਦੋਂ ਤੱਕ ਸਾਡੇ ਕੋਲ ਚੰਗੀ ਸਿੱਖਿਆ ਨਹੀਂ ਆਉਂਦੀ ਉਦੋਂ ਤੱਕ ਅਸੀਂ ਚੰਗਾ ਸਿਟੀਜ਼ਨ ਪੈਦਾ ਨਹੀਂ ਕਰ ਸਕਦੇ ਤੇ ਸਾਡਾ ਸੂਬਾ ਵੀ ਤਰੱਕੀ ਨਹੀਂ ਕਰ ਸਕਦਾ। ਇਸ ਕਰਕੇ ਉਨ੍ਹਾਂ ਦੀ ਸੋਚ ਹੈ ਕਿ ਜਿਹੜਾ ਬੀ.ਓ.ਜੀ. ਦਾ ਚੇਅਰਮੈਨ ਹੈ ਉਹ ਚੰਗੇ ਟੈਕਨੀਕਲ ਐਜੂਕੇਸ਼ਨ ਖੇਤਰ ਤੋਂ ਕੋਈ ਚੰਗਾ ਹੋਣਹਾਰ ਵਿਅਕਤੀ ਪਾਰਦਰਸ਼ੀ ਤਰੀਕੇ ਨਾਲ ਲਗਾਇਆ ਜਾਵੇ। ਅਸੀਂ ਇਹ ਸੋਧਨਾ ਲੈ ਕੇ ਆਏ ਹਾਂ ਤਾਂ ਕਿ ਚੀਫ ਸੈਕਟਰੀ ਦੇ ਰਾਹੀਂ ਚੇਅਰਮੈਨ ਲਗਾਇਆ ਜਾਵੇ। ਪਿਛਲੀ ਸਰਕਾਰ ਦੌਰਾਨ ਮੰਤਰੀ ਨੂੰ ਵੀ ਬਾਈਪਾਸ ਕਰਕੇ ਮੁੱਖ ਮੰਤਰੀ ਕੰਮ ਚਲਾਉਂਦੇ ਸੀ। ਉਸ ਨਾਲ ਲੋਕਾਂ ਨੂੰ ਅਧਿਕਾਰ ਦੇਣ ਵਾਸਤੇ ਅਸੀਂ ਇਹ ਬਿਲ ਲੈ ਕੇ ਆਏ ਹਾਂ। ਮੈਂ ਸਾਰੇ ਸਦਨ ਨੂੰ ਬੇਨਤੀ ਕਰਦਾ ਹਾਂ ਕਿ ਇਸ ਬਿਲ ਨੂੰ ਪਾਸ ਕੀਤਾ ਜਾਵੇ।

**ਮਾਨਯੋਗ ਸਪੀਕਰ:** ਪ੍ਰਸ਼ਨ ਹੈ-

ਕਿ ਮਹਾਰਾਜਾ ਰਣਜੀਤ ਸਿੰਘ ਪੰਜਾਬ ਤਕਨੀਕੀ ਯੂਨੀਵਰਸਿਟੀ (ਸੋਧਨਾ) ਬਿਲ, 2017 ਤੇ ਤੁਰੰਤ ਵਿਚਾਰ ਕੀਤਾ ਜਾਵੇ।

***ਪ੍ਰਸਤਾਵ ਸਰਬਸੰਮਤੀ ਨਾਲ ਪ੍ਰਵਾਨ ਹੋਇਆ।***

**ਮਾਨਯੋਗ ਸਪੀਕਰ :** ਹੁਣ ਸਦਨ ਬਿਲ ਤੇ ਕਲਾਜ਼-ਵਾਰ ਵਿਚਾਰ ਕਰੇਗਾ।

**ਕਲਾਜ਼ 1 ਦੀ ਸਬ-ਕਲਾਜ਼ (2)**

**ਮਾਨਯੋਗ ਸਪੀਕਰ :** ਪ੍ਰਸ਼ਨ ਹੈ-

ਕਿ ਕਲਾਜ਼ 1 ਦੀ ਸਬ-ਕਲਾਜ਼ (2) ਬਿਲ ਦਾ ਹਿੱਸਾ ਹੈ।

***ਪ੍ਰਸਤਾਵ ਪ੍ਰਵਾਨ ਹੋਇਆ।***

**ਕਲਾਜ਼ 2 ਅਤੇ 3**

**ਮਾਨਯੋਗ ਸਪੀਕਰ :** ਕਿਉਂਜੋ ਕਲਾਜ਼ 2 ਅਤੇ 3 ਵਿਚ ਕੋਈ ਸੋਧਨਾ ਨਹੀਂ ਹੈ, ਜੇਕਰ ਸਦਨ ਦੀ ਸਹਿਮਤੀ ਹੋਵੇ ਤਾਂ ਇਹ ਕਲਾਜ਼ਾਂ ਇਕੱਠੀਆਂ ਹੀ ਸਦਨ ਦੀ ਵੋਟਿੰਗ ਲਈ ਰੱਖ ਦਿੱਤੀਆਂ ਜਾਣ?

(**ਅਵਾਜ਼ਾਂ :** ਹਾਂ ਜੀ, ਹਾਂ ਜੀ।)

**ਮਾਨਯੋਗ ਸਪੀਕਰ :** ਪ੍ਰਸ਼ਨ ਹੈ-

ਕਿ ਕਲਾਜ਼ 2 ਅਤੇ 3 ਬਿਲ ਦਾ ਹਿੱਸਾ ਹਨ।

***ਪ੍ਰਸਤਾਵ ਪ੍ਰਵਾਨ ਹੋਇਆ।***

**ਕਲਾਜ਼ 1 ਦੀ ਸਬ-ਕਲਾਜ਼ (1)**

**ਮਾਨਯੋਗ ਸਪੀਕਰ :** ਪ੍ਰਸ਼ਨ ਹੈ-

ਕਿ ਕਲਾਜ਼ 1 ਸਬ-ਕਲਾਜ਼ (1) ਬਿਲ ਦਾ ਹਿੱਸਾ ਹੈ।

***ਪ੍ਰਸਤਾਵ ਪ੍ਰਵਾਨ ਹੋਇਆ।***

**ਸਿਰਲੇਖ**

**ਮਾਨਯੋਗ ਸਪੀਕਰ :** ਪ੍ਰਸ਼ਨ ਹੈ-

ਕਿ ਸਿਰਲੇਖ ਬਿਲ ਦਾ ਸਿਰਲੇਖ ਬਣੇ।

***ਪ੍ਰਸਤਾਵ ਸਰਬਸੰਮਤੀ ਨਾਲ ਪ੍ਰਵਾਨ ਹੋਇਆ।***

**ਮਾਨਯੋਗ ਸਪੀਕਰ :** ਹੁਣ ਮੰਤਰੀ ਸਾਹਿਬ ਪ੍ਰਸਤਾਵ ਕਰਨਗੇ ਕਿ ਬਿਲ ਪਾਸ ਕੀਤਾ ਜਾਵੇ।

**ਤਕਨੀਕੀ ਸਿੱਖਿਆ ਅਤੇ ਉਦਯੋਗਿਕ ਸਿਖਲਾਈ ਮੰਤਰੀ (ਸਰਦਾਰ ਚਰਨਜੀਤ ਸਿੰਘ ਚੰਨੀ) :** ਸ਼੍ਰੀਮਾਨ ਜੀ, ਮੈਂ ਪ੍ਰਸਤਾਵ ਕਰਦਾ ਹਾਂ -

ਕਿ ਮਹਾਰਾਜਾ ਰਣਜੀਤ ਸਿੰਘ ਪੰਜਾਬ ਤਕਨੀਕੀ ਯੂਨੀਵਰਸਿਟੀ (ਸੋਧਨਾ) ਬਿਲ, 2017 ਪਾਸ ਕੀਤਾ ਜਾਵੇ।

**ਮਾਨਯੋਗ ਸਪੀਕਰ :** ਪ੍ਰਸਤਾਵ ਕੀਤਾ-

ਕਿ ਮਹਾਰਾਜਾ ਰਣਜੀਤ ਸਿੰਘ ਪੰਜਾਬ ਤਕਨੀਕੀ ਯੂਨੀਵਰਸਿਟੀ (ਸੋਧਨਾ) ਬਿਲ, 2017 ਪਾਸ ਕੀਤਾ ਜਾਵੇ।

**ਮਾਨਯੋਗ ਸਪੀਕਰ :** ਪ੍ਰਸ਼ਨ ਹੈ-

ਕਿ ਮਹਾਰਾਜਾ ਰਣਜੀਤ ਸਿੰਘ ਪੰਜਾਬ ਤਕਨੀਕੀ ਯੂਨੀਵਰਸਿਟੀ (ਸੋਧਨਾ) ਬਿਲ, 2017 ਪਾਸ ਕੀਤਾ ਜਾਵੇ।

***ਪ੍ਰਸਤਾਵ ਸਰਬਸੰਮਤੀ ਨਾਲ ਪ੍ਰਵਾਨ ਹੋਇਆ।***

-----

## 8. THE I.K. GUJRAL PUNJAB TECHNICAL UNIVERSITY (AMENDMENT) BILL, 2017 *(Replacing Ordinance)*

**ਮਾਨਯੋਗ ਸਪੀਕਰ :** ਤਕਨੀਕੀ ਸਿੱਖਿਆ ਮੰਤਰੀ ਜੀ ਬਿਲ ਪੇਸ਼ ਕਰਨ ।

**ਤਕਨੀਕੀ ਸਿੱਖਿਆ ਅਤੇ ਉਦਯੋਗਿਕ ਸਿਖਲਾਈ ਮੰਤਰੀ (ਸਰਦਾਰ ਚਰਨਜੀਤ ਸਿੰਘ ਚੰਨੀ):** ਸ਼੍ਰੀਮਾਨ ਜੀ, ਮੈਂ ਆਈ.ਕੇ. ਗੁਜਰਾਲ ਪੰਜਾਬ ਤਕਨੀਕੀ ਯੂਨੀਵਰਸਿਟੀ (ਸੋਧਨਾ) ਬਿਲ, 2017 ਪੇਸ਼ ਕਰਦਾ ਹਾਂ।

ਸ਼੍ਰੀਮਾਨ ਜੀ, ਮੈਂ ਇਹ ਵੀ ਪ੍ਰਸਤਾਵ ਕਰਦਾ ਹਾਂ -

ਕਿ ਆਈ.ਕੇ.ਗੁਜਰਾਲ ਪੰਜਾਬ ਤਕਨੀਕੀ ਯੂਨੀਵਰਸਿਟੀ (ਸੋਧਨਾ) ਬਿਲ, 2017 ਤੇ ਤੁਰੰਤ ਵਿਚਾਰ ਕੀਤਾ ਜਾਵੇ।

**ਮਾਨਯੋਗ ਸਪੀਕਰ :** ਪ੍ਰਸਤਾਵ ਕੀਤਾ -

ਕਿ ਆਈ. ਕੇ. ਗੁਜਰਾਲ ਪੰਜਾਬ ਤਕਨੀਕੀ ਯੂਨੀਵਰਸਿਟੀ (ਸੋਧਨਾ) ਬਿਲ, 2017 ਤੇ ਤੁਰੰਤ ਵਿਚਾਰ ਕੀਤਾ ਜਾਵੇ।

ਬਹਿਸ, ਜੇਕਰ ਕੋਈ ਹੋਵੇ?

(ਇਸ ਸਮੇਂ ਕੋਈ ਮੈਂਬਰ ਬਹਿਸ ਕਰਨ ਲਈ ਖੜ੍ਹਾ ਨਹੀਂ ਹੋਇਆ।)

**ਮਾਨਯੋਗ ਸਪੀਕਰ :** ਪ੍ਰਸ਼ਨ ਹੈ -

ਕਿ ਆਈ. ਕੇ. ਗੁਜਰਾਲ ਪੰਜਾਬ ਤਕਨੀਕੀ ਯੂਨੀਵਰਸਿਟੀ (ਸੋਧਨਾ) ਬਿਲ, 2017 ਤੇ ਤੁਰੰਤ ਵਿਚਾਰ ਕੀਤਾ ਜਾਵੇ।

***ਪ੍ਰਸਤਾਵ ਸਰਬਸੰਮਤੀ ਨਾਲ ਪ੍ਰਵਾਨ ਹੋਇਆ।***

**ਮਾਨਯੋਗ ਸਪੀਕਰ :** ਹੁਣ ਸਦਨ ਬਿਲ ਤੇ ਕਲਾਜ਼-ਵਾਰ ਵਿਚਾਰ ਕਰੇਗਾ।

**ਕਲਾਜ਼ 1 ਦੀ ਸਬ-ਕਲਾਜ਼ (2)**

**ਮਾਨਯੋਗ ਸਪੀਕਰ :** ਪ੍ਰਸ਼ਨ ਹੈ -

ਕਿ ਕਲਾਜ਼ 1 ਦੀ ਸਬ-ਕਲਾਜ਼ (2) ਬਿਲ ਦਾ ਹਿੱਸਾ ਹੈ।

***ਪ੍ਰਸਤਾਵ ਪ੍ਰਵਾਨ ਹੋਇਆ।***

**ਕਲਾਜ਼ਾਂ 2 ਤੋਂ 4**

**ਮਾਨਯੋਗ ਸਪੀਕਰ :** ਕਿਉਂਜੋ ਕਲਾਜ਼ਾਂ 2 ਤੋਂ 4 ਤੱਕ ਕੋਈ ਸੋਧਨਾ ਨਹੀਂ ਹੈ, ਜੇਕਰ ਸਦਨ ਦੀ ਸਹਿਮਤੀ ਹੋਵੇ ਤਾਂ ਇਹ ਕਲਾਜ਼ਾਂ ਇਕੱਠੀਆਂ ਹੀ ਸਦਨ ਦੀ ਵੋਟਿੰਗ ਲਈ ਰੱਖ ਦਿੱਤੀਆਂ ਜਾਣ?

(**ਅਵਾਜ਼ਾਂ :** ਹਾਂ ਜੀ, ਹਾਂ ਜੀ।)

**ਮਾਨਯੋਗ ਸਪੀਕਰ :** ਪ੍ਰਸ਼ਨ ਹੈ -

ਕਿ ਕਲਾਜ਼ਾਂ 2 ਤੋਂ 4 ਬਿਲ ਦਾ ਹਿੱਸਾ ਹਨ ।

***ਪ੍ਰਸਤਾਵ ਸਰਬਸੰਮਤੀ ਨਾਲ ਪ੍ਰਵਾਨ ਹੋਇਆ।***

**ਕਲਾਜ਼ 1 ਦੀ ਸਬ-ਕਲਾਜ਼ (1)**

**ਮਾਨਯੋਗ ਸਪੀਕਰ :** ਪ੍ਰਸ਼ਨ ਹੈ -

ਕਿ ਕਲਾਜ਼ 1 ਦੀ ਸਬ-ਕਲਾਜ਼ (1) ਬਿਲ ਦਾ ਹਿੱਸਾ ਹੈ।

*ਪ੍ਰਸਤਾਵ ਪ੍ਰਵਾਨ ਹੋਇਆ।*

**ਸਿਰਲੇਖ**

**ਮਾਨਯੋਗ ਸਪੀਕਰ :** ਪ੍ਰਸ਼ਨ ਹੈ –

ਕਿ ਸਿਰਲੇਖ ਬਿਲ ਦਾ ਸਿਰਲੇਖ ਬਣੇ।

*ਪ੍ਰਸਤਾਵ ਪ੍ਰਵਾਨ ਹੋਇਆ।*

**ਮਾਨਯੋਗ ਸਪੀਕਰ :** ਹੁਣ ਮੰਤਰੀ ਸਾਹਿਬ ਪ੍ਰਸਤਾਵ ਕਰਨਗੇ ਕਿ ਬਿਲ ਪਾਸ ਕੀਤਾ ਜਾਵੇ।

**ਤਕਨੀਕੀ ਸਿੱਖਿਆ ਅਤੇ ਉਦਯੋਗਿਕ ਸਿਖਲਾਈ ਮੰਤਰੀ (ਸਰਦਾਰ ਚਰਨਜੀਤ ਸਿੰਘ ਚੰਨੀ) :** ਸ਼੍ਰੀਮਾਨ ਜੀ, ਮੈਂ ਪ੍ਰਸਤਾਵ ਕਰਦਾ ਹਾਂ –

ਕਿ ਆਈ.ਕੇ. ਗੁਜਰਾਲ ਪੰਜਾਬ ਤਕਨੀਕੀ ਯੂਨੀਵਰਸਿਟੀ (ਸੋਧਨਾ) ਬਿਲ, 2017 ਪਾਸ ਕੀਤਾ ਜਾਵੇ।

**ਮਾਨਯੋਗ ਸਪੀਕਰ :** ਪ੍ਰਸਤਾਵ ਕੀਤਾ –

ਕਿ ਆਈ.ਕੇ. ਗੁਜਰਾਲ ਪੰਜਾਬ ਤਕਨੀਕੀ ਯੂਨੀਵਰਸਿਟੀ (ਸੋਧਨਾ) ਬਿਲ, 2017 ਪਾਸ ਕੀਤਾ ਜਾਵੇ।

**ਮਾਨਯੋਗ ਸਪੀਕਰ :** ਪ੍ਰਸ਼ਨ ਹੈ –

ਕਿ ਆਈ.ਕੇ. ਗੁਜਰਾਲ ਪੰਜਾਬ ਤਕਨੀਕੀ ਯੂਨੀਵਰਸਿਟੀ (ਸੋਧਨਾ) ਬਿਲ, 2017 ਪਾਸ ਕੀਤਾ ਜਾਵੇ।

*ਪ੍ਰਸਤਾਵ ਸਰਬਸੰਮਤੀ ਨਾਲ ਪ੍ਰਵਾਨ ਹੋਇਆ।*

-----

## 9. THE PUNJAB EXCISE (AMENDMENT) BILL, 2017

**ਮਾਨਯੋਗ ਸਪੀਕਰ :** ਸੰਸਦੀ ਮਾਮਲੇ ਮੰਤਰੀ ਬਿਲ ਪੇਸ਼ ਕਰਨ।

**Health & Family Welfare and Research & Medical Education and Parliamentary Affairs Minister (Shri Brahm Mohindra) :** Sir, I beg to introduce The Punjab Excise (Amendment) Bill, 2017.

Sir, I also beg to move –

That the Punjab Excise (Amendment) Bill, 2017 be taken into consideration at once.

**ਮਾਨਯੋਗ ਸਪੀਕਰ :** ਪ੍ਰਸਤਾਵ ਕੀਤਾ –

[ ਮਾਨਯੋਗ ਸਪੀਕਰ ]

ਕਿ ਪੰਜਾਬ ਆਬਕਾਰੀ (ਸੋਧਨਾ) ਬਿਲ, 2017 ਤੇ ਤੁਰੰਤ ਵਿਚਾਰ ਕੀਤਾ ਜਾਵੇ।

ਬਹਿਸ। ਹਾਂ ਜੀ, ਬ੍ਰਹਮ ਮਹਿੰਦਰਾ ਜੀ।

**Health & Family Welfare and Research & Medical Education and Parliamentary Affairs Minister (Shri Brahm Mohindra) :** Sir, I would like to elaborate the necessity to bring this amendment in a recent Public Interest Litigation regarding the issue of drunken driving, the Hon'ble Supreme Court has ordered that no licences for the sale of liquor shall be issued within a distance of 500 meters from the outer edge of National/ State Highways.

These directions have been completely implemented by the state Government.

No liquor vends are allowed to be open within the prohibited area around the highways. The unintended consequence of the implementation of the directions of the Hon'ble Supreme Court is that the bars in the five star and other hotels, clubs, restaurants etc., have also been denied the permission to serve the liquor. A very narrow interpretation of the Court orders has even led to stopping of serving of liquor in the private parties in marriage palaces, banquet halls etc. which otherwise do not sale liquor.

While liquor vends can be shifted to another location, it is not possible to shift hotels, restaurants, clubs, marriage palaces etc. where a lot of investment has already been made. The absence of supply of alcohol in these places has seriously affected their existence and even their partial closure may result substantial loss of employment.

Keeping this in view, it is proposed by way of this bill that:

i) Liquor vends shall be prohibited on or within 500 meters from national or State Highways.

ii) Restaurants, clubs, hotels and other notified places (such as marriage palaces, banquet halls etc.), which serve liquor for consumption within their premises (and do not allow liquor to be taken out) will be

permitted.

iii) The government is conscious of the menace of drunken driving and shall make all possible efforts to contain this menace. The Police will be directed to make extra arrangements on the highways where such places exist after assessing the need. The government is also conscious of the fact that we should not allow mushrooming of small bars on or around highways. In this regard, the government shall have more strict conditions for grant of bar licenses to any such place within 500 meters of highways. This could be in terms of requirement of a higher annual turnover (of boarding and lodging except liquor) before such licenses could be given. This will be done by way of amendment of rules on the executive side. This will maintain the necessary balance between loss of employment in tourism sector and the necessity to contain the menace of drunken driving.

ਸਪੀਕਰ ਸਾਹਿਬ, ਬੜਾ ਸੋਚ ਕੇ ਇਹ ਅਮੈਂਡਮੈਂਟ ਲਿਆਂਦੀ ਗਈ ਹੈ ਕਿ ਜਿੰਨੇ ਵੀ ਛੋਟੇ ਰੈਸਟੋਰੈਂਟ, ਵੱਡੇ ਰੈਸਟੋਰੈਂਟ, ਹੋਟਲਜ਼, ਛੋਟੀਆਂ ਛੋਟੀਆਂ ਬਾਰਜ਼ ਹਨ, ਇਨ੍ਹਾਂ ਸਾਰੀਆਂ ਬੰਦ ਹੋਣ ਦੇ ਨਾਲ ਲੋਕਾਂ ਦੀ ਇੰਪਲਾਇਮੈਂਟ ਉਤੇ ਅਸਰ ਪਵੇਗਾ ਅਤੇ ਮੈਂ ਸਮਝਦਾ ਹਾਂ ਕਿ ਇਸ ਨਾਲ ਹਜ਼ਾਰਾਂ ਲੋਕਾਂ ਦੀ ਨੌਕਰੀ ਤੇ ਅਸਰ ਪਵੇਗਾ। ਇਸ ਗੱਲ ਦਾ ਸਾਡੀ ਸਟੇਟ ਦੇ ਰੈਵੇਨਿਊ ਤੇ ਵੀ ਬਹੁਤ ਵੱਡਾ ਅਸਰ ਪੈ ਰਿਹਾ ਹੈ। ਇਹ ਸੋਚ ਕੇ ਇਹ ਅਮੈਂਡਮੈਂਟ ਲਿਆਂਦੀ ਗਈ ਹੈ। ਮੈਂ ਸਮਝਦਾ ਹਾਂ ਕਿ ਇਸ ਨੂੰ ਪਾਸ ਕੀਤਾ ਜਾਵੇ।

**ਮਾਨਯੋਗ ਸਪੀਕਰ :** ਪ੍ਰਸ਼ਨ ਹੈ –

ਕਿ ਪੰਜਾਬ ਆਬਕਾਰੀ (ਸੋਧਨਾ) ਬਿਲ, 2017 ਤੇ ਤੁਰੰਤ ਵਿਚਾਰ ਕੀਤਾ ਜਾਵੇ।

***ਪ੍ਰਸਤਾਵ ਸਰਬਸੰਮਤੀ ਨਾਲ ਪ੍ਰਵਾਨ ਹੋਇਆ।***

**ਮਾਨਯੋਗ ਸਪੀਕਰ :** ਹੁਣ ਸਦਨ ਬਿਲ ਤੇ ਕਲਾਜ਼–ਵਾਰ ਵਿਚਾਰ ਕਰੇਗਾ।

**ਕਲਾਜ਼ 1 ਦੀ ਸਬ–ਕਲਾਜ਼ (2)**

**ਮਾਨਯੋਗ ਸਪੀਕਰ :** ਪ੍ਰਸ਼ਨ ਹੈ –

ਕਿ ਕਲਾਜ਼ 1 ਦੀ ਸਬ–ਕਲਾਜ਼ (2) ਬਿਲ ਦਾ ਹਿੱਸਾ ਹੈ।

***ਪ੍ਰਸਤਾਵ ਪ੍ਰਵਾਨ ਹੋਇਆ।***

**ਕਲਾਜ਼ 2 ਅਤੇ 3**

**ਮਾਨਯੋਗ ਸਪੀਕਰ :** ਕਿਉਂਜੋ ਕਲਾਜ਼ 2 ਅਤੇ 3 ਵਿੱਚ ਕੋਈ ਸੋਧਨਾ ਨਹੀਂ ਹੈ, ਜੇਕਰ ਸਦਨ ਦੀ ਸਹਿਮਤੀ ਹੋਵੇ ਤਾਂ ਇਹ ਕਲਾਜਾਂ ਇਕੱਠੀਆਂ ਹੀ ਸਦਨ ਦੀ ਵੋਟਿੰਗ ਲਈ ਰੱਖ ਦਿੱਤੀਆਂ ਜਾਣ?

(**ਅਵਾਜ਼ਾਂ :** ਹਾਂ ਜੀ, ਹਾਂ ਜੀ।)

**ਮਾਨਯੋਗ ਸਪੀਕਰ :** ਪ੍ਰਸ਼ਨ ਹੈ -

ਕਿ ਕਲਾਜ਼ 2 ਅਤੇ 3 ਬਿਲ ਦਾ ਹਿੱਸਾ ਹਨ।

***ਪ੍ਰਸਤਾਵ ਸਰਬਸੰਮਤੀ ਨਾਲ ਪ੍ਰਵਾਨ ਹੋਇਆ।***

**ਕਲਾਜ਼ 1 ਦੀ ਸਬ-ਕਲਾਜ਼ (1)**

**ਮਾਨਯੋਗ ਸਪੀਕਰ :** ਪ੍ਰਸ਼ਨ ਹੈ -

ਕਿ ਕਲਾਜ਼ 1 ਦੀ ਸਬ-ਕਲਾਜ਼ (1) ਬਿਲ ਦਾ ਹਿੱਸਾ ਹੈ।

***ਪ੍ਰਸਤਾਵ ਸਰਬਸੰਮਤੀ ਨਾਲ ਪ੍ਰਵਾਨ ਹੋਇਆ।***

**ਸਿਰਲੇਖ**

**ਮਾਨਯੋਗ ਸਪੀਕਰ :** ਪ੍ਰਸ਼ਨ ਹੈ -

ਕਿ ਸਿਰਲੇਖ ਬਿਲ ਦਾ ਸਿਰਲੇਖ ਬਣੇ।

***ਪ੍ਰਸਤਾਵ ਸਰਬਸੰਮਤੀ ਨਾਲ ਪ੍ਰਵਾਨ ਹੋਇਆ।***

**ਮਾਨਯੋਗ ਸਪੀਕਰ :** ਸੰਸਦੀ ਮਾਮਲੇ ਮੰਤਰੀ ਬਿਲ ਪਾਸ ਕਰਨ ਲਈ ਪ੍ਰਸਤਾਵ ਪੇਸ਼ ਕਰਨ।

**Health & Family Welfare and Research & Medical Education and Parliamentary Affairs Minister (Shri Brahm Mohindra) :** Sir, I beg to move-

That the Punjab Excise (Amendment) Bill, 2017 be passed.

**ਮਾਨਯੋਗ ਸਪੀਕਰ :** ਪ੍ਰਸਤਾਵ ਕੀਤਾ -

ਕਿ ਪੰਜਾਬ ਆਬਕਾਰੀ (ਸੋਧਨਾ) ਬਿਲ, 2017 ਪਾਸ ਕੀਤਾ ਜਾਵੇ।

**ਮਾਨਯੋਗ ਸਪੀਕਰ** : ਪ੍ਰਸ਼ਨ ਹੈ -

ਕਿ ਪੰਜਾਬ ਆਬਕਾਰੀ (ਸੋਧਨਾ) ਬਿਲ, 2017 ਪਾਸ ਕੀਤਾ ਜਾਵੇ।

***ਪ੍ਰਸਤਾਵ ਸਰਬਸੰਮਤੀ ਨਾਲ ਪ੍ਰਵਾਨ ਹੋਇਆ।***

----

## 10. THE PUNJAB AGRICULTURAL PRODUCE MARKETS (SECOND AMENDMENT) BILL, 2017

**ਮਾਨਯੋਗ ਸਪੀਕਰ:** ਹਾਂ ਜੀ, ਅਗਲਾ ਬਿਲ ਪੰਜਾਬ ਜ਼ਰਾਇਤੀ ਪੈਦਾਵਾਰ ਦੀਆਂ ਮੰਡੀਆਂ (ਦੂਜੀ ਸੋਧਨਾ) ਬਿਲ, 2017, ਸੰਸਦੀ ਮਾਮਲੇ ਮੰਤਰੀ ਬਿਲ ਪੇਸ਼ ਕਰਨ।

**Health & Family Welfare and Research & Medical Education and Parliamentary Affairs Minister (Shri Brahm Mohindra):** Sir, I beg to introduce The Punjab Agricultural Produce Markets (Second Amendment) Bill, 2017

Sir, I also beg to move -

That The Punjab Agricultural Produce Markets (Second Amendment) Bill, 2017 be taken into consideration at once.

**ਮਾਨਯੋਗ ਸਪੀਕਰ:** ਪ੍ਰਸਤਾਵ ਕੀਤਾ –

ਕਿ ਪੰਜਾਬ ਜ਼ਰਾਇਤੀ ਪੈਦਾਵਾਰ ਦੀਆਂ ਮੰਡੀਆਂ (ਦੂਜੀ ਸੋਧਨਾ) ਬਿਲ, 2017 ਤੇ ਤੁਰੰਤ ਵਿਚਾਰ ਕੀਤਾ ਜਾਵੇ।

ਬਹਿਸ, ਮੰਤਰੀ ਜੀ, ਤੁਸੀਂ ਇਸ ਬਿਲ ਤੇ ਕੁਝ ਕਹਿਣਾ ਹੈ?

**ਸਿਹਤ ਤੇ ਪਰਿਵਾਰ ਭਲਾਈ ਅਤੇ ਖੋਜ ਤੇ ਮੈਡੀਕਲ ਸਿੱਖਿਆ ਅਤੇ ਸੰਸਦੀ ਮਾਮਲੇ ਮੰਤਰੀ (ਸ਼੍ਰੀ ਬ੍ਰਹਮ ਮਹਿੰਦਰਾ) :** ਸਪੀਕਰ ਸਾਹਿਬ, ਪੰਜਾਬ ਦੇ ਜਿਹੜੇ ਕਿਸਾਨ ਹਨ ਉਨ੍ਹਾਂ ਨੂੰ ਮੰਡੀ ਮਾਰਕੀਟ ਵਿੱਚ ਓਪਨਿੰਗ ਦੇਣ ਲਈ ਇਹ ਅਮੈਂਡਮੈਂਟ ਲਿਆਂਦੀ ਗਈ ਹੈ ਤਾਂ ਕਿ ਉਹ ਸਿੱਧੀ ਆਪਣੀ ਪਰੋਡਿਊਸ ਨੂੰ ਉਥੇ ਵੇਚ ਸਕਣ। ਉਸ ਵਿਚ ਉਨ੍ਹਾਂ ਦੇ ਸਾਰੇ ਸਿਸਟਮ ਨੂੰ ਠੀਕ ਕਰਨ ਲਈ ਇਹ ਅਮੈਂਡਮੈਂਟ ਲਿਆਂਦੀ ਗਈ ਹੈ। ਇਸ ਬਾਰੇ ਮੈਂ ਪੜ੍ਹ ਦੇਣਾ ਚਾਹੁੰਦਾ ਹਾਂ The Punjab Agriculture Produce Markets (2nd Amendment) Bill, 2017 is aimed at enabling the State Government to bring at par with present day requirement where modern way of trading through e-marketing and e-trading will be introduced alongwith the existing set up of APMC. The seasonal market yard, special market yard, private market yard, e-trading platform, direct marketing, producer & consumer market yard and producer market will be introduced to provide better platform for farmers. Similarly single unified license for whole State and single point of levy of market fee concept will be introduced to facilitate the trading in agriculture.

**ਮਾਨਯੋਗ ਸਪੀਕਰ :** ਪ੍ਰਸ਼ਨ ਹੈ -

ਕਿ ਪੰਜਾਬ ਜ਼ਰਾਇਤੀ ਪੈਦਾਵਾਰ ਦੀਆਂ ਮੰਡੀਆਂ (ਦੂਜੀ ਸੋਧਨਾ) ਬਿਲ, 2017 ਤੇ ਤੁਰੰਤ ਵਿਚਾਰ ਕੀਤਾ ਜਾਵੇ।

***ਪ੍ਰਸਤਾਵ ਸਰਬਸੰਮਤੀ ਨਾਲ ਪ੍ਰਵਾਨ ਹੋਇਆ।***

**ਮਾਨਯੋਗ ਸਪੀਕਰ:** ਹੁਣ ਸਦਨ ਬਿਲ ਤੇ ਕਲਾਜ਼-ਵਾਰ ਵਿਚਾਰ ਕਰੇਗਾ।

**ਕਲਾਜ਼ 1 ਦੀ ਸਬ-ਕਲਾਜ਼ (2)**

**ਮਾਨਯੋਗ ਸਪੀਕਰ :** ਪ੍ਰਸ਼ਨ ਹੈ -

ਕਿ ਕਲਾਜ਼ 1 ਦੀ ਸਬ-ਕਲਾਜ਼ (2) ਬਿਲ ਦਾ ਹਿੱਸਾ ਹੈ।

***ਪ੍ਰਸਤਾਵ ਸਰਬਸੰਮਤੀ ਨਾਲ ਪ੍ਰਵਾਨ ਹੋਇਆ।***

**ਕਲਾਜ਼ਾਂ 2 ਤੋਂ 13**

**ਮਾਨਯੋਗ ਸਪੀਕਰ:** ਕਿਉਂਜੋ ਕਲਾਜ਼ਾਂ 2 ਤੋਂ 13 ਤੱਕ ਕੋਈ ਸੋਧਨਾ ਨਹੀਂ ਹੈ, ਜੇਕਰ ਸਦਨ ਦੀ ਸਹਿਮਤੀ ਹੋਵੇ ਤਾਂ ਇਹ ਕਲਾਜ਼ਾਂ ਇਕੱਠੀਆਂ ਹੀ ਸਦਨ ਦੀ ਵੋਟਿੰਗ ਲਈ ਰੱਖ ਦਿੱਤੀਆਂ ਜਾਣ?

(**ਅਵਾਜ਼ਾਂ**: ਹਾਂ ਜੀ, ਹਾਂ ਜੀ।)

**ਮਾਨਯੋਗ ਸਪੀਕਰ:** ਪ੍ਰਸ਼ਨ ਹੈ-

ਕਿ ਕਲਾਜ਼ਾਂ 2 ਤੋਂ 13 ਤੱਕ ਬਿਲ ਦਾ ਹਿੱਸਾ ਹੈ।

***ਪ੍ਰਸਤਾਵ ਸਰਬਸੰਮਤੀ ਨਾਲ ਪ੍ਰਵਾਨ ਹੋਇਆ।***

**ਕਲਾਜ਼ 1 ਦੀ ਸਬ-ਕਲਾਜ਼ (1)**

**ਮਾਨਯੋਗ ਸਪੀਕਰ :** ਪ੍ਰਸ਼ਨ ਹੈ-

ਕਿ ਕਲਾਜ 1 ਦੀ ਸਬ-ਕਲਾਜ਼ (1) ਬਿਲ ਦਾ ਹਿੱਸਾ ਹੈ।

***ਪ੍ਰਸਤਾਵ ਸਰਬਸੰਮਤੀ ਨਾਲ ਪ੍ਰਵਾਨ ਹੋਇਆ।***

**ਸਿਰਲੇਖ**

**ਮਾਨਯੋਗ ਸਪੀਕਰ :** ਪ੍ਰਸ਼ਨ ਹੈ -

ਕਿ ਸਿਰਲੇਖ ਬਿਲ ਦਾ ਸਿਰਲੇਖ ਬਣੇ।

***ਪ੍ਰਸਤਾਵ ਸਰਬਸੰਮਤੀ ਨਾਲ ਪ੍ਰਵਾਨ ਹੋਇਆ।***

**ਮਾਨਯੋਗ ਸਪੀਕਰ :** ਹੁਣ ਸੰਸਦੀ ਮਾਮਲੇ ਮੰਤਰੀ ਬਿਲ ਪਾਸ ਕਰਨ ਲਈ ਪ੍ਰਸਤਾਵ ਪੇਸ਼ ਕਰਨ।

**Health & Family Welfare and Research & Medical Education and Parliamentary Affairs Minister (Shri Brahm Mohindra) :** Sir, I beg to move-

That the Punjab Agricultural Produce Markets (Second Amendment) Bill, 2017 be passed.

**ਮਾਨਯੋਗ ਸਪੀਕਰ :** ਪ੍ਰਸਤਾਵ ਕੀਤਾ–

ਕਿ ਪੰਜਾਬ ਜ਼ਰਾਇਤੀ ਪੈਦਾਵਾਰ ਦੀਆਂ ਮੰਡੀਆਂ (ਦੂਜੀ ਸੋਧਨਾ) ਬਿਲ, 2017 ਪਾਸ ਕੀਤਾ ਜਾਵੇ।

**ਮਾਨਯੋਗ ਸਪੀਕਰ :** ਪ੍ਰਸ਼ਨ ਹੈ –

ਕਿ ਪੰਜਾਬ ਜ਼ਰਾਇਤੀ ਪੈਦਾਵਾਰ ਦੀਆਂ ਮੰਡੀਆਂ (ਦੂਜੀ ਸੋਧਨਾ) ਬਿਲ, 2017 ਪਾਸ ਕੀਤਾ ਜਾਵੇ।

***ਪ੍ਰਸਤਾਵ ਸਰਬਸੰਮਤੀ ਨਾਲ ਪ੍ਰਵਾਨ ਹੋਇਆ।***

-----

## 11. THE PUNJAB INFRASTRUCTURE (DEVELOPMENT AND REGULATION) AMENDMENT BILL, 2017

**Finance, Planning and Employment Generation Minister (Sardar Manpreet Singh Badal) :** Sir, I beg to introduce The Punjab Infrastructure (Development and Regulation) Amendment Bill, 2017.

Sir, I also beg to move -

That The Punjab Infrastructure (Development and Regulation) Amendment Bill, 2017 be taken into consideration at once.

**ਮਾਨਯੋਗ ਸਪੀਕਰ :** ਪ੍ਰਸਤਾਵ ਕੀਤਾ –

ਕਿ ਪੰਜਾਬ ਬੁਨਿਆਦੀ ਢਾਂਚਾ (ਵਿਕਾਸ ਅਤੇ ਵਿਨਿਯਮਨ) ਸੋਧਨਾ ਬਿਲ, 2017 ਤੇ ਤੁਰੰਤ ਵਿਚਾਰ ਕੀਤਾ ਜਾਵੇ।

ਮੰਤਰੀ ਜੀ, ਤੁਸੀਂ ਕੁਝ ਹੋਰ ਕਹਿਣਾ ਚਾਹੁੰਦੇ ਹੋ?

**ਵਿੱਤ, ਯੋਜਨਾ ਅਤੇ ਰੁਜ਼ਗਾਰ ਉਤਪਤੀ ਮੰਤਰੀ (ਸਰਦਾਰ ਮਨਪ੍ਰੀਤ ਸਿੰਘ ਬਾਦਲ) :** ਜਨਾਬ ਸਪੀਕਰ ਸਾਹਿਬ, ਮੈਂ ਤੁਹਾਡੀ ਮਾਰਫਤ ਅਜ਼ੀਮ ਸਦਨ ਨੂੰ ਇੰਨਾ ਹੀ ਦੱਸਣਾ ਚਾਹੁੰਦਾ ਹਾਂ ਕਿ ਸਾਲ 1998 ਵਿੱਚ ਪੰਜਾਬ ਇੰਫ੍ਰਾਸਟ੍ਰਕਚਰ ਡਿਵੈਲਪਮੈਂਟ ਬੋਰਡ ਵਜੂਦ

[ ਵਿੱਤ, ਯੋਜਨਾ ਅਤੇ ਰੁਜ਼ਗਾਰ ਉਤਪਤੀ ਮੰਤਰੀ ]

ਵਿੱਚ ਆਇਆ ਸੀ ਕਿਉਂਕਿ ਇਹ ਮਹਿਸੂਸ ਕੀਤਾ ਗਿਆ ਸੀ ਕਿ ਪੰਜਾਬ ਵਿੱਚ ਕੋਈ ਵੱਡਾ ਬੁਨਿਆਦੀ ਢਾਂਚਾ ਭਾਵੇਂ ਰੇਲਵੇ ਓਵਰ ਬ੍ਰਿਜ ਹਨ, ਬਾਈਪਾਸ ਜਾਂ ਨਹਿਰਾਂ ਦੇ ਇੰਫ੍ਰਾਸਟ੍ਰਕਚਰ ਦੇ ਵੱਡੇ ਕੰਮ ਹਨ, ਉਨ੍ਹਾਂ ਲਈ ਐਡੀਸ਼ਨਲ ਰਿਸੋਰਸਿਜ਼ ਮੋਬੇਲਾਈਜ਼ੇਸ਼ਨ ਦਾ ਜ਼ਰੀਆ ਪੈਦਾ ਕੀਤਾ ਜਾਵੇ। ਉਸ ਤਹਿਤ ਇਹ ਇੰਫ੍ਰਾਸਟ੍ਰਕਚਰ ਡਿਵੈਲਪਮੈਂਟ ਬੋਰਡ ਨੂੰ ਅਖਤਿਆਰ ਦਿੱਤੇ ਸੀ ਕਿ ਇਹ ਛੋਟੀ-ਮੋਟੀ ਸੈੱਸ ਜਾਂ ਫੀਸ ਲਾ ਕੇ ਰਿਸੋਰਸਿਜ਼ ਇਕੱਠੇ ਕਰ ਸਕਦਾ ਹੈ। ਸਪੀਕਰ ਸਾਹਿਬ, ਇਸ ਤਹਿਤ ਪੈਟਰੋਲ, ਡੀਜ਼ਲ, ਕਣਕ, ਝੋਨਾ, ਬਿਜਲੀ ਅਤੇ ਇਮੂਵੇਬਲ ਪ੍ਰਾਪਰਟੀ ਦੇ ਟੈਕਸ ਇਸ ਬੋਰਡ ਨੂੰ ਆਉਂਦੇ ਹਨ। ਪਿਛਲੇ ਸਾਲ ਕਰੀਬਨ 2350 ਕਰੋੜ ਰੁਪਿਆ ਇਸ ਬੋਰਡ ਵਿੱਚ ਆਇਆ ਹੈ। ਸਪੀਕਰ ਸਾਹਿਬ, ਮਕਸਦ ਤਾਂ ਇਹ ਸੀ ਕਿ ਜਿਹੜੇ ਪੰਜਾਬ ਦੇ ਬਹੁਤ ਵੱਡੇ ਪ੍ਰਾਜੈਕਟ ਹੋਣਗੇ ਜਾਂ ਕੋਈ ਪ੍ਰਾਈਵੇਟ ਪਾਰਟੀ ਵੀ ਆਉਂਦੀ ਹੈ ਤਾਂ ਉਸ ਨਾਲ ਹਿੱਸੇ ਵਿੱਚ ਜਾਂ ਵਾਇਬਲ ਗੈਪ ਫੰਡਿੰਗ, ਜਿਹੜਾ ਗੈਪ ਪੂਰਾ ਨਹੀਂ ਹੋ ਰਿਹਾ, ਉਸ ਵਿੱਚ ਪੰਜਾਬ ਸਰਕਾਰ ਪੈਸਾ ਪਾਵੇ ਪਰ ਪਿਛਲੇ 10 ਸਾਲਾਂ ਵਿੱਚ ਇਹ ਦੇਖਿਆ ਗਿਆ ਕਿ ਇਸ ਦਾ ਬੜਾ ਮਿਸਯੂਜ਼ ਹੋ ਰਿਹਾ ਸੀ। ਜਿਸ ਤਰ੍ਹਾਂ ਬਜਟ ਤਜ਼ਵੀਜ਼ਾਂ ਵਿੱਚ ਵੀ ਆਇਆ ਹੈ ਕਿ ਇਸ ਦਾ ਸਾਰਾ ਕਾਂਸਟੀਚਿਊਸ਼ਨ ਅਤੇ ਕਰੈਕਟਰ ਬਦਲ ਕੇ ਵਾਲੀਬਾਲ ਦੀਆਂ ਕਿੱਟਾਂ, ਭਾਂਡੇ ਅਤੇ ਤੰਬੂ-ਕਨਾਤਾਂ ਤਕਸੀਮ ਹੋਣ ਲੱਗ ਪਈਆਂ ਸਨ।

ਸਪੀਕਰ ਸਾਹਿਬ, ਇਸ ਬਿਲ ਦੇ ਦੋ ਪਹਿਲੂ ਹਨ। ਸਾਲ 1998 ਤੋਂ ਆਡੀਟਰ ਜਨਰਲ ਇਸ ਗੱਲ ਤੇ ਇਤਰਾਜ਼ ਕਰਦਾ ਆ ਰਿਹਾ ਹੈ ਕਿ ਇਹ ਕਿਵੇਂ ਹੋ ਸਕਦਾ ਹੈ? 2000-2500 ਕਰੋੜ ਰੁਪਿਆ ਪੰਜਾਬ ਸਰਕਾਰ ਨੂੰ ਆਉਂਦਾ ਹੋਵੇ ਅਤੇ ਉਹ ਕਿਸੇ ਆਡਿਟ ਵਿੱਚ ਹੀ ਨਾ ਹੋਵੇ? ਪੀ.ਆਈ.ਡੀ.ਬੀ. ਦਾ ਆਪਣਾ ਇੰਟਰਨਲ ਆਡਿਟ ਹੁੰਦਾ ਹੈ ਪਰ ਕੰਪਟ੍ਰੋਲਰ ਐਂਡ ਆਡੀਟਰ ਜਨਰਲ (ਕੈਗ) ਇਸ ਦਾ ਆਡਿਟ ਨਹੀਂ ਕਰ ਸਕਦਾ ਅਤੇ ਉਹ ਇਸ ਦਾ ਸ਼ਦੀਦ ਇਤਰਾਜ਼ ਕਰ ਰਿਹਾ ਸੀ ਕਿ ਇਹ ਗਲਤ ਹੈ। ਪੰਜਾਬ ਵਿੱਚ ਕੋਈ ਵੀ ਪੈਸਾ, ਇਕ ਦਮੜੀ ਵੀ ਖਰਚ ਹੋਣੀ ਹੈ ਤਾਂ ਉਹ ਵਿਧਾਨ ਸਭਾ ਦੀ ਮਨਜ਼ੂਰੀ ਨਾਲ, ਇਜਾਜ਼ਤ ਨਾਲ ਹੀ ਹੋ ਸਕਦੀ ਹੈ। ਸੋ, ਇਸ ਬਿਲ ਨੂੰ ਲਿਆਉਣ ਦਾ ਇਹ ਮਕਸਦ ਹੈ, ਇਹ ਅਮੈਂਡਮੈਂਟ ਬਿਲ ਹੈ। ਇਸ ਵਿੱਚ ਇਹ ਹੈ ਕਿ ਅੱਜ ਤੋਂ ਬਾਅਦ ਸਾਰਾ ਪੈਸਾ ਸਟੇਟ ਦਾ ਜਿਹੜਾ ਸਰਕਾਰੀ ਖਜ਼ਾਨਾ ਹੈ, ਉਸ ਦੇ ਕੰਸੋਲੀਡੇਟਿਡ ਫੰਡ ਵਿੱਚ ਜਾਵੇਗਾ।

ਸਪੀਕਰ ਸਾਹਿਬ, ਦੂਸਰਾ ਪਹਿਲੂ ਇਹ ਵੀ ਹੈ ਕਿ ਪਿਛਲੀ ਸਰਕਾਰ ਵਿੱਚ ਇਕ ਡਿਪਟੀ ਸੀ.ਐਮ. ਵੀ ਹੁੰਦੇ ਸਨ। ਉਸ ਡਿਪਟੀ ਸੀ.ਐਮ. ਨੇ ਬੋਲਿਆ ਕਿ ਮੈਂ ਵੀ ਇਸ ਬੋਰਡ ਦਾ ਮੈਂਬਰ ਬਣਨਾ ਹੈ। ਸੀ.ਐਮ. ਉਸ ਬੋਰਡ ਦਾ ਚੇਅਰਮੈਨ ਹੁੰਦਾ ਸੀ, ਉਨ੍ਹਾਂ ਨੇ ਕਹਿ ਦਿੱਤਾ ਕਿ ਡਿਪਟੀ ਸੀ.ਐਮ. ਇਸ ਬੋਰਡ ਦਾ ਕੋ-ਚੇਅਰਮੈਨ ਹੋਵੇਗਾ। ਹੁਣ ਬਦਕਿਸਮਤੀ ਨਾਲ ਉਹ ਡਿਪਟੀ ਸੀ.ਐਮ. ਐਮ.ਐਲ.ਏ. ਹਨ, ਇਸ ਲਈ ਕੋ-ਚੇਅਰਮੈਨ

ਦਾ ਕੋਈ ਮਕਸਦ ਨਹੀਂ ਰਹਿ ਗਿਆ। ਇਸ ਲਈ ਅਮੈਂਡਮੈਂਟ ਇਹ ਹੈ ਕਿ ਕੋ-ਚੇਅਰਮੈਨ ਕੱਟ ਦਿੱਤਾ ਜਾਵੇ ਅਤੇ ਇਸ ਦੀ ਥਾਂ ਵਾਈਸ ਚੇਅਰਮੈਨ ਹੋ ਜਾਵੇ। ਬਹੁਤ ਧੰਨਵਾਦ।(ਥੰਪਿੰਗ)

**ਮਾਨਯੋਗ ਸਪੀਕਰ :** ਪ੍ਰਸ਼ਨ ਹੈ -

ਕਿ ਪੰਜਾਬ ਬੁਨਿਆਦੀ ਢਾਂਚਾ (ਵਿਕਾਸ ਅਤੇ ਵਿਨਿਯਮਨ) ਸੋਧਨਾ ਬਿਲ, 2017 ਤੇ ਤੁਰੰਤ ਵਿਚਾਰ ਕੀਤਾ ਜਾਵੇ।

***ਪ੍ਰਸਤਾਵ ਸਰਬਸੰਮਤੀ ਨਾਲ ਪ੍ਰਵਾਨ ਹੋਇਆ।***

**ਮਾਨਯੋਗ ਸਪੀਕਰ :** ਹੁਣ ਸਦਨ ਬਿਲ ਤੇ ਕਲਾਜ਼-ਵਾਰ ਵਿਚਾਰ ਕਰੇਗਾ।

**ਕਲਾਜ਼ 1 ਦੀ ਸਬ-ਕਲਾਜ਼ (2)**

**ਮਾਨਯੋਗ ਸਪੀਕਰ :** ਪ੍ਰਸ਼ਨ ਹੈ -

ਕਿ ਕਲਾਜ਼ 1 ਦੀ ਸਬ-ਕਲਾਜ਼ (2) ਬਿਲ ਦਾ ਹਿੱਸਾ ਹੈ।

***ਪ੍ਰਸਤਾਵ ਪ੍ਰਵਾਨ ਹੋਇਆ।***

**ਕਲਾਜ਼ਾਂ 2 ਤੋਂ 6**

**ਮਾਨਯੋਗ ਸਪੀਕਰ :** ਕਿਉਂਜੋ ਕਲਾਜ਼ਾਂ 2 ਤੋਂ 6 ਤੱਕ ਕੋਈ ਸੋਧਨਾ ਨਹੀਂ ਹੈ, ਜੇਕਰ ਸਦਨ ਦੀ ਸਹਿਮਤੀ ਹੋਵੇ ਤਾਂ ਇਹ ਕਲਾਜ਼ਾਂ ਇਕੱਠੀਆਂ ਹੀ ਸਦਨ ਦੀ ਵੋਟਿੰਗ ਲਈ ਰੱਖ ਦਿੱਤੀਆਂ ਜਾਣ?

(**ਅਵਾਜ਼ਾਂ:** ਹਾਂ ਜੀ, ਹਾਂ ਜੀ।)

**ਮਾਨਯੋਗ ਸਪੀਕਰ :** ਪ੍ਰਸ਼ਨ ਹੈ-

ਕਿ ਕਲਾਜ਼ਾਂ 2 ਤੋਂ 6 ਬਿਲ ਦਾ ਹਿੱਸਾ ਹਨ।

***ਪ੍ਰਸਤਾਵ ਪ੍ਰਵਾਨ ਹੋਇਆ।***

**ਕਲਾਜ਼ 1 ਦੀ ਸਬ-ਕਲਾਜ਼ (1)**

**ਮਾਨਯੋਗ ਸਪੀਕਰ :** ਪ੍ਰਸ਼ਨ ਹੈ-

ਕਿ ਕਲਾਜ਼ 1 ਦੀ ਸਬ-ਕਲਾਜ਼ (1) ਬਿਲ ਦਾ ਹਿੱਸਾ ਹੈ।

***ਪ੍ਰਸਤਾਵ ਸਰਬਸੰਮਤੀ ਨਾਲ ਪ੍ਰਵਾਨ ਹੋਇਆ।***

**ਸਿਰਲੇਖ**

**ਮਾਨਯੋਗ ਸਪੀਕਰ :** ਪ੍ਰਸ਼ਨ ਹੈ-

ਕਿ ਸਿਰਲੇਖ ਬਿਲ ਦਾ ਸਿਰਲੇਖ ਬਣੇ।

***ਪ੍ਰਸਤਾਵ ਸਰਬਸੰਮਤੀ ਨਾਲ ਪ੍ਰਵਾਨ ਹੋਇਆ।***

**ਮਾਨਯੋਗ ਸਪੀਕਰ :** ਮੰਤਰੀ ਜੀ ਬਿਲ ਪਾਸ ਕਰਨ ਲਈ ਪ੍ਰਸਤਾਵ ਪੇਸ਼ ਕਰਨ।

**Finance, Planning and Employment Generation Minister (Sardar Manpreet Singh Badal):** Sir, I beg to move –

That The Punjab Infrastructure (Development and Regulation) Amendment Bill, 2017 be passed.

**ਮਾਨਯੋਗ ਸਪੀਕਰ :** ਪ੍ਰਸਤਾਵ ਕੀਤਾ–

ਕਿ ਪੰਜਾਬ ਬੁਨਿਆਦੀ ਢਾਂਚਾ (ਵਿਕਾਸ ਅਤੇ ਵਿਨਿਯਮਨ) ਸੋਧਨਾ ਬਿਲ, 2017 ਪਾਸ ਕੀਤਾ ਜਾਵੇ।

**ਮਾਨਯੋਗ ਸਪੀਕਰ :** ਪ੍ਰਸ਼ਨ ਹੈ–

ਕਿ ਪੰਜਾਬ ਬੁਨਿਆਦੀ ਢਾਂਚਾ (ਵਿਕਾਸ ਅਤੇ ਵਿਨਿਯਮਨ) ਸੋਧਨਾ ਬਿਲ, 2017 ਪਾਸ ਕੀਤਾ ਜਾਵੇ।

***ਪ੍ਰਸਤਾਵ ਸਰਬਸੰਮਤੀ ਨਾਲ ਪ੍ਰਵਾਨ ਹੋਇਆ।***

-------

## 12. THE PUNJAB MUNICIPAL INFRASTRUCTURE DEVELOPMENT FUND (AMENDMENT) BILL, 2017

**ਮਾਨਯੋਗ ਸਪੀਕਰ:** ਅਗਲਾ ਬਿਲ, ਪੰਜਾਬ ਮਿਉਂਸਿਪਲ ਬੁਨਿਆਦੀ ਢਾਂਚਾ ਵਿਕਾਸ ਫੰਡ (ਸੋਧਨਾ) ਬਿਲ, 2017, ਸਰਦਾਰ ਮਨਪ੍ਰੀਤ ਸਿੰਘ ਬਾਦਲ, ਵਿੱਤ ਮੰਤਰੀ ਜੀ ਬਿਲ ਪੇਸ਼ ਕਰਨ।

**Finance, Planning and Employment Generation Minister (Sardar Manpreet Singh Badal) :** Sir, I beg to introduce The Punjab Municipal Infrastructure Development Fund (Amendment) Bill, 2017.

Sir, I also beg to move –

That The Punjab Municipal Infrastructure Development Fund (Amendment) Bill, 2017 be taken into consideration at once.

**ਮਾਨਯੋਗ ਸਪੀਕਰ :** ਪ੍ਰਸਤਾਵ ਕੀਤਾ–

ਕਿ ਪੰਜਾਬ ਮਿਉਂਸਿਪਲ ਬੁਨਿਆਦੀ ਢਾਂਚਾ ਵਿਕਾਸ ਫੰਡ (ਸੋਧਨਾ) ਬਿਲ, 2017 ਤੇ ਤੁਰੰਤ ਵਿਚਾਰ ਕੀਤਾ ਜਾਵੇ।

ਬਹਿਸ, ਮੰਤਰੀ ਜੀ, ਤੁਸੀਂ ਇਸ ਤੇ ਕੁਝ ਕਹਿਣਾ ਚਾਹੁੰਦੇ ਹੋ?

**ਵਿੱਤ, ਯੋਜਨਾ ਅਤੇ ਰੁਜ਼ਗਾਰ ਉਤਪਤੀ ਮੰਤਰੀ (ਸਰਦਾਰ ਮਨਪ੍ਰੀਤ ਸਿੰਘ ਬਾਦਲ) :** ਮਾਨਯੋਗ ਸਪੀਕਰ ਸਾਹਿਬ, ਤੁਹਾਡੀ ਮਾਰਫ਼ਤ ਮੈਂ ਇਸ ਅਜ਼ੀਮ ਸਦਨ ਨੂੰ ਸਿਰਫ ਇੰਨੀ ਹੀ ਗੁਜਾਰਿਸ਼ ਕਰਨੀ ਹੈ ਕਿ ਯਕੁਮ ਜੁਲਾਈ, 2017 ਤੋਂ ਮੁਲਕ ਵਿਚ ਇੱਕ ਨਵਾਂ ਗੁੱਡਜ਼ ਐਂਡ ਸਰਵਿਸਿਜ਼ ਟੈਕਸ ਨਾਫਿਜ਼ ਹੋਣ ਜਾ ਰਿਹਾ ਹੈ। ਇਸ ਦੇ ਤਹਿਤ ਸਟੇਟ ਦੇ ਜਿੰਨੇ ਵੀ ਛੋਟੇ ਮੋਟੇ ਟੈਕਸ ਸੀ, ਉਹ ਸਾਰੇ ਇਸ ਵਿੱਚ ਇਕ ਕਿਸਮ ਦੇ ਸਬਸਿਊਮ ਕਰ ਲਏ ਗਏ ਹਨ। ਇਸ ਦੀ ਹਿਸਟਰੀ ਇਹ ਵੀ ਹੈ ਕਿ ਮਿਉਂਸਿਪਲ ਕਮੇਟੀਜ਼ ਅਤੇ ਕਾਰਪੋਰੇਸ਼ਨਜ਼ ਪਹਿਲਾਂ ਪੰਜਾਬ ਦੇ ਵਿਚ ਚੁੰਗੀ ਲਗਾਉਂਦੀਆਂ ਸਨ। ਸ਼ਾਇਦ ਉਸ ਦੀ ਵਜ੍ਹਾ ਨਾਲ ਹੀ ਵੈਟ ਐਕਟ, 2005 ਆਇਆ, ਉਸ ਵਿਚ ਚੁੰਗੀਆਂ ਵੀ ਖਤਮ ਕਰ ਦਿੱਤੀਆਂ ਗਈਆਂ। ਇਸ ਬਾਰੇ ਹਾਈ ਕੋਰਟ ਦਾ ਆਦੇਸ਼ ਸੀ ਕਿ ਪੰਜਾਬ ਵਿਚ ਜਿੰਨਾ ਵੀ ਵੈਟ ਇਕੱਠਾ ਹੁੰਦਾ ਹੈ, ਉਸ ਦਾ 11% ਹਿੱਸਾ ਡਾਇਰੈਕਟਲੀ ਮਿਉਂਸਿਪਲ ਕਮੇਟੀਜ਼ ਅਤੇ ਕਾਰਪੋਰੇਸ਼ਨਾਂ ਕੋਲ ਸਿੱਧਾ ਦਿੱਤਾ ਜਾਵੇ। ਪ੍ਰੰਤੂ ਕਿਉਂਕਿ ਹੁਣ ਇਹ ਵੈਟ ਐਕਟ ਖਤਮ ਹੋ ਗਿਆ ਹੈ ਔਰ ਇਕ ਇਨੇਬਲਿੰਗ ਲੈਜਿਸਲੇਸ਼ਨ ਲੈ ਕੇ ਆਉਣੀ ਸੀ, ਉਸ ਦੇ ਤਹਿਤ ਇਹ ਐਕਟ ਲੈ ਕੇ ਆਏ ਹਾਂ। ਸਪੀਕਰ ਸਾਹਿਬ, ਅਸੀਂ ਹਾਊਸ ਨੂੰ ਇਸ ਗੱਲ ਦਾ ਐਸ਼ਿਓਰ ਕਰਦੇ ਹਾਂ ਕਿ ਸਾਲ 2015-16 ਦਾ ਜੋ ਬੇਸ ਰੱਖਿਆ ਗਿਆ ਹੈ, ਉਸ ਦੇ ਤਹਿਤ ਹਰ ਸਾਲ 14% ਦੀ ਇਨਕਰੀਜ਼ ਜਿਹੜੀ ਹੈ, ਇਹ ਮਿਉਂਸਿਪਲ ਕਮੇਟੀਜ਼ ਅਤੇ ਕਾਰਪੋਰੇਸ਼ਨਜ਼ ਨੂੰ ਦੇਣਾ ਹੈ । ਇਨ੍ਹਾਂ ਦੇ ਖਾਤਿਆਂ ਵਿਚ ਹਰ ਮਹੀਨੇ ਇਹ ਟੈਕਸ ਦਾ ਪੈਸਾ ਜਮ੍ਹਾਂ ਕਰਵਾ ਦਿਆ ਕਰਾਂਗੇ ਕਿਉਂਕਿ ਹੁਣ ਇਹ ਸਿੱਧਾ ਪਹਿਲਾਂ ਸਾਡੀ ਟਰੈਜ਼ਰੀ ਵਿਚ ਆਵੇਗਾ ਅਤੇ ਗਰਾਂਟ-ਇੰਨ-ਏਡ ਦੇ ਤੌਰ ਤੇ ਜਾਇਆ ਕਰੇਗਾ। ਕਈਆਂ ਨੂੰ ਇਹ ਖਦਸ਼ਾ ਸੀ ਕਿ ਸ਼ਾਇਦ 14% ਦੀ ਇਨਕਰੀਜ਼ ਪਾਸ ਆਨ ਨਾ ਕੀਤੀ ਜਾਵੇ, ਇਹ ਪਾਸ ਆਨ ਵੀ ਕੀਤੀ ਜਾਵੇਗੀ ਔਰ ਜਿੰਨਾ ਚਿਰ ਇਹ 14% ਇਨਕਰੀਜ਼ ਮਿਲੇਗੀ, ਉਨਾ ਚਿਰ ਤੱਕ ਇਹ ਅੱਗੇ ਪਾਸ ਆਨ ਕੀਤੀ ਜਾਇਆ ਕਰੇਗੀ। ਸਪੀਕਰ ਸਾਹਿਬ, ਮੈਂ ਫਿਰ ਐਸ਼ਿਓਰ ਕਰਦਾ ਹਾਂ ਕਿ ਹਰ ਮਹੀਨੇ ਇਹ ਉਨ੍ਹਾਂ ਦੇ ਫੰਡ ਵਿਚ ਜਮ੍ਹਾਂ ਹੋ ਜਾਇਆ ਕਰੇਗਾ।

**ਮਾਨਯੋਗ ਸਪੀਕਰ :** ਪ੍ਰਸ਼ਨ ਹੈ-

ਕਿ ਪੰਜਾਬ ਮਿਉਂਸਪਲ ਬੁਨਿਆਦੀ ਢਾਂਚਾ ਵਿਕਾਸ ਫੰਡ (ਸੋਧਨਾ) ਬਿਲ, 2017 ਤੇ ਤੁਰੰਤ ਵਿਚਾਰ ਕੀਤਾ ਜਾਵੇ।

***ਪ੍ਰਸਤਾਵ ਪ੍ਰਵਾਨ ਹੋਇਆ।***

**ਮਾਨਯੋਗ ਸਪੀਕਰ :** ਹੁਣ ਸਦਨ ਬਿਲ ਤੇ ਕਲਾਜ਼-ਵਾਰ ਵਿਚਾਰ ਕਰੇਗਾ।

**ਕਲਾਜ਼ 1 ਦੀ ਸਬ-ਕਲਾਜ਼ (2)**

**ਮਾਨਯੋਗ ਸਪੀਕਰ :** ਪ੍ਰਸ਼ਨ ਹੈ -

ਕਿ ਕਲਾਜ਼ 1 ਦੀ ਸਬ-ਕਲਾਜ਼ (2) ਬਿਲ ਦਾ ਹਿੱਸਾ ਹੈ।

[ ਮਾਨਯੋਗ ਸਪੀਕਰ ]

*ਪ੍ਰਸਤਾਵ ਪ੍ਰਵਾਨ ਹੋਇਆ।*

**ਕਲਾਜ਼ਾਂ 2 ਤੋਂ 7**

**ਮਾਨਯੋਗ ਸਪੀਕਰ :** ਕਿਉਂਜੋ ਕਲਾਜ਼ਾਂ 2 ਤੋਂ 7 ਤੱਕ ਕੋਈ ਸੋਧਨਾ ਨਹੀਂ ਹੈ, ਜੇਕਰ ਸਦਨ ਦੀ ਸਹਿਮਤੀ ਹੋਵੇ ਤਾਂ ਇਹ ਕਲਾਜ਼ਾਂ ਇਕੱਠੀਆਂ ਹੀ ਸਦਨ ਦੀ ਵੋਟਿੰਗ ਲਈ ਰੱਖ ਦਿੱਤੀਆਂ ਜਾਣ?

(**ਅਵਾਜ਼ਾਂ :** ਹਾਂ ਜੀ, ਹਾਂ ਜੀ)

**ਮਾਨਯੋਗ ਸਪੀਕਰ :** ਪ੍ਰਸ਼ਨ ਹੈ -

ਕਿ ਕਲਾਜ਼ਾਂ 2 ਤੋਂ 7 ਬਿਲ ਦਾ ਹਿੱਸਾ ਹਨ।

*ਪ੍ਰਸਤਾਵ ਪ੍ਰਵਾਨ ਹੋਇਆ।*

**ਸਥਾਨਕ ਸਰਕਾਰ ਮੰਤਰੀ :** ਸਪੀਕਰ ਸਾਹਿਬ, ਮੈਂ ਇਸ ਬਿਲ ਤੇ ਕੁਝ ਬੋਲਣਾ ਚਾਹੁੰਦਾ ਹਾਂ।

**ਮਾਨਯੋਗ ਸਪੀਕਰ :** ਤੁਸੀਂ ਬਿਲ ਪਾਸ ਹੋਣ ਤੋਂ ਪਹਿਲਾਂ ਬੋਲ ਲੈਣਾ।

**ਸਥਾਨਕ ਸਰਕਾਰ ਮੰਤਰੀ :** ਠੀਕ ਹੈ ਜੀ, ਮੈਂ ਬਿਲ ਪਾਸ ਹੋਣ ਸਮੇਂ ਬੋਲ ਲਵਾਂਗਾ ਜੀ।

**ਕਲਾਜ਼ 1 ਦੀ ਸਬ-ਕਲਾਜ਼ (1)**

**ਮਾਨਯੋਗ ਸਪੀਕਰ :** ਪ੍ਰਸ਼ਨ ਹੈ -

ਕਿ ਕਲਾਜ਼ 1 ਦੀ ਸਬ-ਕਲਾਜ਼ (1) ਬਿਲ ਦਾ ਹਿੱਸਾ ਹੈ।

*ਪ੍ਰਸਤਾਵ ਪ੍ਰਵਾਨ ਹੋਇਆ।*

**ਸਿਰਲੇਖ**

**ਮਾਨਯੋਗ ਸਪੀਕਰ :** ਪ੍ਰਸ਼ਨ ਹੈ -

ਕਿ ਸਿਰਲੇਖ ਬਿਲ ਦਾ ਸਿਰਲੇਖ ਬਣੇ।

*ਪ੍ਰਸਤਾਵ ਪ੍ਰਵਾਨ ਹੋਇਆ।*

**ਮਾਨਯੋਗ ਸਪੀਕਰ:** ਹਾਂ ਜੀ, ਸਿੱਧੂ ਸਾਹਿਬ, ਹੁਣ ਦੱਸੋ।

**ਸਥਾਨਕ ਸਰਕਾਰ ਮੰਤਰੀ (ਸਰਦਾਰ ਨਵਜੋਤ ਸਿੰਘ ਸਿੱਧੂ) :** ਸਪੀਕਰ ਸਾਹਿਬ, ਜੀ.ਐਸ.ਟੀ. ਦੇ ਆਉਣ ਨਾਲ ਲੋਕਲ ਸੈਲਫ ਗੌਰਮਿੰਟ ਨੂੰ ਜਿਹੜਾ ਪਹਿਲਾਂ 11 ਫੀਸਦੀ ਵੈਟ ਦਾ ਸਿੱਧਾ ਪੈਸਾ ਆਉਂਦਾ ਸੀ, ਉਹ ਨਹੀਂ ਆਵੇਗਾ। ਭਾਰਤ ਸਰਕਾਰ ਜੀ.ਐਸ.ਟੀ. ਅਧੀਨ ਅਗਲੇ 5 ਸਾਲਾਂ ਲਈ ਇਹ ਐਸ਼ੋਅਰ ਕਰ ਰਹੀ ਹੈ ਕਿ ਤੁਹਾਨੂੰ ਘਾਟਾ ਪਵੇ, ਤੁਹਾਨੂੰ ਵਾਧਾ ਪਵੇ, ਅਸੀਂ ਜੋ ਤੁਹਾਨੂੰ ਪੈਸੇ ਦੇਣੇ ਹਨ, ਉਹ 14 ਫੀਸਦੀ ਇਨਕਰੀਜ਼ ਨਾਲ ਦੇਵਾਂਗੇ, ਘਾਟਾ ਵਾਧਾ ਸਭ ਅਸੀਂ ਸਹਾਂਗੇ। ਸਪੀਕਰ ਸਾਹਿਬ, ਸਾਡੀ ਸਰਕਾਰ ਦੀ ਬਹੁਤ

ਵੱਡੀ ਜਿੱਤ ਵਿਚ ਉਨ੍ਹਾਂ 46 ਫੀਸਦੀ ਬੰਦਿਆਂ ਦਾ ਯੋਗਦਾਨ ਹੈ ਜਿਨ੍ਹਾਂ ਨੇ ਕੰਸੋਲੀਡੇਟਿਡ ਹੋ ਕੇ ਸਾਨੂੰ ਵੋਟਾਂ ਪਾਈਆਂ ਹਨ। ਸਪੀਕਰ ਸਾਹਿਬ, ਮੈਂ ਉਨ੍ਹਾਂ ਲੋਕਾਂ ਦੇ ਹੱਕਾਂ ਦਾ ਪਹਿਰੇਦਾਰ ਹਾਂ। ਉਨ੍ਹਾਂ 46 ਫੀਸਦੀ ਬੰਦਿਆਂ ਨੂੰ ਸਟੇਟ ਦੇ ਫਾਈਨਾਂਸ ਕਮਿਸ਼ਨ ਵਲੋਂ ਕੁਮਿੱਟਮੈਂਟ ਕੀਤੀ ਗਈ ਸੀ ਕਿ ਉਨ੍ਹਾਂ ਨੂੰ ਫਾਈਨਾਂਸ ਕਮਿਸ਼ਨ ਵਲੋਂ 4 ਫੀਸਦੀ ਦਿੱਤਾ ਜਾਵੇਗਾ। ਸਪੀਕਰ ਸਾਹਿਬ, ਮੈਂ ਇਹ ਰਿਕਾਰਡ ਤੇ ਲਿਆਉਣਾ ਚਾਹੁੰਦਾ ਹਾਂ ਕਿ ਉਨ੍ਹਾਂ ਦਾ 10 ਸਾਲ ਦਾ ਬਣਦਾ 1620 ਕਰੋੜ ਰੁਪਿਆ ਨਹੀਂ ਦਿੱਤਾ ਗਿਆ। 1620 ਕਰੋੜ ਰੁਪਿਆ ਨਹੀਂ ਦਿੱਤਾ ਗਿਆ। ਹੁਣ ਵੀ ਇਸ ਐਕਟ ਵਿਚ ਪ੍ਰੋਵੀਜ਼ਨ ਹੈ ਕਿ ਜਿਹੜਾ 14 ਫੀਸਦੀ ਹੈ, ਉਹ ਲੋਕਲ ਸੈਲਫ ਗੌਰਮਿੰਟਾਂ ਨੂੰ ਦਿੱਤਾ ਜਾਵੇ। ਇਸ ਕਰਕੇ ਮੈਂ ਇਹ ਗੁਜ਼ਾਰਿਸ਼ ਕਰ ਰਿਹਾ ਹਾਂ ਕਿ ਜਿਨ੍ਹਾਂ ਲੋਕਾਂ ਨੇ ਸਾਨੂੰ ਜਿਤਾਇਆ ਹੈ, ਜਿਨ੍ਹਾਂ ਲੋਕਾਂ ਨੇ ਸਾਡਾ ਮਾਣ ਰੱਖਿਆ ਹੈ, ਸਾਡੀ ਪੱਗ ਉੱਚੀ ਕੀਤੀ ਹੈ, ਉਨ੍ਹਾਂ ਨੂੰ 14 ਫੀਸਦੀ ਇਨਕਰੀਜ਼ ਦੇ ਨਾਲ ਪੈਸਾ ਦਿੱਤਾ ਜਾਵੇ, ਕਿਉਂਕਿ ਭਾਰਤ ਸਰਕਾਰ ਸਾਨੂੰ 14 ਫੀਸਦੀ ਇਨਕਰੀਜ਼ ਦੇ ਰਹੀ ਹੈ। ਇਸ ਕਰਕੇ ਮੈਂ ਮੁੱਖ ਮੰਤਰੀ ਜੀ ਨੂੰ ਵਧਾਈ ਦਿੰਦਾ ਹਾਂ ਕਿ ਉਨ੍ਹਾਂ ਨੇ ਇਹ ਐਕਟ ਲਿਆਂਦਾ ਹੈ ਪਰ ਅਸੀਂ ਉਨ੍ਹਾਂ ਲੋਕਾਂ ਦਾ ਖਿਆਲ ਰੱਖਣਾ ਹੈ, ਜਿਨ੍ਹਾਂ ਨੇ ਸਾਨੂੰ ਸਰਕਾਰ ਬਣਾ ਕੇ ਦਿੱਤੀ ਹੈ। (ਟਰੈਜ਼ਰੀ ਬੈਂਚਿੰਜ਼ ਵਲੋਂ ਥੰਪਿੰਗ)।ਧੰਨਵਾਦ ਜੀ।

**ਮਾਨਯੋਗ ਸਪੀਕਰ :** ਹੁਣ ਮੰਤਰੀ ਸਾਹਿਬ ਪ੍ਰਸਤਾਵ ਕਰਨਗੇ ਕਿ ਬਿਲ ਪਾਸ ਕੀਤਾ ਜਾਵੇ।

**Finance, Planning and Employment Generation Minister (Sardar Manpreet Singh Badal) :** Sir I beg to move-

> That The Punjab Municipal Infrastructure Development Fund (Amendment) Bill, 2017 be passed.

**ਮਾਨਯੋਗ ਸਪੀਕਰ :** ਪ੍ਰਸਤਾਵ ਕੀਤਾ –

> ਕਿ ਪੰਜਾਬ ਮਿਉਂਸਿਪਲ ਬੁਨਿਆਦੀ ਢਾਂਚਾ ਵਿਕਾਸ ਫੰਡ (ਸੋਧਨਾ) ਬਿਲ, 2017 ਪਾਸ ਕੀਤਾ ਜਾਵੇ।

**ਮਾਨਯੋਗ ਸਪੀਕਰ :** ਪ੍ਰਸ਼ਨ ਹੈ –

> ਕਿ ਪੰਜਾਬ ਮਿਉਂਸਿਪਲ ਬੁਨਿਆਦੀ ਢਾਂਚਾ ਵਿਕਾਸ ਫੰਡ (ਸੋਧਨਾ) ਬਿਲ, 2017 ਪਾਸ ਕੀਤਾ ਜਾਵੇ।

***ਪ੍ਰਸਤਾਵ ਸਰਬਸੰਮਤੀ ਨਾਲ ਪ੍ਰਵਾਨ ਹੋਇਆ।***

----

**ਸਰਦਾਰ ਸੁਖਜਿੰਦਰ ਸਿੰਘ ਰੰਧਾਵਾ:** ਸਪੀਕਰ ਸਾਹਿਬ, ਮੈਂ ਕੱਲ੍ਹ ਇਕ ਬੜਾ ਮਹੱਤਵਪੂਰਨ ਸਵਾਲ ਲਿਆਂਦਾ ਸੀ ਤੇ ਤੁਸੀਂ ਮੰਤਰੀ ਜੀ ਨੂੰ ਕਿਹਾ ਸੀ ਕਿ ਇਸ ਉਤੇ ਕੱਲ੍ਹ ਜਵਾਬ ਦੇ

[ ਸਰਦਾਰ ਸੁਖਜਿੰਦਰ ਸਿੰਘ ਰੰਧਾਵਾ ]

ਦੇਣਾ। ਮੇਰੀ ਗੱਲ ਬਹੁਤ ਜ਼ਰੂਰੀ ਹੈ, ਪੰਜਾਬ ਦੇ ਨੌਜਵਾਨਾਂ ਅਤੇ ਪੰਜਾਬ ਦੀ ਪ੍ਰੈਸ ਨਾਲ ਧੱਕਾ ਹੋ ਰਿਹਾ ਹੈ। ਮੈਂ ਅੱਜ ਤੁਹਾਡੇ ਰਾਹੀਂ ਸਦਨ ਨੂੰ ਇਹ ਵੀ ਦੱਸਣਾ ਚਾਹੁੰਦਾ ਹਾਂ ਕਿ ਇਕ ਚੈਨਲ ਜਿਸ ਨੂੰ ਪੀ.ਟੀ.ਸੀ. ਕਹਿੰਦੇ ਹਨ, ਉਹ ਬਾਹਰ ਬੈਠ ਕੇ ਸਦਨ ਦੀ ਮਰਿਆਦਾ ਨੂੰ ਢਾਹ ਲਾ ਰਿਹਾ ਹੈ ਅਤੇ ਗਲਤ ਤੱਥ ਪੇਸ਼ ਕਰ ਰਿਹਾ ਹੈ। ਸਪੀਕਰ ਸਾਹਿਬ, ਉਨ੍ਹਾਂ ਦੀ ਪਿਛਲੇ 7 ਦਿਨਾਂ ਦੀ ਕਾਰਵਾਈ ਲਿਆ ਕੇ ਦੇਖੀ ਜਾਵੇ ਅਤੇ ਪੰਜਾਬ ਦੇ ਲੋਕਾਂ ਨੂੰ ਦੱਸਿਆ ਜਾਵੇ।

** **ਉਸ ਬਾਰੇ ਹਾਊਸ ਨੂੰ ਜਾਣਕਾਰੀ ਦਿੱਤੀ ਜਾਣੀ ਚਾਹੀਦੀ ਹੈ ਅਤੇ ਲੋਕਾਂ ਨੂੰ ਦੱਸਿਆ ਜਾਣਾ ਚਾਹੀਦਾ ਹੈ ਤੇ ਨਾਲ ਹੀ ਮੈਂ ਬੜੇ ਦੁੱਖ ਨਾਲ ਕਹਿ ਰਿਹਾ ਹਾਂ ਕਿ ਜਿਹੜੀ ਦੋਹਾਂ ਪਾਰਟੀਆਂ ਦਾ ਕੱਲ੍ਹ ਵਿਆਹ ਹੋਇਆ ਸੀ, ਬਾਹਰ ਨਿਕਲਦੇ ਹੀ ਉਸ ਦਾ ਡਾਈਵੋਰਸ ਹੋ ਗਿਆ ਹੈ ਕਿਉਂਕਿ ਫੂਲਕਾ ਸਾਹਿਬ ਕਹਿ ਰਹੇ ਹਨ ਕਿ ** ** ਮੈਂ ਫੂਲਕਾ ਸਾਹਿਬ ਨੂੰ ਕਹਿਣਾ ਚਾਹੁੰਦਾ ਹਾਂ ਕਿ ਤੁਸੀਂ ਬੜੇ ਵਧੀਆ ਵਕੀਲ ਸੀ, ਕਈ ਤਲਾਕਾਂ ਦੇ ਕੇਸ ਲੜੇ। ਬੜੀ ਜਲਦੀ ਤੁਹਾਨੂੰ ਸਮਝ ਆ ਗਈ ਹੈ। ਜਿਸ ਘਰ ਤੁਸੀਂ ਰਿਸ਼ਤਾ ਕਰਨ ਲੱਗੇ ਸੀ, ਉਸ ਨੂੰ ਬੜੀ ਜਲਦੀ ਸਮਝ ਗਏ ਹੋ ਤੇ ਅੱਜ ਹੀ ਉਹ ਰਿਸ਼ਤਾ ਟੁੱਟ ਗਿਆ। ਮੇਰਾ ਖਿਆਲ ਹੈ ਕਿ ਕੱਲ੍ਹ ਜਿਹੜੀ ਬਰਾਤ ਚੜ੍ਹੀ ਸੀ, ਅੱਜ ਉਹ ਬਰਾਤ ਆਪਣੇ ਘਰ ਵਾਪਸ ਚਲੀ ਗਈ। ਸਪੀਕਰ ਸਾਹਿਬ, ਮੈਂ ਗੁਜ਼ਾਰਿਸ਼ ਕਰਦਾ ਹਾਂ ਕਿ ਜਿਹੜਾ ਮੰਤਰੀ ਸਾਹਿਬ ਨੂੰ ਮੈਂ ਕੁਐਸਚਨ ਕੀਤਾ ਸੀ, ਕੀ ਮੰਤਰੀ ਸਾਹਿਬ ਉਸ ਦਾ ਜਵਾਬ ਦੇਣਗੇ? ਮੈਂ ਪੁੱਛ ਤਾਂ ਲਵਾਂ ਜੀ ਕਿ ਕਿਤੇ ਭੁੱਲ ਹੀ ਨਾ ਗਏ ਹੋਣ?

**ਮਾਨਯੋਗ ਸਪੀਕਰ:** ਹਾਂ ਜੀ, ਕੋਈ ਜਵਾਬ ਦੇਣਾ ਮੰਤਰੀ ਜੀ।

**ਸਥਾਨਕ ਸਰਕਾਰ ਮੰਤਰੀ :** ਦਿਆਂਗਾ ਜੀ।

**ਸਰਦਾਰ ਸੁਖਜਿੰਦਰ ਸਿੰਘ ਰੰਧਾਵਾ:** ਮੈਂ ਸਪੀਕਰ ਸਾਹਿਬ, ਪੁੱਛਣਾ ਚਾਹੁੰਦਾ ਹਾਂ ਕਿ ਉਹ ਕੇਬਲ ਨੈਟਵਰਕ ਕਿਸ ਦਾ ਹੈ? ਕਿਸ ਦੇ ਕਹਿਣ ਤੇ ਪੰਜਾਬ ਵਿੱਚ ਚੱਲ ਰਿਹਾ ਹੈ? ਕੀ ਉਸ ਨੂੰ ਬੰਦ ਕੀਤਾ ਜਾਏਗਾ? ਕੀ ਉਸ ਚੈਨਲ ਤੋਂ ਰਿਕਵਰੀਆਂ ਕੀਤੀਆਂ ਜਾਣਗੀਆਂ ਕਿਉਂਕਿ ਪੰਜਾਬ ਦੇ ਲੋਕਾਂ ਦਾ ਬੜਾ ਨੁਕਸਾਨ ਕੀਤਾ ਗਿਆ ਹੈ।

**ਸਥਾਨਕ ਸਰਕਾਰ ਮੰਤਰੀ :** ਸਪੀਕਰ ਸਾਹਿਬ, ਮੈਨੂੰ 10 ਮਿੰਟ ਦੀ ਇਜਾਜ਼ਤ ਦੇਣਾ ਜੀ। ਇਹ ਮੁੱਦਾ ਬਹੁਤ ਹੀ ਅਹਿਮ ਹੈ। ਜੇ ਅਸੀਂ ਵੇਦਾਂ, ਪੁਰਾਣਾਂ, ਗ੍ਰੰਥਾਂ ਦਾ ਇਤਿਹਾਸ ਦੇਖੀਏ ਤਾਂ ਉਸ ਵਿੱਚ ਲਿਖਿਆ ਆਉਂਦਾ ਹੈ ਕਿ ਜਿਸ ਰਾਜ ਦੇ ਵਿੱਚ ਚੰਗਾ ਕੰਮ ਕਰਨ ਵਾਲੇ ਦੀ ਪਿੱਠ ਨਾ ਠੋਕੀ ਜਾਵੇ ਤੇ ਮਾੜਾ ਕੰਮ ਕਰਨ ਵਾਲੇ ਨੂੰ ਦੰਡ ਨਾ ਦਿੱਤਾ ਜਾਵੇ, ਉਸ ਰਾਜ ਦਾ ਤਬਾਹ ਹੋਣਾ ਨਿਸ਼ਚਿਤ ਹੈ। ਸਪੀਕਰ ਸਾਹਿਬ, ਇਹ ਬਹੁਤ ਅਹਿਮ ਕਹਾਣੀ ਹੈ, ਜਿਹੜੀ ਦਰਸਾ ਰਹੀ ਹੈ ਕਿ ਸਾਡੀ ਪੰਜਾਬ ਦੀ ਹਿਸਟਰੀ ਵਿੱਚ ਇਸ ਤੋਂ ਵੱਡਾ ਕੋਈ ਗਬਨ ਨਹੀਂ ਹੋਇਆ ਹੋਣਾ। ਅਰਬਾਂ ਖਰਬਾਂ ਰੁਪਏ ਦਾ ਇਹ ਬਿਜ਼ਨਸ ਗੈਰ ਕਾਨੂੰਨੀ ਤਰੀਕੇ ਦੇ ਨਾਲ

** Expunged as ordered by the Chair.

10 ਸਾਲ ਸਰਕਾਰ ਦੀ ਪਹਿਰੇਦਾਰੀ ਵਿੱਚ ਕੀਤਾ ਗਿਆ ਹੋਵੇ, ਪੰਜਾਬ ਦਾ ਪੇਟ ਵੱਢ ਕੇ ਨਿੱਜੀ ਜੇਬਾਂ ਨੂੰ ਉਹ ਪੈਸਾ ਗਿਆ ਹੋਵੇ ਅਤੇ ਸਟੇਟ ਦੇ ਐਕਸਚੈਕਰ ਨੂੰ ਨਾ ਦਿੱਤਾ ਗਿਆ । ਇਹ ਗਿੰਨੀਜ਼ ਬੁੱਕ ਵਿੱਚ ਆਏਗਾ ਜਦੋਂ ਮੈਂ ਤੁਹਾਨੂੰ ਤੱਥ ਦੱਸਾਂਗਾ। ਸਪੀਕਰ ਸਾਹਿਬ, ਇੱਕ ਐਸਾ ਯੂਨੀਕ ਕੇਸ ਜਿਥੇ ਰੂਲਿੰਗ ਫੈਮਿਲੀ ਨੇ ਗੌਰਮਿੰਟ ਦੇ ਸਾਰੇ ਰੂਲ ਤੋੜੇ। ਹਜ਼ਾਰਾਂ ਕਰੋੜ ਰੁਪਏ ਪੰਜਾਬ ਦਾ ਘਾਟਾ ਸੁਪਰਵਾਈਜ਼ ਕੀਤਾ। ਇਸ ਵਿੱਚ ਇੱਕ ਇਹੋ ਜਿਹੀ ਵੀ ਕੰਪਨੀ ਹੈ, ਮੈਂ ਅੱਜ ਤੱਕ ਇਸ ਤਰ੍ਹਾਂ ਦੀ ਗੱਲ ਨਹੀਂ ਸੁਣੀ ਕਿ ਇੱਕ ਕੰਪਨੀ 25 ਲੱਖ ਦੀ ਕੈਪੀਟਲ ਦੇ ਨਾਲ ਸ਼ੁਰੂ ਹੋਈ, ਜੇ ਮੈਨੂੰ ਬਿਜ਼ਨਸ ਕਰਨ ਵਾਲੇ ਇਸ ਤਰ੍ਹਾਂ ਦੀ ਕੋਈ ਐਗਜ਼ਾਂਪਲ ਦੇ ਦੇਣ ਤਾਂ ਮੈਂ ਆਪਣਾ ਕੇਸ ਰੈਸਟ ਕਰ ਦਿਆਂਗਾ। ਇਹ ਇਹੋ ਜਿਹੇ ਬਿਜ਼ਨਸ ਸਕੂਲ ਵਾਲੇ (ਆਪੋਜ਼ੀਸ਼ਨ ਪਾਰਟੀ ਦੇ ਬੈਂਚਿਜ਼ ਵੱਲ ਇਸ਼ਾਰਾ) ਕਰ ਸਕਦੇ ਹਨ। ਇਹ Harword ਵਾਲੇ ਹੀ ਕਰ ਸਕਦੇ ਹਨ। ਮੈਨੂੰ ਤਾਂ ਸਮਝ ਨਹੀਂ ਆਈ। ਇਹ 25 ਲੱਖ ਰੁਪਏ ਦਾ ਕੈਪੀਟਲ 30 ਕਰੋੜ ਰੁਪਿਆ ਇੱਕ ਸਾਲ ਮੁਨਾਫੇ ਵਿੱਚ ਕਿਸ ਤਰ੍ਹਾਂ ਤਬਦੀਲ ਹੋ ਗਿਆ। ਇਹ ਮੈਨੂੰ ਸਮਝਾ ਦੇਣ। ਸਪੀਕਰ ਸਾਹਿਬ, ਹੁਣ ਮੈਂ ਤੁਹਾਨੂੰ ਇਹ ਦੱਸਦਾ ਹਾਂ ਕਿ ਇਨ੍ਹਾਂ ਨੇ ਕਿਹੜੇ ਕਿਹੜੇ ਰੂਲਾਂ ਦੀ ਉਲੰਘਣਾ ਕੀਤੀ ਹੈ। ਸਪੀਕਰ ਸਾਹਿਬ, ਇੱਕ ਅਨਹੋਲੀ ਨੈਕਸਿਜ਼ ਸਾਹਮਣੇ ਆਇਆ ਹੈ ਜਿਸ ਵਿੱਚ ਪਿਛਲੇ ਇੱਕ ਦਹਾਕੇ ਵਿੱਚ ਪੰਜਾਬ ਦੇ ਮਾਲੀਏ ਦੇ ਨਾਲ ਕਰੀਬ 700 ਕਰੋੜ ਰੁਪਏ ਦੀ ਧੋਖਾਧੜੀ ਕੀਤੀ ਗਈ ਹੈ, ਠੱਗੀ ਵੱਜੀ ਹੈ। ਜੇਕਰ ਇਹ ਪੈਸਾ ਪੰਜਾਬ ਦੇ ਖਜ਼ਾਨੇ ਵਿੱਚ ਆਉਂਦਾ ਤਾਂ ਅਸੀਂ ਇੱਕ ਨਵਾਂ ਸ਼ਹਿਰ ਉਸਾਰ ਲੈਣਾ ਸੀ ਲੇਕਿਨ ਬਦਕਿਸਮਤੀ ਦੇ ਨਾਲ ਸ਼ਹਿਰ ਤਾਂ ਬਣਿਆ ਨਹੀਂ ਪਰ ਹੋਟਲ ਬਣ ਗਏ। ਹੋਟਲ ਵੀ ਪੰਜਾਬ ਦੇ ਦੁੱਖਾਂ ਦੇ ਉੱਤੇ ਸੁੱਖਵਾਲੇ ਬਣੇ ਹਨ। ਸੰਖੇਪ ਵਿੱਚ ਦੱਸਾਂ ਤਾਂ ਪੰਜਾਬ ਵਿੱਚ ਕੇਬਲ ਦਾ ਵਪਾਰ ਇਸ ਤਰੀਕੇ ਨਾਲ ਚਲਦਾ ਹੈ ਕਿ ਟੀ.ਵੀ. ਕੰਪਨੀ ਦੇ ਡਿਸਟ੍ਰੀਬਿਊਸ਼ਨ ਏਜੰਟ, ਡਿਸਟ੍ਰੀਬਿਊਸ਼ਨ ਏਜੰਟ ਤੋਂ ਮਲਟੀ ਸਿਸਟਮ ਆਪਰੇਟਰ, ਮਲਟੀ ਸਿਸਟਮ ਆਪਰੇਟਰ ਤੋਂ ਕੇਬਲ ਆਪਰੇਟਰ ਤੇ ਕੇਬਲ ਆਪਰੇਟਰ ਤੋਂ ਆਮ ਉਪਭੋਗਤਾ, ਜਿਸ ਵਿੱਚ ਫਾਸਟਵੇਅ ਸਭ ਤੋਂ ਮੋਹਰੀ ਕੰਪਨੀ ਹੈ। ਇਹੀ ਕੰਪਨੀ ਮੇਰਾ ਨਿਸ਼ਾਨਾ ਹੈ। ਇੱਕ ਹੀ ਕੰਪਨੀ ਹੈ, ਇਨ੍ਹਾਂ ਨੇ ਆਪਣੀ ਮਨੋਪਲੀ ਬਣਾਈ ਹੈ। ਇਨ੍ਹਾਂ ਨੇ ਆਪਣੀ ਮਨੋਪਲੀ ਦੇ ਰਡਾਰ ਵਿੱਚ ਸਾਰੇ ਲਏ ਹਨ। ਮੈਂ ਤੁਹਾਨੂੰ ਤੱਥਾਂ ਨਾਲ, ਤਰਕ-ਵਿਤਰਕ ਨਾਲ ਐਕਸਪਲੇਨ ਕਰਦਾ ਹਾਂ। Facts will not cease to exist if they are just ignored.

**ਸਰਦਾਰ ਕੁਲਜੀਤ ਸਿੰਘ ਨਾਗਰਾ :** ਕੰਪਨੀ ਦੇ ਮਾਲਕ ਦਾ ਨਾਂ ਦੱਸੋ।

**ਸਥਾਨਕ ਸਰਕਾਰ ਮੰਤਰੀ :** ਉਹ ਇੱਥੇ ਹੀ ਬਹਿੰਦੇ ਹੁੰਦੇ ਹਨ। ਪੁਰਾਣੇ ਰਾਜੇਸ਼ ਖੰਨਾ ਜੀ ਕਹਿ ਗਏ ਹਨ ਕਿ ਯੇ ਜੋ ਪਬਲਿਕ ਹੈ, ਸਬ ਜਾਨਤੀ ਹੈ। (ਥੰਪਿੰਗ) ਮੈਂ ਥੋੜ੍ਹਾ ਕਿਹਾ ਹੈ, ਇਹ ਰਾਜੇਸ਼ ਖੰਨਾ ਜੀ ਕਹਿ ਗਏ ਹਨ। ਜਦੋਂ ਮੈਂ ਦੱਸਾਂਗਾ ਤਾਂ ਤੁਹਾਨੂੰ ਆਪੇ ਪਤਾ ਲੱਗ ਜਾਣਾ ਹੈ।

**ਸਰਦਾਰ ਕੁਲਜੀਤ ਸਿੰਘ ਨਾਗਰਾ :** ਸਿੱਧੂ ਸਾਹਿਬ, ਨਾਂ ਦੱਸਿਆ ਜਾਵੇ ਕਿਉਂਕਿ ਪੰਜਾਬ ਦੇ ਲੋਕਾਂ ਨਾਲ ਧੋਖਾ ਕੀਤਾ ਗਿਆ ਹੈ। ਜੇ ਤੁਹਾਡੇ ਕੋਲ ਨਾਂ ਹੈ ਤਾਂ ਦੱਸਿਆ ਜਾਵੇ।

**ਮਾਨਯੋਗ ਸਪੀਕਰ :** ਬੈਠੋ, ਨਾਗਰਾ ਜੀ।ਇਨ੍ਹਾਂ ਨੂੰ ਗੱਲ ਕਰ ਲੈਣ ਦਿਉ।

**ਸਥਾਨਕ ਸਰਕਾਰ ਮੰਤਰੀ :** ਬਿਲਕੁਲ ਦੱਸਾਂਗੇ ਜੀ। ਫਾਸਟਵੇਅ ਨੂੰ ਕੌਣ ਚਲਾਉਂਦਾ ਹੈ, ਸਭ ਨੂੰ ਪਤਾ ਹੈ। ਲਉ ਜੀ, ਕੇਬਲ ਦਾ ਇਹ ਕਾਰੋਬਾਰ 2007 ਵਿੱਚ ਅਕਾਲੀ ਸਰਕਾਰ ਆਉਣ ਤੋਂ ਬਾਅਦ ਸਪੀਡ ਫੜ ਗਿਆ, ਫਰਾਰੀ ਲੇਨ ਵਿੱਚ ਜਾ ਵੜਿਆ। ਮੈਂ ਤਾਂ ਕਹਿ ਚੁੱਕਾ ਹਾਂ ਕਿ ਮੇਰੇ ਟਾਰਗੈਟ ਤੇ ਹੀ ਉਹ ਹੈ। (ਵਿਘਨ) (ਸ਼ੋਰ)

**ਮਾਨਯੋਗ ਸਪੀਕਰ :** ਪਲੀਜ਼ ਦੋ ਮਿੰਟ ਗੱਲ ਸੁਣ ਲਉ।

**ਸਥਾਨਕ ਸਰਕਾਰ ਮੰਤਰੀ :** ਕਿਉਂਕਿ ਇਸ ਦੇ ਪਿੱਛੇ ਪੰਜਾਬ ਨੂੰ ਲੁੱਟਣ ਦੀ ਮਨਸ਼ਾ ਨਾਲ ਵਾਧਾ ਕੀਤਾ ਗਿਆ ਅਤੇ ਮਨੋਪਲੀ ਰਾਹੀਂ ਛੋਟੇ ਕੇਬਲ ਕਾਰੋਬਾਰ ਨੂੰ ਖਤਮ ਕਰ ਦਿੱਤਾ ਜਿਵੇਂ ਵੱਡੀ ਮੱਛੀ ਛੋਟੀ ਨੂੰ ਲੰਘਾ ਜਾਂਦੀ ਹੈ। ਡੰਡੇ ਨਾਲ ਡਰਾ-ਡਰਾ ਕੇ ਲੋਕਾਂ ਦੇ ਸਿਰਾਂ ਤੇ ਕਿਰਪਾਨਾਂ ਰੱਖ-ਰੱਖ ਕੇ ਉਨ੍ਹਾਂ ਦਾ ਕਾਰੋਬਾਰ ਹੜੱਪਿਆ ਗਿਆ। ਇਸ ਸਮੇਂ ਪੰਜਾਬ ਵਿੱਚ ਫਾਸਟਵੇਅ ਦੀ ਕੰਪਨੀ ਰਾਹੀਂ ਲਗਭਗ ਸਾਰੇ ਪੰਜਾਬ ਵਿੱਚ ਕੇਬਲ ਦਾ ਵਪਾਰ ਕੀਤਾ ਜਾ ਰਿਹਾ ਹੈ ਪਰ, ਸਪੀਕਰ ਸਾਹਿਬ, ਹੈਰਾਨੀਜਨਕ ਗੱਲ ਇਹ ਹੈ ਕਿ ਇਨ੍ਹਾਂ ਦੇ ਅੰਕੜਿਆਂ ਵਿੱਚ ਸਿਰਫ 1 ਲੱਖ 25 ਹਜ਼ਾਰ ਦੇ ਕਰੀਬ ਕੁਨੈਕਸ਼ਨ ਦੱਸੇ ਹਨ ਜਦੋਂ ਕਿ ਸੱਚਾਈ ਇਹ ਹੈ ਕਿ ਪੰਜਾਬ ਵਿੱਚ 80 ਲੱਖ ਦੇ ਕਰੀਬ ਕੁਨੈਕਸ਼ਨ ਹਨ। (ਸ਼ੇਮ-ਸ਼ੇਮ ਦੀਆਂ ਅਵਾਜ਼ਾਂ) ਸਪੀਕਰ ਸਾਹਿਬ, ਕਈਆਂ ਦੇ ਘਰਾਂ ਵਿੱਚ ਤਾਂ 3-3 ਜਾਂ 5-5 ਵੀ ਕੁਨੈਕਸ਼ਨ ਹਨ। ਤੁਸੀਂ ਇਹ ਦੇਖੋ ਕਿ ਜਿਹੜਾ 80 ਲੱਖ, ਕਰੀਬ 1 ਕਰੋੜ ਕੁਨੈਕਸ਼ਨ ਹੈ ਪਰ ਇਹ ਆਪਣੀਆਂ ਲਾਗ ਬੁੱਕ ਵਿੱਚ ਸਿਰਫ 1 ਲੱਖ 25 ਹਜ਼ਾਰ ਦਿਖਾਉਂਦੇ ਹਨ।

ਹੁਣ, ਸਪੀਕਰ ਸਾਹਿਬ, ਮੈਂ ਇਨ੍ਹਾਂ ਦੀ ਟੈਕਸਾਂ ਦੀ ਚੋਰੀ ਤੇ ਆਉਂਦਾ ਹਾਂ। ਤੁਸੀਂ ਹੈਰਾਨ ਰਹਿ ਜਾਵੋਗੇ। ਪੰਜਾਬ ਵਿੱਚ 8000 ਤੋਂ ਜ਼ਿਆਦਾ ਕੇਬਲ ਆਪਰੇਟਰ ਹਨ, ਉਨ੍ਹਾਂ ਵਿੱਚੋਂ 6500 ਸਿੱਧੇ ਤੌਰ ਤੇ ਫਾਸਟਵੇਅ ਅਤੇ ਤਕਰੀਬਨ 1500 ਅਸਿੱਧੇ ਤੌਰ ਤੇ ਇਨ੍ਹਾਂ ਦੇ ਅਧੀਨ ਹਨ। ਇਸ ਸਵਾਧੀਨ ਭਾਰਤ ਵਿੱਚ, ਸਵਾਧੀਨ ਪੰਜਾਬ ਵਿੱਚ ਅਧੀਨ ਕਰਕੇ ਰੱਖੇ ਹਨ, ਗੁਲਾਮ ਬਣਾ ਕੇ ਰੱਖੇ ਹਨ, ਡਰਾ-ਡਰਾ ਕੇ ਰੱਖੇ ਹਨ। (ਸ਼ੇਮ-ਸ਼ੇਮ ਦੀਆਂ ਅਵਾਜ਼ਾਂ) ਹੈਰਾਨੀ ਦੀ ਗੱਲ ਇਹ ਹੈ ਕਿ ਸੈਂਟਰ ਸਰਕਾਰ ਦੇ ਸਰਵਿਸ ਟੈਕਸ ਵਿਭਾਗ ਕੋਲ 1500 ਲੋਕਲ ਕੇਬਲ ਆਪਰੇਟਰਾਂ ਦਾ ਖਾਤਾ ਹੈ ਜਦੋਂ ਕਿ 8000 ਕੇਬਲ ਆਪਰੇਟਰ ਆਪਰੇਟ ਕਰ ਰਹੇ ਹਨ। ਬਾਕੀ ਸਾਰੇ ਦੋ ਨੰਬਰ ਵਿੱਚ ਹੀ ਚਲਦੇ ਹਨ। ਜਿਹੜੇ ਬੰਦੇ ਹੀ ਦੋ ਨੰਬਰ ਦੇ ਹਨ, ਉਹ ਦੋ ਨੰਬਰ ਦੇ ਹੀ ਕੰਮ ਕਰਨਗੇ, ਹੁਣ ਮੈਂ ਇਸ ਵਿੱਚ ਕੀ ਕਹਾਂ। ਜਾਣਕਾਰੀ ਮੁਤਾਬਕ ਸਰਵਿਸ ਟੈਕਸ ਵਿਭਾਗ ਨੇ ਲਗਭਗ 250 ਕਰੋੜ ਰੁਪਏ ਦਾ ਸਰਵਿਸ ਟੈਕਸ ਨੋਟਿਸ ਜਾਰੀ ਕੀਤਾ ਹੈ। ਇਹ ਦਿੰਦੇ ਹੀ ਨਹੀਂ। ਜਿਨ੍ਹਾਂ ਵਿੱਚੋਂ 23 ਕਰੋੜ

ਜਮ੍ਹਾਂ ਹੋਇਆ ਹੈ।

ਹੁਣ ਮੈਂ, ਪੰਜਾਬ ਦੀ ਚੋਰੀ ਤੇ ਆਉਂਦਾ ਹਾਂ। ਜਿਹੜੀ ਪੰਜਾਬ ਦੀ ਚੋਰੀ ਹੈ ਉਹ ਦਿਲ ਨੂੰ ਟੀਸ ਪਹੁੰਚਾਉਂਦੀ ਹੈ, ਜਿਵੇਂ ਕੰਡਾ ਚੁਭਿਆ ਹੁੰਦਾ ਹੈ, ਉਹ ਦਿਖਦਾ ਨਹੀਂ ਪਰ ਹਰ ਰੋਜ਼ ਉਸ ਦੀ ਟੀਸ ਪੈਂਦੀ ਹੈ। ਸਪੀਕਰ ਸਾਹਿਬ, ਐਂਟਰਟੇਨਮੈਂਟ ਦੀ ਚੋਰੀ। ਪੰਜਾਬ ਵਿੱਚ ਐਂਟਰਟੇਨਮੈਂਟ ਟੈਕਸ ਮਿਤੀ 13 ਨਵੰਬਰ, 2011 ਤੋਂ ਲਾਗੂ ਕੀਤਾ ਗਿਆ ਸੀ। ਇਸ ਅਧੀਨ ਹਰ ਲੋਕਲ ਕੇਬਲ ਆਪਰੇਟਰ ਅਤੇ ਮਲਟੀ ਸਿਸਟਮ ਨੂੰ ਹਰ ਸਾਲ 15 ਹਜ਼ਾਰ ਰੁਪਏ ਐਂਟਰਟੇਨਮੈਂਟ ਟੈਕਸ ਦੇਣਾ ਸੀ। ਹੈਰਾਨੀ ਦੀ ਗੱਲ ਹੈ ਕਿ 8000 ਲੋਕਲ ਕੇਬਲ ਆਪਰੇਟਰ ਅਤੇ 18 ਮਲਟੀ ਸਿਸਟਮ ਆਪਰੇਟਰ ਵਿੱਚੋਂ ਕੇਵਲ 150 ਹੀ ਟੈਕਸ ਦੇ ਰਹੇ ਹਨ। (ਸ਼ੇਮ-ਸ਼ੇਮ ਦੀਆਂ ਅਵਾਜ਼ਾਂ) ਹੋਣ ਸੁਣ ਲਉ, ਸਰ। ਇਹ ਜਾਣਕਾਰੀ ਮੈਨੂੰ ਆਰ.ਟੀ.ਆਈ. ਤੋਂ ਮਿਲੀ ਹੈ। ਇਸ ਤਰ੍ਹਾਂ ਤਕਰੀਬਨ 85 ਕਰੋੜ ਰੁਪਿਆ ਟੈਕਸ, ਵਿਆਜ ਅਤੇ ਜੁਰਮਾਨਾ ਪਾ ਕੇ 184 ਕਰੋੜ ਰੁਪਿਆ ਪੰਜਾਬ ਸਰਕਾਰ ਦਾ ਚੂਨਾ ਲੱਗਾ ਹੈ, ਉਹ ਵੀ ਸਿਰਫ ਐਂਟਰਟੇਨਮੈਂਟ ਟੈਕਸ ਤੇ ਲੱਗਾ ਹੈ।

ਹੁਣ ਅੱਗੇ ਆਉ ਜੀ। ਹਾਲੇ ਤਾਂ ਮੈਂ ਟ੍ਰੇਲਰ ਚਲਾਇਆ ਹੈ, ਫਿਲਮ ਤਾਂ ਸ਼ੁਰੂ ਹੋਣੀ ਹੈ। ਮੈਂ ਫਿਲਮ ਚਲਾਵਾਂਗਾ ਅਤੇ ਅੰਤ ਤੱਕ ਲਿਜਾਵਾਂਗਾ, ਕਹਾਣੀ ਦਾ ਅੰਤ ਹੀ ਤਾਂ ਸਭ ਤੋਂ ਮਹੱਤਵਪੂਰਨ ਹੁੰਦਾ ਹੈ।

ਅੱਗੇ ਹੈ, ਸੇਲਜ਼ ਟੈਕਸ ਦੀ ਚੋਰੀ। ਸਪੀਕਰ ਸਾਹਿਬ, ਫਾਸਟਵੇਅ ਟਰਾਂਸਮਿਸ਼ਨ, ਲੁਧਿਆਣਾ ਅਤੇ ਇਸ ਦੀਆਂ 12 ਦੂਜੀਆਂ ਕੰਪਨੀਆਂ, ਬਾਹਰਲੇ ਦੇਸ਼ਾਂ ਤੋਂ ਐਸ.ਟੀ.ਬੀ. ਸੈੱਟ ਟਾਪ ਬਾਕਸ ਮੰਗਵਾਉਂਦੇ ਹਨ। ਉਨ੍ਹਾਂ ਦਾ ਸੈਂਟਰਲ ਵੈਟ ਵਾਪਸ ਲੈ ਲਿਆ ਜਾਂਦਾ ਹੈ। ਸੈੱਟ ਟਾਪ ਬਾਕਸ ਨੂੰ ਗਾਹਕ ਨੂੰ 30/- ਤੋਂ 40/- ਰੁਪਏ ਮਹੀਨਾ ਕਿਰਾਏ ਤੇ ਦਿੱਤਾ ਜਾਂਦਾ ਹੈ। ਇਸ ਤੋਂ ਇਲਾਵਾ ਇਸ ਸੈਟ ਟਾਪ ਬਾਕਸ ਦੀ ਸਕਿਉਰਿਟੀ 800/- ਰੁਪਏ ਤੋਂ 2500/- ਰੁਪਏ ਲੈਂਦੇ ਹਨ। ਸਿਕਿਉਰਟੀ ਦਾ ਅਸੂਲ ਹੁੰਦਾ ਹੈ ਕਿ ਜਦੋਂ ਸੈਟ ਟਾਪ ਬਾਕਸ ਵਾਪਿਸ ਕੀਤਾ ਜਾਂਦਾ ਹੈ ਤਾਂ ਸਾਰੀ ਸਕਿਉਰਿਟੀ ਰਾਸ਼ੀ ਵਾਪਸ ਕੀਤੀ ਜਾਂਦੀ ਹੈ ਪਰ ਇਹ ਸਕਿਉਰਿਟੀ ਦੀ ਰਾਸ਼ੀ ਹਰ ਮਹੀਨੇ ਘੱਟ ਕਰ ਕਰ ਕੇ ਤਿੰਨ ਸਾਲਾਂ ਵਿੱਚ ਖਤਮ ਕੀਤੀ ਜਾਂਦੀ ਹੈ ਤੇ ਇਸ ਸਕਿਉਰਿਟੀ ਵਿੱਚੋਂ ਇੱਕ ਪੰਜੀ ਵੀ ਵਾਪਸ ਨਹੀਂ ਕੀਤੀ ਜਾਂਦੀ। ਇਨ੍ਹਾਂ ਦੀ ਰਿਫੰਡ ਪਾਲਿਸੀ ਵੈਬਸਾਈਟ ਤੇ ਮੌਜੂਦ ਹੈ। ਇਸ ਸੈਟ ਟਾਪ ਦੀ ਬਾਕੀ ਦੀ ਵਿਕਰੀ ਤੇ ਸੇਲਜ਼ ਟੈਕਸ ਲਗਦਾ ਹੈ ਪਰ ਇਨ੍ਹਾਂ ਨੇ ਕਦੇ ਵੀ ਸੇਲਜ਼ ਟੈਕਸ ਨਹੀਂ ਦਿੱਤਾ। ਤੁਸੀਂ ਸੋਚ ਸਕਦੇ ਹੋ ਕਿ ਦਸ ਸਾਲਾਂ ਵਿੱਚ ਇਨ੍ਹਾਂ ਨੇ ਕਦੇ ਵੀ ਸੇਲਜ਼ ਟੈਕਸ ਨਹੀਂ ਦਿੱਤਾ। ਇਨ੍ਹਾਂ ਨੇ ਪਿਛਲੇ ਪੰਜ ਸਾਲਾਂ ਵਿੱਚ ਤਕਰੀਬਨ 100 ਕਰੋੜ ਰੁਪਏ ਦੇ ਸੇਲਜ਼ ਟੈਕਸ ਦੀ ਚੋਰੀ ਕੀਤੀ ਹੈ ਇਹ ਵਿਆਜ ਪਾ ਕੇ ਕੁੱਲ ਰਕਮ 220 ਕਰੋੜ ਰੁਪਏ ਬਣਦੀ ਹੈ। ਮੈਂ 220 ਕਰੋੜ ਦੇ ਉਤੇ ਤਾਂ ਅਜੇ ਜੁਰਮਾਨਾ ਲਾਇਆ ਨਹੀਂ ਹੈ। ਉਸ ਤੋਂ

[ ਸਥਾਨਕ ਸਰਕਾਰ ਮੰਤਰੀ ]

ਬਾਅਦ ਸੜਕਾਂ ਕੱਟਣ ਅਤੇ ਤਾਰਾਂ ਪਾਉਣ ਦੀ ਗੱਲ ਕਰਦੇ ਹਾਂ। ਸਪੀਕਰ ਸਾਹਿਬ, ਫਾਸਟਵੇਅ ਨੇ ਰਿਲਾਇੰਸ ਨਾਲ ਮਿਲ ਕੇ ਸਾਰੇ ਪੰਜਾਬ ਦੀਆਂ ਸੜਕਾਂ ਕੱਟ ਕੇ ਆਪਟੀਕਲ ਫਾਈਬਰ ਪਾਈ ਹੈ। ਸੜਕਾਂ ਕੱਟਣ ਤੇ 500/- ਰੁਪਏ ਪ੍ਰਤੀ ਮੀਟਰ ਅਤੇ ਹਜ਼ਾਰ ਰੁਪਏ ਮੇਨਹੋਲ ਦਾ ਦੇਣਾ ਪੈਂਦਾ ਹੈ। ਰਿਲਾਇੰਸ ਨੂੰ ਇਸ ਸ਼ਰਤ ਤੇ ਤਾਰਾਂ ਪਾਉਣ ਦੀ ਇਜਾਜ਼ਤ ਦਿੱਤੀ ਗਈ ਸੀ ਕਿ ਸਾਡੀਆਂ ਤਾਰਾਂ ਨਾਲ ਫਰੀ ਵਿੱਚ ਪਾਈਆਂ ਜਾਣ। ਇਸ ਤੋਂ ਜ਼ਿਆਦਾ ਸ਼ਰਮ ਦੀ ਗੱਲ ਕੀ ਹੋ ਸਕਦੀ ਹੈ ? ਇਹ ਸਾਰੇ ਪੰਜਾਬ ਨੂੰ ਪਤਾ ਹੈ। ਤਾਰਾਂ ਪਾਉਣ ਲਈ ਨਗਰ ਨਿਗਮਾਂ, ਸੜਕਾਂ ਦਾ ਮਹਿਕਮਾ ਹੈ, ਇਨ੍ਹਾਂ ਸਾਰਿਆਂ ਤੋਂ ਪਰਮਿਸ਼ਨਾਂ ਲੈਣੀਆਂ ਪੈਂਦੀਆਂ ਹਨ। ਨਗਰ ਨਿਗਮਾਂ, ਸੜਕਾਂ ਦਾ ਮਹਿਕਮਾ, ਨੈਸ਼ਨਲ ਹਾਈਵੇ, ਰੇਲਵੇ ਜੇ ਰੇਲਵੇ ਦੇ ਥੱਲੋਂ ਤਾਰ ਕੱਢਣੀ ਹੋਵੇ, ਨਹਿਰੀ ਮਹਿਕਮਾ, ਜੰਗਲਾਤ ਮਹਿਕਮਾ ਹੈ, ਉਨ੍ਹਾਂ ਤੋਂ ਪਰਮਿਸ਼ਨ ਲੈਣੀ ਪੈਂਦੀ ਹੈ। ਸਪੀਕਰ ਸਾਹਿਬ, ਰੇਲਵੇ ਦੀ ਜ਼ਮੀਨ ਤੇ ਤਾਰਾਂ ਪੈ ਗਈਆਂ ਹਨ ਪਰ ਨਾ ਹੀ ਕੋਈ ਮਨਜ਼ੂਰੀ ਲਈ ਗਈ ਹੈ ਤੇ ਨਾ ਹੀ ਕੋਈ ਖਰਚ ਕੀਤਾ ਗਿਆ ਹੈ। ਇਹ ਗੱਲ ਬਹੁਤ ਹੈਰਾਨ ਕਰਦੀ ਹੈ। ਮੈਂ ਅੱਜ ਤੱਕ ਕਿਸੇ ਸਟੇਟ ਵਿੱਚ ਐਸਾ ਜ਼ੁਲਮ ਹੁੰਦਾ ਨਹੀਂ ਵੇਖਿਆ। ਪੰਜਾਬ ਵਿੱਚ ਅਸੀਂ ਇਨਵੇਡਰਾਂ ਨੂੰ ਵੀ ਝੱਲਿਆ ਹੈ ਤੇ ਜਿਹੜੇ ਸਾਡੇ ਪੰਜਾਬ ਅੰਦਰ ਦੁਸ਼ਮਣ ਮੁਨਸਿਫ ਕਾਤਿਲ ਬਣੇ ਹੋਏ ਹਨ, ਖੇਤਾਂ ਨੂੰ ਖਾਈ ਜਾ ਰਹੇ ਹਨ ਅਸੀਂ ਉਨ੍ਹਾਂ ਨੂੰ ਵੀ ਝੱਲ ਰਹੇ ਹਾਂ ਪਰ ਕੋਈ ਪੈਸਾ ਸਰਕਾਰ ਨੂੰ ਨਹੀਂ ਦਿੱਤਾ ਗਿਆ ਜੋ ਕਿ ਸਿੱਧੇ ਤੌਰ ਤੇ ਦੇਸ਼ ਦੀ ਸਕਿਉਰਿਟੀ ਨੂੰ ਖਤਰਾ ਹੈ। ਬਿਨਾਂ ਇਜਾਜ਼ਤ ਤੋਂ ਤਾਰਾਂ ਪਾਉਣ ਤੇ ਪੁਲਿਸ ਦਾ ਪਰਚਾ ਦਰਜ ਹੋਣਾ ਚਾਹੀਦਾ ਹੈ। (ਥੰਪਿੰਗ) ਮੈਨੂੰ ਚੀਫ ਮਨਿਸਟਰ ਸਾਹਿਬ ਜੇ ਇੱਕ ਵਾਰ ਹੁਕਮ ਦੇਣ ਤਾਂ ਮੈਂ ਬਹੁਤ ਸਖਤ ਕਾਰਵਾਈ ਕਰਾਂਗਾ।

(ਇਸ ਸਮੇਂ ਇੰਡੀਅਨ ਨੈਸ਼ਨਲ ਪਾਰਟੀ ਦੇ ਮੈਂਬਰ, ਸਰਦਾਰ ਬਲਬੀਰ ਸਿੰਘ ਸਿੱਧੂ ਆਪਣੀ ਸੀਟ ਤੇ ਖੜ੍ਹੇ ਹੋ ਕੇ ਬੋਲਣ ਲਈ ਇਜ਼ਾਜ਼ਤ ਮੰਗ ਕਰ ਰਹੇ ਸਨ।)

**ਮਾਨਯੋਗ ਸਪੀਕਰ :** ਹਾਂ ਜੀ, ਸਰਦਾਰ ਬਲਬੀਰ ਸਿੰਘ ਸਿੱਧੂ ਸਾਹਿਬ।

**ਸਰਦਾਰ ਬਲਬੀਰ ਸਿੰਘ ਸਿੱਧੂ :** ਸਪੀਕਰ ਸਾਹਿਬ, ਮੰਤਰੀ ਜੀ ਬਿਲਕੁਲ ਸੱਚਾਈ ਬਿਆਨ ਕਰ ਰਹੇ ਹਨ। ਪਿਛਲੇ ਸਾਲ ਵਿੱਚ ਮੁਹਾਲੀ ਵਿਖੇ ਤਾਰਾਂ ਪਾਉਣ ਦੇ ਕੰਮ ਲਈ ਸਿਰਫ ਦਸ ਲੱਖ ਰੁਪਏ ਆਏ ਸਨ ਤੇ ਜਦੋਂ ਦੀ ਆਪਣੀ ਸਰਕਾਰ ਬਣੀ ਹੈ ਉਦੋਂ ਤੋਂ 60 ਲੱਖ ਰੁਪਏ ਆ ਚੁੱਕੇ ਹਨ। ਤਿੰਨ ਮਹੀਨਿਆਂ ਵਿੱਚ 60 ਲੱਖ ਰੁਪਏ ਆ ਗਏ ਹਨ ਤੇ ਇਨ੍ਹਾਂ ਨੇ ਪੂਰੇ ਸਾਲ ਵਿੱਚ ਸਿਰਫ ਦਸ ਲੱਖ ਰੁਪਏ ਦਿੱਤੇ ਸਨ। ਇਸ ਤੋਂ ਪਹਿਲਾਂ ਵੀ ਇਹ ਮੁਹਾਲੀ ਸ਼ਹਿਰ ਵਿੱਚ ਘੱਟੋ-ਘੱਟ ਇੱਕ ਕਰੋੜ ਦੀ ਚੋਰੀ ਕਰ ਚੁੱਕੇ ਹਨ।

(ਇਸ ਸਮੇਂ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਮੈਂਬਰ ਸ਼੍ਰੀ ਸੁਰਿੰਦਰ ਕੁਮਾਰ ਡਾਵਰ, ਸਰਦਾਰ ਪਰਮਿੰਦਰ ਸਿੰਘ ਪਿੰਕੀ ਅਤੇ ਸ਼੍ਰੀ ਸੁਸ਼ੀਲ ਕੁਮਾਰ ਰਿੰਕੂ ਆਪਣੀ ਸੀਟ ਤੇ ਖੜ੍ਹੇ ਹੋ ਕੇ ਬੋਲਣ ਲਈ ਸਮਾਂ ਮੰਗ ਰਹੇ ਸਨ।)

**ਮਾਨਯੋਗ ਸਪੀਕਰ :** ਮੰਤਰੀ ਜੀ ਨੂੰ, ਸਿੱਧੂ ਸਾਹਿਬ ਨੂੰ ਕੰਪਲੀਟ ਕਰ ਲੈਣ ਦਿਓ, ਤੁਸੀਂ ਜਿਹੜੀ ਕਲੈਰੀਫਿਕੇਸ਼ਨ ਲੈਣੀ ਹੈ ਉਹ ਬਾਅਦ ਵਿੱਚ ਲੈ ਲੈਣਾ, ਪਹਿਲਾਂ ਇਨ੍ਹਾਂ ਨੂੰ ਆਪਣੀ ਗੱਲ ਪੂਰੀ ਕਰ ਲੈਣ ਦਿਉ।

**ਸਥਾਨਕ ਸਰਕਾਰ ਮੰਤਰੀ :** ਕੋਈ ਨਹੀਂ ਜੀ, ਬੋਲਣ ਦਿਓ। ਮੇਰਾ ਤਾਂ ਦੋ ਮਿੰਟ ਦਾ ਹੀ ਰਹਿ ਗਿਆ ਹੈ।

**ਮਾਨਯੋਗ ਸਪੀਕਰ :** ਹਾਂ ਜੀ, ਦੱਸੋ ਜੀ, ਸੁਸ਼ੀਲ ਕੁਮਾਰ ਜੀ।

**ਸ਼੍ਰੀ ਸੁਸ਼ੀਲ ਕੁਮਾਰ ਰਿੰਕੂ :** ਸਪੀਕਰ ਸਾਹਿਬ, ਅਸੀਂ ਬਤੌਰ ਕੌਂਸਲਰ ਜਲੰਧਰ ਨਗਰ ਨਿਗਮ ਵਿੱਚ ਰਿਲਾਇੰਸ ਦੇ ਖਿਲਾਫ ਇੱਕ ਲੜਾਈ ਲੜੀ ਸੀ। ਮੰਤਰੀ ਸਾਹਿਬ ਨੇ ਬਹੁਤ ਵਧੀਆ ਡਾਟਾ ਦੱਸਿਆ ਹੈ। ਇਸ ਵਿੱਚ ਮੈਂ ਇੱਕ ਹੋਰ ਗੱਲ ਐਡ ਕਰਨੀ ਚਾਹੁੰਦਾ ਹਾਂ ਕਿ ਜਿੱਥੇ ਇਨ੍ਹਾਂ ਨੇ ਸੜਕਾਂ ਪੁੱਟੀਆਂ ਹਨ, ਮੇਨਹੋਲਾਂ ਦੇ ਪੈਸੇ ਨਹੀਂ ਦਿੱਤੇ, ਨਗਰ ਨਿਗਮ ਦੀਆਂ ਥਾਵਾਂ ਤੇ ਰਿਲਾਇੰਸ ਨੇ ਟਾਵਰ ਲਗਾਏ, ਜਿਹੜੇ ਕਿ ਬਹੁਤ ਹੀ ਘੱਟ ਰੇਟ ਤੇ ਲਗਾਏ ਗਏ ਹਨ ਜਦ ਕਿ ਜੇ ਉਸ ਦੀ ਸਹੀ ਕੈਲਕੁਲੇਸ਼ਨ ਕੀਤੀ ਜਾਵੇ ਤਾਂ ਸਾਨੂੰ ਕਰੋੜਾਂ ਰੁਪਏ ਦਾ ਫੰਡ ਆ ਸਕਦਾ ਸੀ।

**ਮਾਨਯੋਗ ਸਪੀਕਰ :** ਪਿੰਕੀ ਜੀ, ਤੁਸੀਂ ਵੀ ਕੁਝ ਕਹਿਣਾ ਚਾਹੁੰਦੇ ਸੀ?

**ਸਰਦਾਰ ਪਰਮਿੰਦਰ ਸਿੰਘ ਪਿੰਕੀ :** ਸਪੀਕਰ ਸਾਹਿਬ, ਡੈਮੋਕਰੇਸੀ ਚਾਰ ਪਿਲਰਜ਼ ਤੇ ਖੜ੍ਹੀ ਹੁੰਦੀ ਹੈ, Legislature, Judiciary, Executive and Press. ਇਨ੍ਹਾਂ ਨੇ ਸਾਡੀ ਪ੍ਰੈਸ ਦਾ ਮੂੰਹ ਬੰਦ ਕਰ ਦਿੱਤਾ। ਮੈਂ ਮੰਤਰੀ ਜੀ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਉਨ੍ਹਾਂ ਦਾ ਨਾਮ ਦੱਸਿਆ ਜਾਵੇ ਤੇ ਇਨ੍ਹਾਂ ਦੀ ਇਨਕੁਆਰੀ ਵੀ ਟਾਈਮ ਬਾਊਂਡ ਕਰਵਾਈ ਜਾਵੇ। ਇਨ੍ਹਾਂ ਨੇ ਜਿਹੜਾ ਇੱਕ ਸਾਲ ਦਾ ਅੰਕੜਾ ਦੱਸਿਆ ਹੈ ਜੇ ਤੁਸੀਂ ਦਸ ਸਾਲਾਂ ਦਾ ਅੰਕੜਾ ਦੱਸਦੇ ਤਾਂ ਮੈਂ ਸਮਝਦਾ ਹਾਂ ਕਿ ਪੰਜਾਬ ਵਿੱਚ ਜਿਹੜੀ ਬੇਰੁਜ਼ਗਾਰੀ ਹੈ ਉਸ ਨੂੰ ਰੋਕਣ ਵਿੱਚ ਇਸ ਦਾ ਬੜਾ ਅਹਿਮ ਯੋਗਦਾਨ ਹੁੰਦਾ। ਅੱਜ ਕਿਸਾਨ ਖੁਦਕੁਸ਼ੀਆਂ ਕਰ ਰਹੇ ਹਨ, ਮੈਂ ਸਮਝਦਾ ਹਾਂ ਕਿ ਉਸ ਨਾਲ ਕਿਸਾਨੀ ਨੂੰ ਬੜਾ ਵੱਡਾ ਫਾਇਦਾ ਹੋਣਾ ਸੀ। ਅਸੀਂ ਘਰ ਘਰ ਵਿੱਚ ਜਾ ਰਹੇ ਹਾਂ ਕਿ ਸਾਨੂੰ ਕੁਝ ਨਾ ਕੁਝ ਦਿੱਤਾ ਜਾਵੇ । ਸਾਡੇ ਵਿੱਤ ਮੰਤਰੀ ਜੀ ਨੇ ਬਜਟ ਬਣਾਇਆ, ਉਸ ਵਿੱਚ ਕੁਝ ਨਾ ਕੁਝ ਪ੍ਰੋਵੀਜ਼ਨ ਰੱਖੇ । ਕਿਉਂ ਰੱਖੇ ? ਕਿਉਂਕਿ ਪੰਜਾਬ ਨੂੰ ਅੱਗੇ ਲੈ ਕੇ ਜਾਣਾ ਹੈ । ਜਿਹੜੀ ਗੱਲ ਸਰਦਾਰ ਨਵਜੋਤ ਸਿੰਘ ਸਿੱਧੂ ਜੀ ਨੇ ਕੀਤੀ ਹੈ, ਇਹ ਕਿਸੇ ਇੱਕ ਆਦਮੀ ਦੀ ਗੱਲ ਨਹੀਂ ਬਲਕਿ ਇਹ ਸਾਰੇ ਪੰਜਾਬ ਵਾਸਤੇ ਹੈ । ਇਸ ਕਰਕੇ ਮੈਂ ਇਨ੍ਹਾਂ ਤੋਂ ਮੰਗ ਕਰਾਂਗਾ ਕਿ ਇਸ ਦੀ ਟਾਈਮ ਬਾਊਂਡ ਇਨਕੁਆਰੀ ਕਰਵਾਈ ਜਾਵੇ । ਟਾਈਮ ਬਾਊਂਡ ਇਨਕੁਆਰੀ ਕਰਵਾ ਕੇ ਜਿਹੜੀਆਂ ਪਬਲਿਕ ਦੀਆਂ ਸੜਕਾਂ ਤੋੜੀਆਂ ਗਈਆਂ ਹਨ, ਕੱਟੀਆਂ ਗਈਆਂ ਹਨ, ਉਨ੍ਹਾਂ ਉਪਰ ਪਰਚਾ ਦਰਜ ਕਰ ਕੇ ਉਸ ਦੀ ਇਨਕੁਆਰੀ ਕਰਵਾ ਕੇ ਅਗਲੇ ਸੈਸ਼ਨ ਵਿੱਚ ਦੱਸਿਆ ਜਾਵੇ ।

**ਸਰਦਾਰ ਰਮਨਜੀਤ ਸਿੰਘ ਸਿੱਕੀ :** ਮਾਨਯੋਗ ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੰਤਰੀ ਜੀ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਮੈਨੂੰ ਇਹ ਦੱਸਿਆ ਜਾਵੇ, ਪੰਜਾਬ ਨੂੰ ਇਹ ਦੱਸਿਆ ਜਾਵੇ ਕਿ ਜਿਹੜਾ ਫਾਸਟ ਵੇਅ ਚੈਨਲ ਹੈ, ਇਸ ਨੇ ਆਪਣਾ ਜੋ ਨੈਟਵਰਕ ਵਿਛਾਇਆ ਹੈ, ਇਸ ਨਾਲ ਕਿੰਨੇ ਲੋਕਾਂ ਦਾ ਰੁਜ਼ਗਾਰ ਮਾਰ ਕੇ ਇੱਕ ਬੰਦੇ ਨੂੰ ਦਿੱਤਾ ਗਿਆ ਹੈ ? ਕਿੰਨੇ ਬੰਦਿਆਂ ਨੂੰ ਬੇਰੁਜ਼ਗਾਰ ਕੀਤਾ ਗਿਆ ਹੈ? ਘਰੋਂ ਬਾਹਰ ਕੀਤਾ ?

**ਸਥਾਨਕ ਸਰਕਾਰ ਮੰਤਰੀ :** ਸਪੀਕਰ ਸਾਹਿਬ, ਇਹ ਬਹੁਤ ਵੱਡਾ ਸਵਾਲ ਹੈ । ਇਹ ਬਹੁਤ ਹੀ ਅਹਿਮ ਸਵਾਲ ਹੈ । ਜੇ ਸਟੇਟ ਕੋਲ ਕੇਬਲ ਹੋਵੇ ਤਾਂ ਮੈਂ ਛਾਤੀ ਠੋਕ ਕੇ, ਡੰਕੇ ਦੀ ਚੋਟ ਤੇ ਕਹਿੰਦਾ ਹਾਂ ਕਿ ਅਸੀਂ ਇੱਕ ਲੱਖ ਪੰਜਾਬ ਦੇ ਨੌਜਵਾਨਾਂ ਨੂੰ ਰੁਜ਼ਗਾਰ ਦੇ ਸਕਦੇ ਹਾਂ । (ਥੰਪਿੰਗ) ਅਗਰ ਇਹ ਸਟੇਟ ਦੇ ਅੰਡਰ ਹੁੰਦੀ । ਚੀਫ ਮਨਿਸਟਰ ਸਾਹਿਬ ਕੋਲ ਅਧਿਕਾਰ ਹੈ । ਅਸੀਂ ਪੜ੍ਹੇ ਲਿਖੇ ਬੰਦੇ ਹਾਂ, ਸਾਨੂੰ ਇੰਨੀ ਕੁ ਸਮਝ ਹੈ ਕਿ ਜੀ.ਐਸ.ਟੀ. ਲੱਗਣ ਤੋਂ ਬਾਅਦ ਸਾਰੇ ਟੈਕਸ ਸਬਸਿਊਮ ਹੋ ਗਏ ਲੇਕਿਨ ਲੋਕਲ ਸੈਲਫ ਗੌਰਮਿੰਟ ਜਿਹੜਾ ਕਿ ਕੈਪਟਨ ਅਮਰਿੰਦਰ ਸਿੰਘ ਜੀ ਨੇ ਨਵਜੋਤ ਸਿੰਘ ਸਿੱਧੂ ਨੂੰ ਦਿੱਤਾ ਹੈ, ਉਹ ਐਂਟਰਟੇਨਮੈਂਟ ਟੈਕਸ ਔਰ ਅਮਿਊਜ਼ਮੈਂਟ ਟੈਕਸ ਲਗਾ ਸਕਦਾ ਹੈ । ਬਕਾਇਦਾ ਲਗਾ ਸਕਦਾ ਹਾਂ, ਰੁਜ਼ਗਾਰ ਦੇ ਸਕਦੇ ਹਾਂ ਔਰ ਸਟੇਟ ਦੀ ਇਨਕਮ ਨੂੰ ਹਰ ਮਹੀਨੇ 25 ਕਰੋੜ ਰੁਪਿਆ ਵੀ ਦੇ ਸਕਦੇ ਹਾਂ । ਦੇਖੋ, ਇਨ੍ਹਾਂ ਨੇ ਸਾਡੇ ਸੂਬੇ ਦਾ, ਸਾਡੇ ਇਮਾਨ ਦਾ ਕੀ ਹਸ਼ਰ ਕਰ ਦਿੱਤਾ । ਭਗਤ ਸਿੰਘ ਹੁਰਾਂ ਦੀ ਗੱਲ ਮੈਨੂੰ ਯਾਦ ਆਉਂਦੀ ਹੈ :

ਪਗੜੀ ਸੰਭਾਲ ਜੱਟਾ, ਪਗੜੀ ਸੰਭਾਲ ਓਏ ।।
ਵੈਰੀਆਂ ਨੇ ਅੱਜ ਤੇਰਾ ਲੁੱਟ ਲਿਆ ਮਾਲ ਓਏ ।

ਇਨ੍ਹਾਂ ਨੇ ਸੂਬਾ ਖਤਮ ਕਰ ਦਿੱਤਾ । ਮੈਂ ਖੂਨ ਦੇ ਹੰਝੂ ਰੋਂਦਾ ਹਾਂ । ਲੇਕਿਨ ਉਸ ਚੀਜ਼ ਨੂੰ ਜਾਣ ਕੇ ਉਸ ਤੇ ਅਮਲ ਨਾ ਕਰਨਾ, ਇਹ ਕਾਇਰਤਾ ਦਾ ਆਭਾਸ ਹੈ, to know what is right and not to do, it is worst cowardice. ਕੈਪਟਨ ਅਮਰਿੰਦਰ ਸਿੰਘ ਦੀ ਸਰਕਾਰ ਬਹਾਦਰਾਂ ਦੀ ਸਰਕਾਰ ਹੈ । ਅਸੀਂ ਇਸ ਤੇ ਜ਼ਰੂਰ ਕਾਰਵਾਈ ਕਰਾਂਗੇ । ਜੋ ਚੀਜ਼ਾਂ ਮੇਰੇ ਅੰਡਰ ਆਉਂਦੀਆਂ ਹਨ, ਜਿਵੇਂ ਮੈਨ ਹੋਲ, ਸੜਕ ਕੱਟਣ ਵਾਲਾ ਕੰਮ, ਉਹ ਮੈਂ ਕਰਾਂਗਾ । (ਵਿਘਨ)

(ਇਸ ਸਮੇਂ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਮੈਂਬਰ, ਸਰਦਾਰ ਸੁਖਜਿੰਦਰ ਸਿੰਘ ਰੰਧਾਵਾ ਬੋਲਣ ਲਈ ਸਮੇਂ ਦੀ ਮੰਗ ਕਰ ਰਹੇ ਸਨ ।)

**ਮਾਨਯੋਗ ਸਪੀਕਰ :** ਰੰਧਾਵਾ ਜੀ, ਇਹ ਸਿਲਸਿਲਾ ਫਿਰ ਖਤਮ ਨਹੀਂ ਹੋਣਾ ।

**ਸਰਦਾਰ ਸੁਖਜਿੰਦਰ ਸਿੰਘ ਰੰਧਾਵਾ :** ਸਪੀਕਰ ਸਾਹਿਬ, ਮੈਂ ਪੁੱਛਣਾ ਚਾਹੁੰਦਾ ਹਾਂ ਕਿ ਜਦੋਂ ਪੀ.ਟੀ.ਸੀ. ਅਤੇ ਫਾਸਟ ਵੇਅ ਨੂੰ ਪੰਜਾਬ ਵਿੱਚ ਇੰਟਰੋਡਿਊਸ ਕੀਤਾ, ਉਸ ਵੇਲੇ

ਡਾਇਰੈਕਟਰ ਕੌਣ ਸਨ ਤੇ ਅੱਜ ਇਸ ਦੇ ਡਾਇਰੈਕਟਰ ਕੌਣ ਹਨ ? ਅੱਜ ਤੱਕ ਜੋ ਉਨ੍ਹਾਂ ਨੇ ਦੱਸਣ ਮੁਤਾਬਿਕ ਇਲਲੀਗਲ ਕੰਮ ਕੀਤੇ ਗਏ ਹਨ ਔਰ ਜਿਹੜੇ ਡਾਇਰੈਕਟਰਜ਼ ਜੋ ਪਹਿਲੇ ਸਨ ਤੇ ਬਾਅਦ ਵਿੱਚ ਜੋ ਆਏ, ਕੀ ਉਨ੍ਹਾਂ ਅਗੇਂਸਟ ਇਨ੍ਹਾਂ ਦਾ ਡਿਪਾਰਟਮੈਂਟ ਇਨਕੁਆਰੀ ਸ਼ੁਰੂ ਕਰੇਗਾ ? ਮੈਂ ਇਹ ਵੀ ਕਲੈਰੀਫਿਕੇਸ਼ਨ ਦੇਣੀ ਚਾਹੁੰਦਾ ਹਾਂ ਕਿ ਸੁਪਰੀਮ ਕੋਰਟ ਦੇ ਹੁਕਮਾਂ ਮੁਤਾਬਿਕ ਪਹਿਲਾਂ ਐਫ.ਆਈ.ਆਰ. ਦਰਜ ਹੁੰਦੀ ਹੈ, ਬਾਅਦ ਵਿੱਚ ਇਨਕੁਆਰੀ ਹੁੰਦੀ ਹੈ । ਇਹ ਕਿਤੇ ਪੁਲਿਸ ਦੇ ਗੇੜ ਵਿੱਚ ਨਾ ਆ ਜਾਣ ਕਿ ਪਹਿਲਾਂ ਇਨਕੁਆਰੀ ਹੋਵੇਗੀ, ਫਿਰ ਐਫ.ਆਈ.ਆਰ. ਹੋਵੇਗੀ। ਇਹ ਨਹੀਂ ਹੋਣੀ ਚਾਹੀਦੀ ।

**ਮਾਨਯੋਗ ਸਪੀਕਰ :** ਹਾਂ ਜੀ, ਸਿੱਧੂ ਸਾਹਿਬ, ਕੁਝ ਹੋਰ ਰਹਿ ਗਿਆ ਹੈ ।

**ਸਥਾਨਕ ਸਰਕਾਰ ਮੰਤਰੀ :** ਵੇਖੋ ਜੀ, ਤੁਸੀਂ ਜੇ ਇਹ ਸੋਚੋ, ਮੈਂ ਤਾਂ ਇੱਕ ਗੱਲ ਮੰਨਦਾ ਹਾਂ ਕਿ ਲੋਕਤੰਤਰ ਵਿੱਚ ਰਾਜ ਲੋਕਾਂ ਦਾ ਹੈ ਤੇ ਉਨ੍ਹਾਂ ਨੇ ਹੀ ਅੱਗੇ ਆਪਣੇ ਐਮ.ਐਲ.ਏ. ਸਾਹਿਬਾਨਾਂ ਨੂੰ ਦਿੱਤਾ ਹੋਇਆ ਹੈ । ਮੇਰੇ ਲਈ ਇਹ ਰੱਬ ਹਨ। ਅਗਰ ਇੱਕ ਬੰਦਾ ਖੜ੍ਹਾ ਹੁੰਦਾ ਹੈ ਤਾਂ ਉਹ ਇੱਕ ਬੰਦਾ ਨਹੀਂ ਬੋਲ ਰਿਹਾ, ਉਸ ਸਮੇਂ ਦੋ ਲੱਖ ਪੰਜਾਬ ਦਾ ਬੰਦਾ ਬੋਲ ਰਿਹਾ ਹੁੰਦਾ ਹੈ । (ਥੰਪਿੰਗ) ਇਨ੍ਹਾਂ ਨੇ ਲੋਕਤੰਤਰ ਦੀ ਅਹਿਮੀਅਤ ਖਤਮ ਕਰ ਦਿੱਤੀ ਔਰ ਲੋਕਾਂ ਦੇ ਜਿਹੜੇ ਚੁਣੇ ਹੋਏ ਨੁਮਾਇੰਦੇ ਹਨ, ਉਨ੍ਹਾਂ ਨੂੰ ਇੱਜ਼ਤ ਦੇਣੀ ਬੰਦ ਕਰ ਦਿੱਤੀ । ਇਹ ਤਾਂ ਮੇਰੀ ਪੱਗ ਦੇ ਲੜ ਹਨ। ਸਰ, ਮੈਂ ਤੁਹਾਡੇ ਸਾਹਮਣੇ ਹੀ ਰੱਖ ਦੇਵਾਂਗਾ, ਮੈਨੂੰ ਤਾਂ ਤੁਸੀਂ ਕੱਲ੍ਹ ਕਿਹਾ ਅਤੇ ਮੈਂ ਐਨੇ ਕਾਗਜ਼ ਲੈ ਆਇਆ ਹਾਂ। ਜੇ ਮੈਂ ਇੱਕ ਦਿਨ ਵਿੱਚ ਐਨੇ ਲੈ ਆਇਆ ਤਾਂ ਇੱਕ ਹਫਤੇ ਵਿੱਚ ਮੈਂ ਸਾਰੇ ਪੋਤੜੇ ਖੋਲ੍ਹ ਦੇਵਾਂਗਾ ਜੀ। ਸਪੀਕਰ ਸਾਹਿਬ, ਮੈਂ ਅੱਗੇ ਤੁਹਾਨੂੰ ਦੱਸਣਾ ਚਾਹੁੰਦਾ ਹਾਂ ਉਹ ਮੈਨ ਹੋਲਾਂ ਦੀ ਗੱਲ ਹੈ। ਪੰਜਾਬ ਦੇ ਵਿੱਚ 1100 ਕਿਲੋਮੀਟਰ ਤਾਰਾਂ ਦਾ ਜਾਲ ਵਿਛਾਇਆ ਗਿਆ ਹੈ ਪਰ ਕੋਈ ਪੈਸਾ ਸਰਕਾਰ ਨੂੰ ਨਹੀਂ ਦਿੱਤਾ, ਜੋ ਕਿ ਸਿੱਧੇ ਤੌਰ ਦੇ ਉਤੇ ਦੇਸ਼ ਦੀ ਸਕਿਉਰਿਟੀ ਨੂੰ ਖਤਰਾ ਹੈ। ਬਿਨਾਂ ਇਜਾਜ਼ਤ ਦੇ ਤਾਰਾਂ ਪਾਉਣ ਤੇ ਪੁਲਿਸ ਦਾ ਪਰਚਾ ਹੁੰਦਾ ਹੈ। ਸਰਕਾਰ ਦੇ ਤਕਰੀਬਨ 83 ਕਰੋੜ ਰੁਪਏ, ਵਿਆਜ ਪਾ ਕੇ 180 ਕਰੋੜ ਰੁਪਏ ਦੀ ਵਸੂਲੀ ਬਾਕੀ ਹੈ ਜੋ ਕਿ ਸਰਕਾਰ ਨੂੰ ਚੂਨਾ ਲਗਾਇਆ ਗਿਆ ਹੈ। ਅਖੀਰ ਦੇ ਵਿੱਚ, ਬਿਜਲੀ ਦੇ ਖੰਭਿਆਂ ਉਪਰ ਤਾਰਾਂ ਦੇ ਖਰਚੇ। ਇਹ ਮੁੱਕਣੇ ਹੀ ਨਹੀਂ ਜੀ, ਇਹ ਤੇ ਵੱਟ ਨਿਕਲ ਜਾਣੇ ਹਨ।

**ਮਾਨਯੋਗ ਸਪੀਕਰ :** ਬੈਠੋ ਹੁਣ।

**ਸਥਾਨਕ ਸਰਕਾਰ ਮੰਤਰੀ :** ਨਹੀਂ, ਨਹੀਂ ਜੀ। ਹਾਲੇ ਕਿਉਂ ਬੈਠਾਂ ਜੀ, ਅਜੇ ਤਾਂ ਮੈਂ ਪੂਰਾ ਦੱਸਣਾ ਹੈ ਜੀ। ਸਦਨ ਦੇ ਰਿਕਾਰਡ ਤੇ ਲਿਆਉਣਾ ਹੈ ਜੀ। ਦੱਸ ਦਿਆਂ ਜੀ। ਬੱਸ ਇੱਕ ਮਿੰਟ ਵਿੱਚ ਹੀ ਗੱਲ ਖਤਮ ਕਰ ਦੇਣੀ ਹੈ। ਮੈਂ ਤਾਂ ਸਾਗਰ ਗਾਗਰ ਵਿੱਚ ਪਾ ਦੇਵਾਂਗਾ, ਫਿਕਰ ਨਾ ਕਰੋ। ਬਿਜਲੀ ਦੇ ਖੰਭਿਆਂ ਉਪਰ ਤਾਰਾਂ ਦੇ ਖਰਚੇ। ਪੰਜਾਬ ਬਿਜਲੀ ਬੋਰਡ ਦੇ ਖੰਭਿਆਂ ਤੇ ਕੇਬਲ ਦੀਆਂ ਤਾਰਾਂ ਹਰ ਸ਼ਹਿਰ ਅਤੇ ਪਿੰਡ ਦੇ ਵਿੱਚ ਪਾਈਆਂ ਗਈਆਂ

[ ਸਥਾਨਕ ਸਰਕਾਰ ਮੰਤਰੀ ]

ਹਨ। ਇਹ ਮੇਰਾ ਹੀ ਮਸਲਾ ਨਹੀਂ ਜੀ। ਇਹ ਤ੍ਰਿਪਤ ਬਾਜਵਾ ਜੀ ਦਾ ਵੀ ਮਸਲਾ ਹੈ ਕਿਉਂਕਿ ਪਿੰਡਾਂ ਦੇ ਵਿੱਚ ਵੀ ਕੇਬਲ ਹਨ, ਪਿੰਡਾਂ ਦੇ ਵਿੱਚ ਵੀ ਇਹੀ ਧੋਖਾਧੜੀ ਹੈ। ਮੈਂ ਤਾਂ ਅਜੇ ਸ਼ਹਿਰਾਂ ਦੀ ਗੱਲ ਕਰ ਰਿਹਾ ਹਾਂ ਅਤੇ ਜੇ ਪਿੰਡਾਂ ਦੀ ਮਿਲਾ ਲਵੋ ਫਿਰ ਤਾਂ ਤੁਸੀਂ ਸੋਚ ਲਵੋ ਕਿ ਇਨ੍ਹਾਂ ਦਾ ਕਿੰਨਾ ਕੁ ਹਿਸਾਬ-ਕਿਤਾਬ ਬਣਦਾ ਹੈ। ਪੰਜਾਬ ਬਿਜਲੀ ਬੋਰਡ ਦੇ ਖੰਭਿਆਂ ਤੇ ਕੇਬਲ ਦੀਆਂ ਤਾਰਾਂ ਹਰ ਸ਼ਹਿਰ ਅਤੇ ਪਿੰਡ ਦੇ ਵਿੱਚ ਪਾਈਆਂ ਗਈਆਂ ਹਨ। ਇਸ ਦੇ ਲਈ ਸਰਕਾਰ ਨੂੰ ਸੌ ਰੁਪਏ ਪ੍ਰਤੀ ਖੰਭਾ ਖਰਚਾ ਦੇਣਾ ਹੁੰਦਾ ਹੈ। ਪ੍ਰਤੀ ਖੰਭਾ ਸਰਕਾਰ ਨੂੰ 100 ਰੁਪਏ ਦੇਣਾ ਹੁੰਦਾ ਹੈ ਜੀ। ਪੰਜਾਬ ਵਿੱਚ ਤਕਰੀਬਨ 3,25,000 ਪੋਲ ਵਰਤੇ ਜਾ ਰਹੇ ਹਨ ਪਰ ਕੋਈ ਪੈਸਾ ਸਰਕਾਰ ਨੂੰ ਨਹੀਂ ਦਿੱਤਾ ਗਿਆ ਹੈ। (ਸ਼ੇਮ ਸ਼ੇਮ ਦੀਆਂ ਅਵਾਜ਼ਾਂ) ਕੋਈ ਪੈਸਾ ਸਰਕਾਰ ਨੂੰ ਨਹੀਂ ਦਿੱਤਾ ਗਿਆ।

**ਮਾਨਯੋਗ ਸਪੀਕਰ :** ਤੁਸੀਂ ਬੈਠੋ।

**ਸਥਾਨਕ ਸਰਕਾਰ ਮੰਤਰੀ :** ਨਹੀਂ ਜੀ, ਨਹੀਂ। ਲਾਸਟ ਲਾਈਨ ਹੈ, ਫਿਰ ਮੈਂ ਬੈਠ ਜਾਂਦਾ ਹਾਂ ਜੀ। ਮਤਲਬ ਅਜੇ ਤਾਂ ਸਾਡੀ ਸਰਕਾਰ ਬਣੀ ਹੈ ਜੀ, ਅਜੇ ਤਾਂ ਪਾਰਟੀ ਸ਼ੁਰੂ ਹੋਈ ਹੈ।

**ਮਾਨਯੋਗ ਸਪੀਕਰ :** ਬੈਠੋ, ਬੈਠੋ ਹੁਣ। ਗੱਲ ਮੁਕਾਓ ਹੁਣ। ਕਨਕਲੂਡ ਕਰੋ।

**ਸਥਾਨਕ ਸਰਕਾਰ ਮੰਤਰੀ :** ਸਪੀਕਰ ਸਾਹਿਬ, ਇਸ ਤਰ੍ਹਾਂ ਬਿਜਲੀ ਬੋਰਡ ਨੂੰ ਹੁਣ ਤੱਕ 30 ਕਰੋੜ ਰੁਪਏ ਦਾ ਚੂਨਾ ਲਗਾਇਆ ਗਿਆ ਹੈ। ਸਪੀਕਰ ਸਾਹਿਬ, ਇਸ ਤੇ 300 ਫੀਸਦੀ ਜ਼ੁਰਮਾਨਾ ਲਗਦਾ ਹੈ। ਇਸ ਤੇ 300 ਫੀਸਦੀ ਜ਼ੁਰਮਾਨਾ ਅਤੇ ਵਿਆਜ ਵੱਖਰਾ ਹੈ। ਕੁੱਲ ਰਾਸ਼ੀ ਲਗਭਗ 100 ਕਰੋੜ ਰੁਪਏ ਦੀ ਬਣਦੀ ਹੈ। ਟੋਟਲ amount to be recovered comes to 684 crore rupees. ਸਪੀਕਰ ਸਾਹਿਬ, ਇਹ 684 ਕਰੋੜ ਰੁਪਏ ਹੀ ਨਹੀਂ ਹਨ। ਪੰਜਾਬ ਇਸ ਕਰਕੇ ਮਰਿਆ ਹੈ ਕਿਉਂਕਿ ਅਸੀਂ ਸੈਂਟਰ ਤੋਂ ਪੈਸੇ ਨਹੀਂ ਲੈ ਸਕੇ। ਜੇ ਸੈਂਟਰ ਸਾਨੂੰ ਇਹ ਕਹਿੰਦਾ ਹੈ ਕਿ ਤੁਸੀਂ ਮੈਨੂੰ 50 ਪੈਸੇ ਦਿਓ ਮੈਂ ਤੁਹਾਨੂੰ ਇੱਕ ਰੁਪਿਆ ਦਿੰਦਾ ਹਾਂ ਅਤੇ ਜੇ ਤੁਸੀਂ ਮੈਨੂੰ 500 ਕਰੋੜ ਰੁਪਿਆ ਦਿਓ ਤਾਂ ਮੈਂ ਤੁਹਾਨੂੰ 1000 ਕਰੋੜ ਰੁਪਿਆ ਦਿੰਦਾ ਹਾਂ ਅਤੇ ਜੇਕਰ ਇਹ 684 ਕਰੋੜ ਰੁਪਏ ਟਾਈਮ ਦੇ ਉਤੇ ਆਏ ਹੁੰਦੇ ਤਾਂ ਪੰਜਾਬ ਸਰਕਾਰ ਕੋਲ ਅੱਜ 1300 ਕਰੋੜ ਰੁਪਿਆ ਹੁੰਦਾ। ਇਸ ਕਰਕੇ ਇਹ ਬਹੁਤ ਵੱਡੀਆਂ ਚੋਰੀਆਂ ਹਨ। ਸਾਡੇ ਨੌਜਵਾਨਾਂ ਨਾਲ ਧੱਕਾ ਹੋਇਆ ਹੈ। ਸਾਰੇ ਮੁਨਾਫੇ, ਇਸ ਤਰ੍ਹਾਂ ਦੀ ਇੱਕ ਸਾਜਿਸ਼ ਰਚੀ ਗਈ ਹੈ ਕਿ ਸਾਰੇ aye aye ਕਰ ਕਰਾ ਕੇ ਇੱਕ ਇਹੋ ਜਿਹਾ ਬੋਰਡ ਬਣਾ ਦਿਓ, ਉਥੇ ਸਾਰੇ ਪੈਸੇ ਇਕੱਠੇ ਕਰ ਲਵੋ ਅਤੇ ਉਥੋਂ ਫੁਰਰਰਰਰਰ।

**ਮਾਨਯੋਗ ਸਪੀਕਰ :** ਤੁਸੀਂ ਬੈਠੋ, ਬੈਠੋ ਜੀ।

**ਸਥਾਨਕ ਸਰਕਾਰ ਮੰਤਰੀ :** ਕਿੱਧਰ ਨੂੰ ਗਏ ਕਿਸੇ ਨੂੰ ਕੁਝ ਨਹੀਂ ਪਤਾ।

**ਮਾਨਯੋਗ ਸਪੀਕਰ :** ਬੈਠੋ ਪਲੀਜ਼। ਪਲੀਜ਼ ਬੈਠੋ ਹੁਣ, ਪਲੀਜ਼ ਬੈਠੋ। ਪੰਜਾਬ ਵਿਧਾਨ ਸਭਾ ਦੇ ਇਸ ਪਵਿੱਤਰ ਸਦਨ ਦੇ ਹਾਜ਼ਰ ਮੈਂਬਰਾਂ ਦਾ ਮੈਂ ਬਹੁਤ ਬਹੁਤ ਧੰਨਵਾਦ ਕਰਦਾ ਹਾਂ...

**ਸਥਾਨਕ ਸਰਕਾਰ ਮੰਤਰੀ :** ਜਿਹੜੇ ਮੇਰੇ ਮਹਿਕਮੇ ਦੇ ਹਨ, ਮੈਂ ਇਨਕੁਆਇਰੀ ਕਰਾਵਾਂਗਾ।

**ਮਾਨਯੋਗ ਸਪੀਕਰ :** ਬੈਠੋ ਹੁਣ, ਬੈਠੋ।

**ਸਥਾਨਕ ਸਰਕਾਰ ਮੰਤਰੀ :** ਮੈਂ ਆਨਰੇਬਲ ਮੈਂਬਰ ਸਾਹਿਬ ਨੂੰ ਕਹਿਣਾ ਚਾਹੁੰਦਾ ਹਾਂ ਕਿ ਚੀਫ ਮਨਿਸਟਰ ਸਾਹਿਬ ਨੂੰ ਲਿਖਤ ਭੇਜਣ ਔਰ ਇਸ ਦੀ ਵਿਜੀਲੈਂਸ ਇਨਕੁਆਇਰੀ ਹੋਵੇ ਔਰ ਪੁੱਠੇ ਟੰਗੋ ਜਿਹੜੇ ਦੋਸ਼ੀ ਹਨ।

**ਮਾਨਯੋਗ ਸਪੀਕਰ :** ਬੈਠੋ ਜੀ, ਬੈਠੋ ਹੁਣ। ਮੈਂ ਪੰਜਾਬ ਵਿਧਾਨ ਸਭਾ ਦੇ ਇਸ ਪਵਿੱਤਰ ਸਦਨ ਦੇ ਹਾਜ਼ਰ ਮੈਂਬਰਾਂ ਦਾ ਬਹੁਤ ਬਹੁਤ ਧੰਨਵਾਦ ਕਰਦਾ ਹਾਂ ਕਿ ਜਿਨ੍ਹਾਂ ਨੇ ਇਸ ਪਵਿੱਤਰ ਸਦਨ ਦੀ ਕਾਰਵਾਈ ਸੁਚਾਰੂ ਰੂਪ ਵਿੱਚ ਚਲਾਉਣ ਲਈ ਮੈਨੂੰ ਆਪਣਾ ਪੂਰਨ ਸਹਿਯੋਗ ਦਿੱਤਾ ਅਤੇ ਸੂਬੇ ਦੇ ਲੋਕਾਂ ਦੇ ਜਜ਼ਬਾਤਾਂ ਦੀ ਤਰਜਮਾਨੀ ਅਤੇ ਦਰਪੇਸ਼ ਮੁਸ਼ਕਲਾਂ ਨੂੰ ਇਸ ਅਜ਼ੀਮ ਸਦਨ ਵਿੱਚ ਉਠਾਇਆ, ਸਾਰਿਆਂ ਦਾ ਬਹੁਤ ਬਹੁਤ ਧੰਨਵਾਦ। ਬਹੁਤ ਚੰਗਾ ਹੁੰਦਾ ਜੇਕਰ ਅਜਿਹਾ ਸਹਿਯੋਗ ਵਿਰੋਧੀ ਧਿਰ ਵੱਲੋਂ ਵੀ ਮਿਲਿਆ ਹੁੰਦਾ।

ਹੁਣ, ਸਦਨ ਅਣਮਿਥੇ ਸਮੇਂ ਲਈ ਸਥਗਿਤ ਹੁੰਦਾ ਹੈ।

*1.24 ਵਜੇ ਬਾਅਦ ਦੁਪਹਿਰ (*ਇਸ ਸਮੇਂ ਸਦਨ ਅਣਮਿਥੇ ਸਮੇਂ ਲਈ ਸਥਗਿਤ ਹੋ ਗਿਆ।)

-------

# APPENDIX

# TO

# PUNJAB VIDHAN SABHA

# DEBATES

*Friday, the 23rd June, 2017*

*Vol. II-No. 8*

## STARRED QUESTION AND ANSWER

***523 ਸ਼੍ਰੀ ਅਮਿਤ ਵਿਜ :** ਕੀ ਸਥਾਨਕ ਸਰਕਾਰ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ ਨਗਰ ਪਾਲਿਕਾ ਪਠਾਨਕੋਟ ਨੂੰ ਅੱਪਗ੍ਰੇਡ ਕਰਕੇ ਨਗਰ ਨਿਗਮ ਬਣਾਉਣ ਤੋਂ ਬਾਅਦ ਵੀ ਉਥੇ ਮੁੱਢਲੀਆਂ ਸਹੂਲਤਾਂ ਉਪਲਬਧ ਨਹੀਂ ਹਨ; ਜੇਕਰ ਅਜਿਹਾ ਹੋਵੇ ਤਾਂ ਸ਼ਹਿਰ ਵਿੱਚ ਗਲੀਆਂ ਅਤੇ ਸੜਕਾਂ ਬਣਾਉਣ ਅਤੇ ਪੀਣ ਵਾਲੇ ਪਾਣੀ ਦੀ ਸਪਲਾਈ ਲਈ ਪਾਈਪਾਂ ਆਦਿ ਦੇ ਕੰਮ ਲਈ ਲੋੜੀਂਦੇ ਫੰਡ ਕਦੋਂ ਤੱਕ ਮੁਹੱਈਆ ਕਰਵਾ ਦਿੱਤੇ ਜਾਣਗੇ?

**ਸਰਦਾਰ ਨਵਜੋਤ ਸਿੰਘ ਸਿੱਧੂ :** ਪਠਾਨਕੋਟ ਸ਼ਹਿਰ ਵਿੱਚ ਇਸ ਸ਼ਮੇਂ ਵਾਟਰ ਸਪਲਾਈ ਦੀ 75% ਅਤੇ ਸੀਵਰੇਜ਼ ਦੀ 74% ਅਬਾਦੀ ਨੂੰ ਸਹੂਲਤਾਂ ਪ੍ਰਦਾਨ ਹਨ। ਨਗਰ ਨਿਗਮ ਪਠਾਨਕੋਟ ਸ਼ਹਿਰ ਦੀ ਹੱਦ ਵੱਧ ਜਾਣ ਕਾਰਨ ਨਾਲ ਲਗਦੇ 16 ਪਿੰਡ ਸ਼ਹਿਰ ਦੀ ਹਦੂਦ ਅੰਦਰ ਆ ਗਏ ਹਨ। ਪਠਾਨਕੋਟ ਸ਼ਹਿਰ ਨੂੰ 100% ਵਾਟਰ ਸਪਲਾਈ ਅਤੇ ਸੀਵਰੇਜ਼ ਦੀ ਸਹੂਲਤਾਂ ਪ੍ਰਦਾਨ ਕਰਨ ਲਈ ਭਾਰਤ ਸਰਕਾਰ ਦੀ ਅਮਰੁਤ ਸਕੀਮ ਅਧੀਨ ਚੁਣਿਆ ਗਿਆ ਹੈ, ਜਿਸ ਤਹਿਤ ਲਗਭਗ 163.00 ਕਰੋੜ ਰੁਪਏ ਦੇ ਕੰਮ ਕਰਵਾਉਣ ਦੀ ਯੋਜਨਾ ਹੈ। ਇਸ ਮੰਤਵ ਲਈ ਪਹਿਲੇ ਪੜਾਅ ਦੀ 7.25 ਕਰੋੜ ਦੀ ਡੀ.ਪੀ.ਆਰ. ਪ੍ਰਵਾਨ ਹੋ ਚੁੱਕੀ ਹੈ, ਜਿਸ ਤਹਿਤ 15 ਨੰਬਰ ਟਿਊਬਵੈੱਲ, ਉੱਚੇ ਪਾਣੀ ਦੀ ਟੈਂਕੀ (OHSR) ਦੀ ਰਿਪੇਅਰ, ਵਾਟਰ ਸਪਲਾਈ ਅਤੇ ਸੀਵਰ ਦੀਆਂ ਲਾਈਨਾਂ ਬਦਲਣ ਦਾ ਕੰਮ ਕੀਤਾ ਜਾਣਾ ਹੈ। ਇਹ ਕੰਮ ਅਲਾਟ ਹੋ ਚੁੱਕੇ ਹਨ ਜਿਸ ਵਿਚੋਂ ਹੁਣ ਤੱਕ 6 ਨੰਬਰ ਟਿਊਬਵੈੱਲ ਬੋਰ ਹੋ ਚੁੱਕੇ ਹਨ ਅਤੇ 1870 ਮੀਟਰ ਵਾਟਰ ਸਪਲਾਈ ਲਾਈਨ ਬਦਲੀ ਜਾ ਚੁੱਕੀ ਹੈ ਇਸ ਕੰਮ ਲਈ ਹੁਣ ਤੱਕ 1.00 ਕਰੋੜ ਰੁਪਏ ਫੰਡਜ਼ ਪ੍ਰਾਪਤ ਹੋਏ ਹਨ ਜੋ ਖਰਚ ਹੋ ਚੁੱਕੇ ਹਨ। ਸ਼ਹਿਰ ਵਿੱਚ ਬਾਕੀ ਰਹਿੰਦੇ ਏਰੀਆ ਵਿੱਚ ਵਾਟਰ ਸਪਲਾਈ ਅਤੇ ਸੀਵਰੇਜ਼ ਸਮੇਤ ਘਰਾਂ ਦੇ ਕੁਨੈਕਸ਼ਨ ਅਤੇ ਸੜਕਾਂ ਦੀ ਮੁਰੰਮਤ ਦਾ ਕੰਮ ਕਰਨ ਲਈ ਦੂਜੇ ਪੜਾਅ ਦੀ ਡੀ.ਪੀ.ਆਰ. ਬਣਾਈ ਜਾਂ ਰਹੀ ਹੈ।

-------

## UNSTARRED QUESTION AND ANSWER

**65. ਸਰਦਾਰ ਮਨਜੀਤ ਸਿੰਘ :** ਕੀ ਸਿੱਖਿਆ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ ਜ਼ਿਲ੍ਹਾ ਮੋਗਾ ਦੇ ਸਰਕਾਰੀ ਪ੍ਰਾਇਮਰੀ ਸਕੂਲਾਂ ਵਿੱਚ ਵਿਦਿਆਰਥੀਆਂ ਨੂੰ ਵੱਖ ਵੱਖ ਵਿਸ਼ਿਆਂ ਉੱਤੇ ਕਿਤਾਬਾਂ ਸਰਕਾਰ ਵੱਲੋਂ ਦਿੱਤੀਆਂ ਜਾਂਦੀਆਂ ਹਨ; ਜੇਕਰ ਅਜਿਹਾ ਹੈ ਤਾਂ ਕੀ ਮਿਤੀ 15.5.2017 ਤੱਕ ਇਹ ਕਿਤਾਬਾਂ ਸਾਰੇ ਸਕੂਲਾਂ ਵਿੱਚ ਦੇ ਦਿੱਤੀਆਂ ਗਈਆਂ ਹਨ ?

**ਸ਼੍ਰੀਮਤੀ ਅਰੁਨਾ ਚੌਧਰੀ :** ਹਾਂ ਜੀ, ਜ਼ਿਲ੍ਹਾ ਮੋਗਾ ਦੇ ਸਰਕਾਰੀ ਪ੍ਰਾਇਮਰੀ ਸਕੂਲਾਂ ਵਿੱਚ ਵਿਦਿਆਰਥੀਆਂ ਨੂੰ ਵੱਖ ਵੱਖ ਵਿਸ਼ਿਆਂ ਉੱਤੇ ਪਾਠ ਪੁਸਤਕਾਂ ਸਰਕਾਰ ਵੱਲੋਂ ਮੁਹੱਈਆ ਕਰਵਾਈਆਂ ਜਾਂਦੀਆਂ ਹਨ।

ਮਿਤੀ 15.5.2017 ਤੱਕ ਜ਼ਿਲ੍ਹਾ ਮੋਗਾ ਦੇ ਸਰਕਾਰੀ ਪ੍ਰਾਇਮਰੀ ਸਕੂਲਾਂ ਵਿੱਚ 93,526 ਪੁਸਤਕਾਂ ਸਪਲਾਈ ਕਰ ਦਿੱਤੀਆਂ ਗਈਆਂ ਹਨ ਅਤੇ ਬਕਾਇਆ 71,509 ਪੁਸਤਕਾਂ ਨਿਕਟ ਸਮੇਂ ਵਿੱਚ ਮੁਹੱਈਆ ਹੋ ਜਾਣਗੀਆਂ।

-------

© 2017
ਪੰਜਾਬ ਵਿਧਾਨ ਸਭਾ ਸਕੱਤਰੇਤ ਦੇ ਅਧਿਕਾਰ ਹੇਠ ਪ੍ਰਕਾਸ਼ਿਤ ਅਤੇ ਕੰਟਰੋਲਰ, ਛਪਾਈ ਅਤੇ ਲਿਖਣ ਸਮੱਗਰੀ, ਪੰਜਾਬ, ਚੰਡੀਗੜ੍ਹ ਰਾਹੀਂ ਸਰਕਾਰੀ ਪ੍ਰੈਸ, ਐਸ.ਏ.ਐਸ.ਨਗਰ (ਮੁਹਾਲੀ) ਵਿਖੇ ਟਾਈਪਸੈੱਟ ਕਰਵਾ ਕੇ ਛਾਪੀ ਗਈ ।

9474/10-2017/ਪੰਜਾਬ ਸਰਕਾਰ ਪ੍ਰੈਸ, ਐਸ.ਏ.ਐਸ.ਨਗਰ